# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 18 | 02 May 2018 to 08 May 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਅੱਗ ਲੱਗਣ ਕਾਰਨ ਪੰਜਾਬੀ ਪਰਿਵਾਰ ਦੇ ਤਿੰਨ ਜੀਆਂ ਦੀ ਦਰਦਨਾਕ ਮੌਤ

**ਨਿਊਯਾਰਕ/ਬਿਊਰੋ ਨਿਊਜ਼:** ਅਮਰੀਕਾ ਦੀ ਆਰਥਿਕ ਰਾਜਧਾਨੀ ਵਜੋਂ ਜਾਣੇ ਜਾਂਦੇ ਦੇ ਨਿਊਯਾਰਕ ਸ਼ਹਿਰ 'ਚ ਇਕ ਘਰ ਵਿਚ ਬੀਤੇ ਦਿਨੀਂ ਅੱਗ ਲੱਗਣ ਕਾਰਨ ਪੰਜਾਬੀ ਮੂਲ ਦੀ ਇਕ ਮਹਿਲਾ ਤੇ ਉਸ ਦਾਦਾ-ਦਾਦੀ ਦੀ ਮੌਤ ਹੋ ਗਈ ਜਦੋਂ ਕਿ ਔਰਤ ਦੇ ਦੋ ਬੱਚੇ ਜ਼ਖ਼ਮੀ ਹੋ ਗਏ। ਮੀਡੀਆ ਰਿਪੋਰਟ ਅਨੁਸਾਰ ਸਨਿਚਰਵਾਰ ਨੂੰ ਹੋਏ ਇਸ ਹਾਦਸੇ 'ਚ ਹਰਲੀਨ ਮੁਗੂ( ਸਾਲ) ਤੇ ਉਸ ਦੇ ਦਾਦਾ-ਦਾਦੀ ਰਘਵੀਰ ਕੌਰ ਕੈਂਥ (82 ਸਾਲ) ਤੇ ਪਿਆਰਾ ਕੈਂਥ (87 ਸਾਲ) ਦੀ ਮੌਤ ਹੋ ਗਈ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਰਲੀਨ ਦੀ 8 ਸਾਲਾ ਬੇਟੀ ਤੇ 6 ਸਾਲਾ ਬੇਟਾ ਇਮਾਰਤ 'ਚ ਫਸ ਗਏ ਸੀ। ਬਚਾਅ ਕਰਮੀਆਂ ਨੇ ਦੋਹਾਂ ਨੂੰ ਉੱਥੋਂ ਬਾਹਰ ਕੱਢਿਆ। ਨਾਸਾਊ ਯੂਨੀਵਰਸਿਟੀ ਮੈਡੀਕਲ ਸੈਂਟਰ 'ਚ ਭਰਤੀ ਦੋਵੇਂ ਬੱਚਿਆਂ 'ਚੋਂ ਲੜਕੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਜਦੋਂ ਕਿ ਲੜਕੇ ਦੀ ਹਾਲਤ ਸਥਿਰ ਹੈ। ਨਿਊਯਾਰਕ ਸ਼ਹਿਰ ਦੇ ਅੱਗ ਬੁਝਾਊ ਵਿਭਾਗ ਦੇ ਉਪ-ਮੁਖੀ ਮਾਈਕਲ ਗਾਲਾ ਨੇ ਰਿਪੋਰਟ 'ਚ ਦੱਸਿਆ ਕਿ ਘਰ ਵਿਚ 7 ਹੋਰ ਲੋਕ ਵੀ ਮੌਜੂਦ ਸੀ ਜਿਨ੍ਹਾਂ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ। ਇਹ ਸਾਰੇ ਗੰਭੀਰ ਜ਼ਖ਼ਮੀ ਹਨ ਪਰ ਇਨ੍ਹਾਂ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੈ। ਪਰਿਵਾਰ ਦੀ ਇਕ ਕਰੀਬੀ ਰਿਸ਼ਤੇਦਾਰ ਰਣਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਘਰ 'ਚ ਫਸੇ ਲੋਕਾਂ ਦੀਆਂ ਚੀਕਾਂ ਸੁਣੀਆਂ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਦਿਆਲ ਸਿੰਘ ਕਾਲਜ ਦਾ ਨਾਂ ਚੁੱਪ-ਚੁਪੀਤੇ ਬਦਲਿਆ

**ਨਵੀਂ ਦਿੱਲੀ/ਬਿਊਰੋ ਨਿਊਜ਼:** ਦਿਆਲ ਸਿੰਘ ਕਾਲਜ (ਈਵਨਿੰਗ) ਦੀ ਪ੍ਰਬੰਧਕ ਕਮੇਟੀ ਨੇ ਕਾਲਜ ਦਾ ਨਾਂ ਚੁੱਪ-ਚੁਪੀਤੇ ਬਦਲ ਕੇ 'ਵੰਦੇ ਮਾਤਰਮ ਦਿਆਲ ਸਿੰਘ ਕਾਲਜ, ਯੂਨੀਵਰਸਿਟੀ ਆਫ ਦਿੱਲੀ' ਰੱਖ ਦਿੱਤਾ ਹੈ। ਇਸ ਨਾਂ ਦਾ ਬੈਨਰ ਕਾਲਜ ਵਿੱਚ 25 ਅਪਰੈਲ ਨੂੰ ਹੋਏ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਲਾਇਆ ਗਿਆ ਸੀ। ਪਿਛਲੇ ਸਾਲ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੀ ਤਜਵੀਜ਼ ਤੋਂ ਭਾਰੀ ਵਿਵਾਦ ਛਿੜ ਗਿਆ ਸੀ। ਸਰਦਾਰ ਦਿਆਲ ਸਿੰਘ ਮਜੀਠੀਆ ਨੇ 1881 ਵਿੱਚ 'ਦਿ ਟ੍ਰਿਬਿਊਨ', 1894 ਵਿੱਚ ਪੰਜਾਬ ਨੈਸ਼ਨਲ ਬੈਂਕ ਅਤੇ ਇੱਕ ਸਿੱਖਿਆ ਟਰੱਸਟ ਸ਼ੁਰੂ ਕੀਤਾ ਸੀ ਜਿਸ ਤਹਿਤ ਇਹ ਕਾਲਜ ਸਿੱਖਿਆ ਦਾ ਚਾਨਣ ਵੰਡਦਾ ਹੈ।

# ਕੈਪਟਨ ਸਰਕਾਰ ਦਾ ਸਿੱਖ ਵਿਰੋਧੀ ਕਾਰਨਾਮਾ

## *12ਵੀਂ ਦੀ ਪਾਠ ਪੁਸਤਕ 'ਚੋਂ ਪੰਜਾਬ ਤੇ ਗੁਰ-ਇਤਿਹਾਸ ਕੀਤਾ ਗਾਇਬ*

- **ਕਾਂਗਰਸੀਆਂ ਵਲੋਂ ਪੰਜਾਬ ਦੇ ਇਤਿਹਾਸ ਦਾ ਰਾਸ਼ਟਰੀਕਰਨ ਤੇ ਭਗਵਾਂਕਰਨ**
- **ਸਿੱਖ ਗੁਰੂਆਂ ਦੀ ਥਾਂ 'ਲੱਖ ਦਾਤਾ ਪੀਰ' ਬਾਰੇ ਪੜ੍ਹਨਗੇ ਵਿਦਿਆਰਥੀ**
- **ਪਹਿਲਾਂ 11ਵੀਂ ਅਤੇ 12ਵੀਂ ਵਿਚ ਪੜ੍ਹਾਇਆ ਜਾਂਦਾ ਸੀ ਸਿੱਖ ਇਤਿਹਾਸ**




ਚੰਡੀਗੜ੍ਹ/ਬਿਊਰੋ ਨਿਊਜ਼ :
ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਵਿੱਚ ਪੜ੍ਹਾਈ ਜਾਣ ਵਾਲੀ ਇਤਿਹਾਸ ਦੀ ਕਿਤਾਬ ਵਿੱਚੋਂ ਗੁਰੂ ਸਾਹਿਬਾਨ ਅਤੇ ਪੰਜਾਬ ਇਤਿਹਾਸ ਨੂੰ ਅੱਖੋਂ ਪਰੋਖੇ ਕੀਤੇ ਜਾਣ ਦਾ ਮਾਮਲਾ ਦਿਨੋਂ ਦਿਨ ਭਖ਼ਦਾ ਜਾ ਰਿਹਾ ਹੈ ਜਦੋਂ ਕਿ ਸਿੱਖ ਜਥੇਬੰਦੀਆਂ ਤੋਂ ਇਲਾਵਾ ਪੰਜਾਬ ਦੀਆਂ ਮੁੱਖ ਵਿਰੋਧੀ ਪਾਰਟੀਆਂ ਅਕਾਲੀ ਦਲ (ਬਾਦਲ) ਤੇ ਆਮ ਆਦਮੀ ਪਾਰਟੀ ਕੈਪਟਨ ਸਰਕਾਰ ਦੇ ਇਸ ਸਿੱਖ ਵਿਰੋਧੀ ਫੈਸਲੇ ਵਿਰੁਧ ਮੈਦਾਨ ਵਿੱਚ ਡੱਟ ਗਈਆਂ ਹਨ। ਸਕੂਲ ਬੋਰਡ ਦੇ ਨਵੇਂ ਸੈਸ਼ਨ ਲਈ ਛਪਾਈ ਅਧੀਨ ਪੁਸਤਕ ਨੂੰ ਅਜੇ ਵਿਦਿਆਥੀਆਂ ਤੱਕ ਪਹੁੰਚਣ ਲਈ ਭਾਵੇਂ ਕੁਝ ਦਿਨ ਲੱਗਣਗੇ, ਪਰ ਇਸ ਦੀ ਪੀਡੀਐੱਫ ਫਾਈਲ ਨੂੰ ਲੈ ਕੇ ਪੰਜਾਬ ਦੀਆਂ ਵੱਖ ਵੱਖ ਜਥੇਬੰਦੀਆਂ ਵਿੱਚ ਰੋਹ ਭਖਣਾ ਸ਼ੁਰੂ ਹੋ ਚੁੱਕਾ ਹੈ। ਜਦੋਂ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਦੀ ਇਤਿਹਾਸ ਦੀ ਪਾਠ-ਪੁਸਤਕ ਦੇ ਵਿਵਾਦ 'ਤੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਹੈ

ਬਾਕੀ ਸਫ਼ਾ 28 'ਤੇ

## ਕੈਪਟਨ ਕਹਿੰਦਾ : *ਸਾਰੇ ਦੋਸ਼ ਨਿਰਆਧਾਰ*



ਚੰਡੀਗੜ੍ਹ/ਬਿਊਰੋ ਨਿਊਜ਼ : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਦੀ ਇਤਿਹਾਸ ਦੀ ਪਾਠ-ਪੁਸਤਕ ਦੇ ਵਿਵਾਦ 'ਤੇ ਵਿਰੋਧੀ ਧਿਰ ਨੂੰ ਕਰੜੇ ਹੱਥੀਂ ਲੈਂਦਿਆਂ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ। ਉਨ੍ਹਾਂ ਨੇ ਵਿਰੋਧੀ ਧਿਰ ਨੂੰ ਬੇਹੱਦ ਸੰਵੇਦਨਸ਼ੀਲ ਅਤੇ ਧਾਰਮਿਕ ਭਾਵਨਾਵਾਂ ਨਾਲ ਜੁੜੇ ਇਸ ਮੁੱਦੇ 'ਤੇ ਸਿਆਸਤ ਕਰ ਕੇ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਮੁੱਖ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਿਆਨਾਂ ਦੀ ਸਖ਼ਤ ਆਲੋਚਨਾ ਕੀਤੀ। ਮੁੱਖ ਮੰਤਰੀ ਨੇ ਇਸ ਸਬੰਧੀ ਤੱਥਾਂ ਦੀ ਪੁਸ਼ਟੀ ਕੀਤੇ ਬ਼ਗੈਰ ਸਰਕਾਰ ਨੂੰ ਬਦਨਾਮ

ਬਾਕੀ ਸਫ਼ਾ 28 'ਤੇ

## ਝੂਠ ਬੋਲ ਰਿਹੈ ਅਮਰਿੰਦਰ : ਬਾਦਲ



ਚੰਡੀਗੜ੍ਹ/ਬਿਊਰੋ ਨਿਊਜ਼, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਦੀ ਇਤਿਹਾਸ ਦੀ ਪੁਸਤਕ ਵਿੱਚੋਂ ਸਿੱਖ ਇਤਿਹਾਸ ਮਨਫ਼ੀ ਕਰਨ ਦਾ ਫ਼ੈਸਲਾ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਲੈਣ ਦੇ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਝੂਠੇ ਦੋਸ਼ ਲਾ ਰਹੇ ਹਨ। ਇੱਕ ਬਿਆਨ ਰਾਹੀਂ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਸਿੱਖ ਇਤਿਹਾਸ ਬਾਰੇ ਸਾਰੇ ਚੈਪਟਰ ਜਿਹੜੇ ਹੁਣ ਕੱਢ ਦਿੱਤੇ ਗਏ ਹਨ, ਅਕਾਲੀ-ਭਾਜਪਾ ਦੇ 2013 ਤੋਂ 2017 ਤੱਕ ਦੇ ਕਾਰਜਕਾਲ ਦੌਰਾਨ ਲਗਾਤਾਰ ਪੜ੍ਹਾਏ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ 12ਵੀਂ ਦੀ ਗੁਰੂ

ਬਾਕੀ ਸਫ਼ਾ 28 'ਤੇ

## ਆਮ ਆਦਮੀ ਪਾਰਟੀ ਨੇ ਸਿੱਖ ਇਤਿਹਾਸ ਕੱਟਣ ਦੀ ਕੀਤੀ ਨਿਖੇਧੀ, ਜਾਂਚ ਦੀ ਮੰਗ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਆਮ ਆਦਮੀ ਪਾਰਟੀ ਨੇ ਐਤਵਾਰ ਨੂੰ ਕੈਪਟਨ ਅਮਰਿਦੰਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਕਾਂਗਰਸ ਸਰਕਾਰ ਦੁਆਰਾ 12ਵੀਂ ਦੀ ਇਤਿਹਾਸ ਦੀ ਕਿਤਾਬ ਵਿਚੋਂ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ 23 ਪਾਠ ਕੱਟਣ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। 'ਆਪ' ਨੇ ਕਾਂਗਰਸ ਸਰਕਾਰ ਦੇ ਇਸ ਕਦਮ ਨੂੰ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਦਾ ਅਪਮਾਨ ਕਰਾਰ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਸਰਕਾਰ ਬਿਨਾ ਕਿਸੇ ਦੇਰੀ ਤੋਂ ਇਸ ਗਲਤੀ ਦਾ ਸੁਧਾਰ ਕਰੇ।
'ਆਪ' ਵਲੋਂ ਜਾਰੀ ਕੀਤੇ ਸਾਂਝੇ ਬਿਆਨ ਵਿਚ

ਬਾਕੀ ਸਫ਼ਾ 28 'ਤੇ

# ਨਿਊਯਾਰਕ ਦੀ 'ਸਿੱਖ ਡੇਅ ਪਰੇਡ' ਵਿਚ ਸੰਗਤਾਂ ਦਾ ਹੜ੍ਹ

**ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮਿੰਡ ਹਿੱਲ ਨਿਊਯਾਰਕ ਦਾ ਸਮੂਹ ਪੰਥਕ ਜਥੇਬੰਦੀਆਂ ਅਤੇ ਟਰਾਈ ਸਟੇਟ ਦੇ ਗੁਰਦੁਆਰਾ ਸਾਹਿਬਾਨਾਂ ਨਾਲ ਸ਼ਾਨਦਾਰ ਉੱਦਮ**

**ਨਿਊਯਾਰਕ/ਬਿਊਰੋ ਨਿਊਜ਼ ਤੇ ਮੱਖਣ ਸਿੰਘ ਕਲੇਰ:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮਿੰਡ ਹਿੱਲ ਨਿਊਯਾਰਕ ਵਲੋਂ ਸਮੂਹ ਪੰਥਕ ਜਥੇਬੰਦੀਆਂ ਅਤੇ ਟਰਾਈ ਸਟੇਟ ਦੇ ਗੁਰਦੁਆਰਾ ਸਾਹਿਬਾਨਾਂ ਦੇ ਸਹਿਯੋਗ ਨਾਲ ਇਥੋਂ ਦੇ ਘੁੱਗ ਵਸਦੇ ਸ਼ਹਿਰ ਮੈਨਹੱਟਨ ਦੇ ਐਨ ਵਿਚਕਾਰ ਕੱਢੀ ਗਈ 31ਵੀਂ ਸਲਾਨਾ ਸਿੱਖ ਪਰੇਡ 'ਚ ਅਮਰੀਕਾ ਭਰ 'ਚੋਂ ਪੁਹੰਚੇ ਹਜ਼ਾਰਾਂ ਸਿੱਖਾਂ ਨੇ ਸ਼ਿਰਕਤ ਕੀਤੀ। ਪਰੇਡ ਕਾਰਨ ਆਲਾ ਦੁਆਲਾ ਖਾਲਸਾਈ ਰੰਗ 'ਚ ਰੰਗਿਆ ਤੇ ਸਿੱਖ ਸੰਗਤਾਂ ਦਾ ਹੜ੍ਹ ਆਇਆ ਜਪਾਦਾ ਸੀ।
ਸਿੱਖਾਂ ਨੇ ਆਪਣੇ 'ਤੇ ਹੁੰਦੇ ਨਫ਼ਰਤੀ ਅਪਰਾਧਾਂ ਦੀਆਂ ਘਟਨਾਵਾਂ ਦਰਮਿਆਨ ਪਰੇਡ ਰਾਹੀਂ ਸਿੱਖ

ਬਾਕੀ ਸਫ਼ਾ 29 'ਤੇ




ਸਿੱਖ ਡੇਅ ਪਰੇਡ ਵਿਚ ਸ਼ਾਮਿਲ ਸਿੱਖ ਸੰਗਤਾਂ

## 15 ਕਾਨੂੰਨਘਾੜਿਆਂ ਵੱਲੋਂ ਟਰੰਪ ਦੀ ਵੀਜ਼ਾ ਨੀਤੀ ਦਾ ਵਿਰੋਧ

### *ਪ੍ਰਸ਼ਾਸਨ ਨੂੰ ਐਚ-1ਬੀ ਵੀਜ਼ਾ ਬਾਰੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ*

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੇ 15 ਪ੍ਰਭਾਵਸ਼ਾਲੀ ਕਾਨੂੰਨਘਾੜਿਆਂ, ਜਿਨ੍ਹਾਂ 'ਚ ਡੈਮੋਕਟਰੇਟ ਅਤੇ ਭਾਰਤ-ਅਮਰੀਕੀ ਕਾਨੂੰਨਸਾਜ਼ ਵੀ ਸ਼ਾਮਲ ਹਨ, ਦੇ ਇਕ ਸਮੂਹ ਨੇ ਟਰੰਪ ਪ੍ਰਸ਼ਾਸਨ ਦੀ ਵੀਜ਼ਾ ਨੀਤੀ ਦਾ ਜੋਵਿਰੋਧ ਕਰਦਿਆਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਬਰਾਕ ਓਬਾਮਾ ਸਰਕਾਰ ਦੇ ਕਾਰਜਕਾਲ ਦੌਰਾਨ ਐਚ-1ਬੀ ਵੀਜ਼ਾ ਦੀਆਂ ਕੁਝ ਸ਼੍ਰੇਣੀਆਂ ਤਹਿਤ ਪਤਨੀਆਂ ਨੂੰ ਵੀ ਵਰਕ ਪਰਮਿਟ ਦੇਣ ਦੀ ਦਿੱਤੀ ਖੁੱਲ੍ਹ ਨੂੰ ਵਾਪਸ ਲੈਣ ਦੇ ਫ਼ੈਸਲੇ 'ਤੇ ਮੁੜ ਨਜ਼ਰਸਾਨੀ ਕਰੇ। ਯਾਦ ਰਹੇ ਕਿ ਐਚ-1ਬੀ ਵੀਜ਼ਾ ਭਾਰਤੀ ਆਈਟੀ ਪੇਸ਼ਾਵਰਾਂ 'ਚ ਕਾਫੀ ਮਕਬੂਲ ਹੈ। ਕਾਨੂੰਨਘਾੜਿਆਂ ਨੇ ਜ਼ੋਰ ਦਿੱਤਾ ਕਿ ਮੌਜੂਦਾ ਐਚ-4 ਨੇਮ ਆਰਥਿਕ ਮੁਕਾਬਲੇਬਾਜ਼ੀ

ਬਾਕੀ ਸਫ਼ਾ 29 'ਤੇ


ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

kw ELK GROVE
KELLERWILLIAMS. REALTY
Sam Mann
ਘਰ, ਬਿਜਨਸ ਅਤੇ ਪ੍ਰਾਪਰਟੀ ਲੈਣ ਲਈ ਸੰਪਰਕ ਕਰੋ
C: (913) 769-1893
F: (916) 753-1867
O: (916) 405-5700
Smann@kw.com
Smann.kw.com
9250 Laguna Springs Drive # 100, Elk Grove California 95758
Realtor ®
LIC#02025586
Exh Office Independently Owned and Operated

TRANS-ALLIANCE TOGETHER WE SAVE
SAVE UPTO 24¢ PER GALLON ON DIESEL
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1




ਅਸੀਂ ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਆਦਿ ਨੂੰ ਵੀ ਇੰਡੀਅਨ ਗਰੋਸਰੀ ਸਪਲਾਈ ਕਰਦੇ ਹਾਂ

Kulwant Singh
Punjab Trading Inc
4710 B ST NW #103 Auburn, WA 98001
Phone:206-778-1823

Travel for Less Inc.



SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

Best of 2016 Fremont

CST NO : 2031914-40

We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com

## ਕਲਪਨਾ ਚਾਵਲਾ ਸਾਡੀ ਨਾਇਕਾ: ਡੋਨਲਡ ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੀ ਕਲਪਨਾ ਚਾਵਲਾ ਨੂੰ ਅਮਰੀਕੀ ਨਾਇਕਾ ਦਸਦਿਆਂ ਕਿਹਾ ਕਿ ਉਸ ਨੇ ਪੁਲਾੜ ਪ੍ਰੋਗਰਾਮ ਲਈ ਆਪਣਾ ਜੀਵਨ ਵਾਰ ਦਿੱਤਾ ਤੇ ਦੁਨੀਆਂ ਦੀਆਂ ਲੱਖਾਂ ਕੁੜੀਆਂ ਨੂੰ ਪੁਲਾੜ ਵਿਗਿਆਨੀ ਬਣਨ ਲਈ ਪ੍ਰੇਰਿਆ। ਟਰੰਪ ਵੱਲੋਂ ਇਹ ਬਿਆਨ ਮਈ ਮਹੀਨੇ ਨੂੰ 'ਏਸ਼ਿਆਈ ਅਮਰੀਕੀ ਤੇ ਪੈਸੇਫਿਕ ਟਾਪੂ ਵਾਸੀ ਵਿਰਾਸਤ ਮਹੀਨੇ' ਵਜੋਂ ਮਨਾਉਣ ਦੇ ਕੀਤੇ ਐਲਾਨ ਤੋਂ ਇੱਕ ਦਿਨ ਬਾਅਦ ਦਿੱਤਾ ਗਿਆ ਹੈ।



ਅਮਰੀਕੀ ਕਾਂਗਰਸ ਨੇ ਵੀ ਹਰ ਸਾਲ ਮਈ ਮਹੀਨੇ ਨੂੰ 'ਏਸ਼ਿਆਈ/ਪੈਸੇਫਿਕ ਅਮਰੀਕੀ ਵਿਰਾਸਤ ਮਹੀਨੇ' ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ਹੈ। ਕਲਪਨਾ ਚਾਵਲਾ ਭਾਰਤੀ ਮੂਲ ਦੀ ਪਹਿਲੀ ਮਹਿਲਾ ਸੀ ਜੋ ਪੁਲਾੜ 'ਚ ਗਈ ਸੀ। ਉਹ ਪੁਲਾੜ 'ਚ ਜਾਣ ਵਾਲੀ ਉਸ ਸੱਤ ਮੈਂਬਰੀ ਟੀਮ 'ਚ ਸ਼ਾਮਲ ਸੀ ਜੋ 2003 'ਚ ਪੁਲਾੜ ਜਹਾਜ਼ ਕੋਲੰਬੀਆ ਦੇ ਧਮਾਕੇ 'ਚ ਮਾਰੇ ਗਈ ਸੀ। ਟਰੰਪ ਨੇ ਕਿਹਾ, 'ਭਾਰਤੀ ਅਮਰੀਕੀ ਕਲਪਨਾ ਚਾਵਲਾ ਪਹਿਲੀ ਭਾਰਤੀ ਮਹਿਲਾ ਸੀ ਜਿਸ ਨੇ ਪੁਲਾੜ ਵੱਲ ਉਡਾਣ ਭਰੀ। ਅਮਰੀਕੀ ਪੁਲਾੜ ਪ੍ਰੋਗਰਾਮ 'ਚ ਆਪਣਾ ਜੀਵਨ ਲਾਉਣ ਕਾਰਨ ਉਹ ਅਮਰੀਕੀ ਲੋਕਾਂ ਲਈ ਨਾਇਕਾ ਬਣ ਚੁੱਕੀ ਹੈ।' ਉਨ੍ਹਾਂ ਕਿਹਾ ਕਿ ਉਸ ਦੀਆਂ ਪ੍ਰਾਪਤੀਆਂ ਕਾਰਨ ਕਾਂਗਰਸ ਵੱਲੋਂ ਉਸ ਨੂੰ ਮਰਨ ਉਪਰੰਤ ਕਾਂਗਰਸੈਸ਼ਨਲ ਸਪੇਸ ਮੈਡਲ ਅਤੇ ਨਾਸਾ ਵੱਲੋਂ ਨਾਸਾ ਸਪੇਸ ਫਲਾਈਟ ਮੈਡਲ ਤੇ ਨਾਸਾ ਵਿਲੱਖਣ ਸੇਵਾਵਾਂ ਮੈਡਲ ਨਾਲ ਸਨਮਾਨਿਆ ਕੀਤਾ ਗਿਆ ਹੈ। ਕਲਪਨਾ ਚਾਵਲਾ ਦੇ ਹੌਸਲੇ ਤੇ ਜਜ਼ਬੇ ਤੋਂ ਪ੍ਰੇਰਿਤ ਹੋ ਕੇ ਅੱਜ ਲੱਖਾਂ ਅਮਰੀਕੀ ਲੜਕੀਆਂ ਪੁਲਾੜ ਵਿਗਿਆਨੀ ਬਣਨ ਦਾ ਸੁਫ਼ਨਾ ਲੈ ਰਹੀਆਂ ਹਨ।

## ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਖੁੱਲ੍ਹਣਗੇ

**ਊਨਾ/ਬਿਊਰੋ ਨਿਊਜ਼:** ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ, ਰਿਸ਼ੀਕੇਸ਼ ਦੇ ਪ੍ਰਧਾਨ ਦਰਸ਼ਨ ਸਿੰਘ ਨੇ ਦੱਸਿਆ ਕਿ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਖੁੱਲ੍ਹਣਗੇ ਤੇ ਸੰਗਤ 10 ਅਕਤੂਬਰ ਤੱਕ ਗੁਰਦੁਆਰੇ ਦੇ ਦਰਸ਼ਨ ਕਰ ਸਕੇਗੀ।

## ਹਵਾਈ ਜਹਾਜ਼ਾਂ 'ਚ ਮੋਬਾਈਲ ਸੇਵਾ ਦੀ ਤਜਵੀਜ਼ ਪ੍ਰਵਾਨ

**ਨਵੀਂ ਦਿੱਲੀ/ਬਿਊਰੋ ਨਿਊਜ਼:** ਟੈਲੀਕਾਮ ਕਮਿਸ਼ਨ ਨੇ ਹਵਾਈ ਤੇ ਸਮੁੰਦਰੀ ਜਹਾਜ਼ਾਂ 'ਚ ਮੋਬਾਈਲ ਸੇਵਾ, ਇੰਟਰਨੈੱਟ ਸੇਵਾ ਦੀ ਤਜਵੀਜ਼ ਪ੍ਰਵਾਨ ਕਰ ਲਈ ਹੈ। ਇਹ ਤਜਵੀਜ਼ ਟੈਲੀਕੌਮ ਸਕੱਤਰ ਅਰੁਣਾ ਸੁੰਦਰਾਜਨ ਦੀ ਪ੍ਰਧਾਨਗੀ ਵਾਲੇ ਕਮਿਸ਼ਨ ਨੇ ਪ੍ਰਵਾਨ ਕੀਤੀ ਹੈ।






**ਸੈਨ ਹੋਜ਼ੇ/ਬਿਊਰੋ ਨਿਊਜ਼:** ਆਰਗੇਨਾਈਜ਼ੇਸਨ ਫਾਰ ਮਨਿਆਰਟੀਜ਼ ਆਫ਼ ਇੰਡੀਆ ਵਲੋਂ ਭਾਰਤ ਦੇ ਜੰਮੂ ਕਸ਼ਮੀਰ ਸੂਬੇ ਵਿੱਚ ਪਿਛਲੇ ਦਿਨੀਂ ਹਿੰਦੂ ਗੁੰਡਾ ਅਨਸਰਾਂ ਵਲੋਂ ਘੱਟ ਗਿਣਤੀ ਮੁਸਲਮਾਨ ਗੁਜਰ ਕਬੀਲੇ ਦੀ ਨਬਾਲਗ ਬੱਚੀ ਆਸਿਫ਼ਾ ਨੂੰ ਅਗਵਾ ਕਰਕੇ ਹਿੰਦੂ ਮੰਦਰ ਵਿੱਚ ਕਈ ਦਿਨ ਬੰਦੀ ਬਣਾ ਕੇ ਬਲਾਤਕਾਰ ਦਾ ਘਿਣਾਉਣਾ ਅਪਰਾਧ ਕਰਨ ਦੀ ਅਨਣਮਨੁੱਖੀ ਘਟਨਾ ਵਿਰੁਧ ਰੋਸ ਪ੍ਰਗਟ ਕਰਨ ਲਈ ਕੀਤੇ ਗਏ ਰੋਸ ਮੁਜ਼ਾਹਰੇ ਦੀਆਂ ਕੁਝ ਝਲਕਾਂ। ਜਥੇਬੰਦੀ ਦੇ ਆਗੂ ਭਜਨ ਸਿੰਘ ਭਿੰਡਰ ਦੇ ਦੱਸਣ ਅਨੁਸਾਰ ਇਸ ਰੋਸ ਮਾਰਚ ਵਿੱਚ ਅੰਬੇਦਕਰ ਸਟੱਡੀ ਸਰਕਲ ਅਤੇ ਸਿੱਖ ਇਨਫਰਮੇਸ਼ਨ ਤੋਂ ਇਲਾਵਾ ਸਿੱਖਾਂ, ਦਲਿਤਾਂ, ਈਸਾਈਆਂ, ਬੋਧੀਆਂ, ਹਿੰਦੂਆਂ, ਅਮਰੀਕਨ ਲੋਕਾਂ ਤੇ ਲੋਕ ਨੁਮਇੰਦਿਆਂ ਨੇ ਭਾਗ ਲਿਆ।

## ਸਿੱਖ ਐਜੂਕੇਸ਼ਨ ਅਭਿਆਨ ਨੂੰ 2018 ਸ਼ੋਸ਼ਲ ਮੀਡੀਆ ਐਵਾਰਡ ਲਈ ਨਾਮਜ਼ਦ ਕੀਤਾ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ**

ਅਮਰੀਕਾ 'ਚ ਸਿੱਖ ਧਰਮ ਅਤੇ ਦਸਤਾਰ ਬਾਰੇ ਸਕਾਰਾਤਮਕ ਜਾਗਰੂਕਤਾ ਪੈਦਾ ਕਰਨ ਲਈ ਕੌਮੀ ਸਿੱਖ ਮੁਹਿੰਮ (ਨੈਸ਼ਨਲ ਸਿੱਖ ਕੰਪੇਨ) ਵਲੋਂ ਚਲਾਏ ਸਿੱਖ ਐਜੂਕੇਸ਼ਨ ਅਭਿਆਨ ਨੂੰ 2018 ਸ਼ੋਸ਼ਲ ਮੀਡੀਆ ਦੇ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਇਹ ਦੂਜਾ ਪ੍ਰਭਾਵਸ਼ਾਲੀ ਐਵਾਰਡ ਸਿੱਖਾਂ ਵਲੋਂ ਚਲਾਈ ਇਸ ਮੁਹਿੰਮ ਦੇ ਹਿੱਸੇ ਆਇਆ ਹੈ। ਟਵਿੱਟਰ, ਫੇਸਬੁੱਕ, ਯੂਟਿਊਬ, ਟਮਬਲਰ, ਇੰਟਸਾਗਰਾਮ, ਸਨੈਪਚੈਟ ਅਤੇ ਬਾਕੀ ਸਾਰੇ ਡਿਜ਼ੀਟਲ ਦੁਨੀਆਂ ਦੇ ਅਦਾਰਿਆਂ ਵਿਚ ਸਿੱਖ ਐਡ ਨੂੰ ਪੁਰਸਕਾਰ - ਸੋਸ਼ਲ ਮੀਡੀਆ 'ਤੇ ਸਭ ਤੋਂ ਵਧੀਆ ਸਮੱਗਰੀ ਸਿਰਜਣ ਲਈ ਅਤੇ ਵਧਿਆ ਕੰਪੇਨ ਚਲਾਉਣ ਲਈ ਸਨਮਾਨ ਕਰਨ ਲਈ ਫਾਈਨਲ ਕਤਾਰ ਵਿਚ ਨਾਮਜ਼ਦ ਕੀਤਾ ਗਿਆ ਹੈ। ਫਾਈਨਲਜ਼ ਵਿਚ ਮੀਡੀਆ ਅਤੇ ਪ੍ਰਭਾਵਸ਼ਾਲੀ ਲੋਕਾਂ ਨੂੰ ਜਨਤਾ ਦੇ ਵੋਟ ਦੇ ਨਾਲ ਜੋੜ ਕੇ ਅਤੇ ਰੀਅਲ ਟਾਈਮ ਅਕਾਦਮੀ ਦੇ ਸਕੋਰ ਨਾਲ ਚੋਣ ਕੀਤੀ ਗਈ।

ਪਿਛਲੇ ਜੇਤੂਆਂ ਵਿਚ ਮੀਡੀਆ ਵਿਚ ਪ੍ਰਭਾਵ ਲਈ ਸੰਸਾਰ ਦੇ ਸਭ ਤੋਂ ਮਸ਼ਹੂਰ ਮਨੋਰੰਜਕ, ਲੇਖਕ ਅਤੇ ਮਸ਼ਹੂਰ ਹਸਤੀਆਂ ਟੇਲਰ ਸਵਿਫਟ, ਟਾਈਲਰ ਓਕਲੀ, ਕੇਸੀ ਨੀਸਟੈਟ, ਹੈਨੀਬਲ ਬੂਸ, ਮਲਾਲਾ ਯੁਸਫਜ਼ਈ, ਜੇਨਾ ਮਾਰਬਲਸ, ਜੇ.ਕੇ. ਰੋਲਿੰਗ, ਅਡੇਲੇ, ਡੀਜੇ ਖ਼ਾਲਦ ਅਤੇ ਕਈ ਹੋਰ ਜਿਹੜੇ ਸ਼ੋਸ਼ਲ ਮੀਡੀਆ ਰਾਹੀਂ ਦੁਨੀਆ ਵਿਚ ਮੁਹਿੰਮ ਚਲਾਉਣ ਵਾਲੇ ਸ਼ਾਮਲ ਹਨ। ਐਵਾਰਡ ਆਨਲਾਈਨ ਡਾਇਰੈਕਟ ਟੀਵੀ ਦੁਆਰਾ ਦਿਖਾਇਆ ਗਿਆ ਸੀ। ਸਿੱਖ ਕੰਪੇਨ ਦੇ 1.3 ਮਿਲੀਅਨ ਡਾਲਰ 'ਵੀ.ਆਰ. ਸਿੱਖ' ਮੁਹਿੰਮ ਨੇ ਹਾਲ ਹੀ ਵਿਚ ਵਾਲ ਸਟਰੀਟ ਵਿਖੇ ਇਕ ਸ਼ਾਨਦਾਰ ਸਮਾਗਮ ਵਿਚ ਚੋਟੀ ਦੇ ਪੀ.ਆਰ. ਪੁਰਸਕਾਰ ਨੂੰ ਵੀ ਪ੍ਰਾਪਤ ਕੀਤਾ ਸੀ ਅਤੇ ਇਸ ਦੀ ਫਾਰਚੂਨ 500 ਕੰਪਨੀਆਂ ਦੁਆਰੇ ਚਲਾਏ ਗਏ ਸਭ ਤੋਂ ਮਸ਼ਹੂਰ ਮੁਹਿੰਮ ਦੇ ਨਾਲ ਮੁਕਾਬਲਾ ਹੋਇਆ ਸੀ। ਇਹ ਪਹਿਲੀ ਵਾਰ ਹੈ ਕਿ ਸਿੱਖ ਭਾਈਚਾਰੇ ਨੇ ਸੰਸਾਰ ਵਿਚ ਕਿਸੇ ਵੀ ਧਾਰਨਾ ਨੂੰ ਬਦਲਣ ਲਈ ਇਕ ਮਾਰਕੀਟਿੰਗ ਮੁਹਿੰਮ ਚਲਾਈ ਹੈ ਅਤੇ ਐਨ.ਐਸ.ਸੀ. ਦੇ ਪ੍ਰਬੰਧਕਾਂ ਨੂੰ ਅਮਰੀਕਾ ਵਿਚ ਮਨੋਰੰਜਨ, ਮੀਡੀਆਅਤੇ ਪੀ.ਆਰ. ਇੰਡਸਟਰੀ ਤੋਂ ਹੌਂਸਲਾ ਅਫ਼ਜਾਈ ਤੇ ਸ਼ੁਭਕਾਮਨਾਵਾਂ ਨਾਲ ਭਰਪੂਰ ਕੀਤਾ ਗਿਆਹੈ। ਐਨ.ਐਸ.ਸੀ. ਦੇ ਫਾਊਂਡਰ ਅਤੇ ਸੀਨੀਅਰ ਸਲਾਹਕਾਰ ਰਾਜਵੰਤ ਸਿੰਘ ਨੇ ਕਿਹਾ ਕਿ 'ਸਾਡਾ ਟੀਚਾ ਸਿੱਖ ਧਰਮ ਅਤੇ ਸਿੱਖਾਂ ਦੇ ਆਲੇ ਦੁਆਲੇ ਨਾਸਮਝੀ ਕਾਰਨ ਪੈਦਾ ਹੋਏ ਭੁਲੇਖੇ ਦੂਰ ਕਰਨਅਤੇ ਸਿੱਖ ਅਮਰੀਕੀਆਂ ਦੇ ਵਿਚਾਰਾਂ ਨੂੰ ਆਮ ਅਮਰੀਕਨਾਂ ਤੱਕ ਪਹੁੰਚਾਉਣਾ ਸੀ। ਸਮਾਨਤਾ, ਸਾਰੇ ਧਰਮਾਂ ਦੀ ਸਤਿਕਾਰ ਅਤੇ ਸਮਾਜਿਕ ਸੇਵਾ ਦੀਆਂ ਸਿੱਖ ਕਦਰਾਂ ਕੀਮਤਾਂ ਨੂੰ ਪੇਸ਼ ਕਰਦੇ ਦੇਸ਼ ਭਰ ਵਿਚ ਅਮਰੀਕੀਆਂ ਦੇ ਦਿਲਾਂ ਅਤੇ ਦਿਮਾਗ਼ ਨੂੰ ਬਦਲਣਾ ਹੈ।" ਅਸੀਂ ਇਨ੍ਹਾਂ ਦੋ ਸ਼ਾਨਦਾਰ ਐਵਾਰਡਾਂ 'ਚ ਫਾਈਨਲ ਤੱਕ ਪੁਜਣ ਦੀ ਪ੍ਰਾਪਤੀ ਸਿੱਖ ਸੰਗਤਾਂ ਨੂੰ ਅਰਪਿਤ ਕਰਦੇ ਹਾਂ ਜਿਹਨਾਂ ਨੇ ਸੱਚਮੁੱਚ ਹੀ ਸਹਿਯੋਗ ਕਰਕੇ ਇਹ ਪ੍ਰਚਾਰ ਮੁਹਿੰਮ ਸਫ਼ਲ ਹੋਈ। ਵਿਆਪਕ ਜੈਵਿਕ ਰਣਨੀਤੀ ਅਤੇ ਇਕ ਏਕੀਕ੍ਰਿਤ ਇਸ਼ਤਿਹਾਰਬਾਜ਼ੀ ਦੀਧਾਰਨਾ ਸ਼ਾਮਲ ਸੀ, ਜਿਸ ਨੇ 5.5 ਲੱਖ ਅਮਰੀਕੀਆਂ ਅਤੇ 2.3 ਲੱਖ ਤੋਂ ਵੱਧ ਆਨਲਾਈਨ ਵੀਡੀਓ ਵਿਯੂ 'ਤੇ ਪਹੁੰਚਣ ਵਾਲੀ ਆਨਲਾਈਨ ਗੱਲਬਾਤ ਤਿਆਰ ਕੀਤੀ।

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਚੜ੍ਹਦੀ ਕਲਾ ਨਾਲ ਮਨਾਇਆ 'ਖਾਲਿਸਤਾਨ ਐਲਾਨ ਦਿਵਸ'







**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ :** ਖਾਲਿਸਤਾਨ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਿਪਤ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ 32ਵਾਂ ਖਾਲਿਸਤਾਨ ਐਲਾਨ ਦਿਵਸ ਚੜ੍ਹਦੀ ਕਲਾ ਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਕੁਦਰਤੀ ਐਲਾਨ ਦਿਵਸ ਐਤਵਾਰ ਵਾਲੇ ਹਫਤਾਵਾਰੀ ਦੀਵਾਨ ਵਾਲੇ ਦਿਨ ਹੀ ਆ ਗਿਆ। ਇਸ ਦਿਨ ਦੀ ਮਹਤੱਤਾ ਤੇ ਇਤਿਹਾਸਕਤਾ ਬਾਰੇ ਪਹਿਲਾਂ ਕਥਾਕਾਰ ਭਾਈ ਮਨਜੀਤ ਸਿੰਘ ਨੇ ਚਾਨਣਾ ਪਾਇਆ ਕਿ ਕਿਵੇਂ 26 ਜਨਵਰੀ, 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਸਰਬੱਤ ਖਾਲਸਾ ਦਾ ਠਾਠਾਂ ਮਾਰਦਾ ਇਕੱਠ ਹੋਇਆ, ਜਿਸ ਵਿਚ ਪੰਥਕ ਕਮੇਟੀ ਦੀ ਸਥਾਪਨਾ ਕੀਤੀ ਗਈ, ਜਿਸ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਅਰੂੜ ਸਿੰਘ, ਭਾਈ ਵਸੱਣ ਸਿੰਘ ਜ਼ਫਰਵਾਲ, ਭਾਈ ਧੰਨਾ ਸਿੰਘ ਤੇ ਭਾਈ ਗੁਰਦੇਵ ਸਿੰਘ ਉਸਮਾਨ ਸਨ। ਇਸ ਕਮੇਟੀ ਨੇ 29 ਅਪ੍ਰੈਲ, 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਖਾਲਿਸਤਾਨ ਦਾ ਐਲਾਨ ਕੀਤਾ। ਇਹ ਬਹੁਤ ਹੀ ਇਤਿਹਾਸਕ ਦਿਨ ਸੀ, ਜਿਸ ਨੂੰ ਸਿੱਖ ਕੌਮ ਪੂਰੇ ਸੰਸਾਰ ਵਿਚ ਮਨਾਉਂਦੀ ਆ ਰਹੀ ਹੈ ਤੇ ਇਹ ਦਿਨ ਖਾਲਿਸਤਾਨ ਦੀ ਕਾਇਮੀ ਤੋਂ ਬਾਦ ਵੀ ਵਡੇ ਪੱਧਰ ਉਤੇ ਮਨਾਇਆ ਜਾਂਦਾ ਰਹੇਗਾ।

ਉਸ ਤੋਂ ਬਾਅਦ ਇੰਗਲੈਂਡ ਤੋਂ ਪਹੁੰਚੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਭਰਾ ਭਾਈ ਅਮਰਜੀਤ ਸਿੰਘ ਖਾਲੜਾ ਨੇ ਖਾਲਿਸਤਾਨ ਐਲਾਨ ਦਿਵਸ ਦੀ ਮਹਾਨਤਾ ਬਾਰੇ ਚਾਨਣਾ ਪਾਇਆ ਤੇ ਦੱਸਿਆ ਕਿ ਖਾਲਸਾ ਰਾਜ ਗੁਰੂ ਗਰੰਥ ਸਾਹਿਬ ਜੀ ਦੀ ਰੱਬੀ ਬਾਣੀ ਅਨੁਸਾਰ ਲਾਗੂ ਹੋਣਾ ਹੈ ਤੇ ਇਹੀ ਇਸਦੀ ਸਥਾਪਨਾ ਦਾ ਵਡਾ ਕਾਰਨ ਹੈ, ਖਾਲਿਸਤਾਨ ਦੀ ਸਥਾਪਤੀ ਗੁਰੂ ਸਾਹਿਬਾਂ ਦੇ ਹੁਕਮਾਂ ਅਧੀਨ ਹੈ ਤੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਇਸਦੀ ਕਾਇਮੀ ਬਹੁਤ ਜ਼ਰੂਰੀ ਹੈ ਤੇ ਇਸ ਕਰਕੇ ਅਜਿਹੇ ਮਹਾਨ ਦਿਨ ਹਰ ਸਾਲ ਮਨਾਏ ਜਾਣੇ ਚਾਹੀਦੇ ਹਨ। ਆਪਣੀ ਕੌਮ ਦੀ ਗੁਲਾਮੀ ਉਤਾਰਨ ਲਈ ਆਪਣਾ ਖਾਲਸਾ ਰਾਜ ਲਾਜ਼ਮੀ ਹੈ। ਭਾਈ ਅਮਰਜੀਤ ਸਿੰਘ ਖਾਲੜਾ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

ਉਪਰੰਤ ਬਾਹਰ ਨਿਸ਼ਾਨ ਸਾਹਿਬ ਦੇ ਚੌਗਿਰਦੇ ਦੁਆਲੇ ਕੈਲੇਫੋਰਨੀਆ ਗਤਕਾ ਦਲ ਦੇ ਜਥੇਦਾਰ ਜਸਪ੍ਰੀਤ ਸਿੰਘ ਦੀ ਅਗਵਾਈ ਵਿਚ ਨਿਸ਼ਾਨ ਸਾਹਿਬ-ਖਾਲਿਸਤਾਨ ਦੇ ਝੰਡੇ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਸਲਾਮੀ ਪੇਸ਼ ਕੀਤੀ ਗਈ ਤੇ 'ਬੋਲੇ ਸੋ ਨਿਹਾਲ' ਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਜੈਕਾਰੇ ਬੁਲਾਏ ਗਏ ਜਿਸਦਾ ਸੰਗਤਾਂ ਨੇ ਜ਼ੋਰਦਾਰ ਸੁਆਗਤ ਕੀਤਾ। ਨਿਸ਼ਾਨ ਸਾਹਿਬ ਦੇ ਸਨਮੁੱਖ ਖਾਲਿਸਤਾਨ ਦੀ ਕਾਇਮੀ ਲਈ ਅਰਦਾਸ ਬੇਨਤੀ ਕੀਤੀ ਗਈ। ਸਲਾਮੀ ਦੀ ਮਰਿਆਦਾ ਤੋਂ ਬਾਦ ਗਤਕੇ ਦੇ ਜੌਹਰ ਪੇਸ਼ ਕੀਤੇ ਗਏ।

ਵਰਨਣਯੋਗ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਖਾਲਿਸਤਾਨ ਐਲਾਨ ਦਿਵਸ ਚੜ੍ਹਦੀ ਕਲਾ, ਖੁਸ਼ੀਆਂ ਤੇ ਭਾਰੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

## 1984 ਦੇ ਸਿੱਖ ਕਤਲੇਆਮ ਦੌਰਾਨ ਕਾਤਲ ਭੀੜਾਂ ਵਲੋਂ ਮਾਰੇ ਗਏ ਸਿੱਖ ਫੌਜੀਆਂ ਦੀਆਂ ਵਿਧਵਾਵਾਂ ਨੂੰ ਮਿਲਿਆ ਪੈਨਸ਼ਨ ਦਾ ਹੱਕ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਨਵੰਬਰ 1984 ਵਿੱਚ ਦਿੱਲੀ 'ਚ ਹੋਏ ਸਿੱਖ ਕਤਲੇਆਮ ਦੌਰਾਨ ਇਕ ਮੇਜਰ ਤੇ ਜਵਾਨ ਦੇ ਮਾਰੇ ਜਾਣ ਤੋਂ 34 ਸਾਲਾਂ ਮਗਰੋਂ ਹਥਿਆਰਬੰਦ ਬਲਾਂ ਬਾਰੇ ਟ੍ਰਿਬਿਊਨਲ (ਏਐਫਟੀ) ਦੇ ਚੰਡੀਗੜ੍ਹ ਬੈਂਚ ਨੇ ਆਪਣੇ ਇਕ ਫ਼ੈਸਲੇ ਵਿੱਚ ਉਪਰੋਕਤ ਫ਼ੌਜੀ ਜਵਾਨਾਂ ਦੀਆਂ ਵਿਧਵਾਵਾਂ ਨੂੰ ਉੱਚ ਪੈਨਸ਼ਨ ਲਾਭ ਲੈਣ ਦੇ ਯੋਗ ਦੱਸਿਆ ਹੈ। ਏਐਫ਼ਟੀ ਬੈਂਚ ਦੇ ਜਸਟਿਸ ਐਮ.ਐਸ.ਚੌਹਾਨ ਤੇ ਲੈਫਟੀਨੈਂਟ ਜਨਰਲ ਮੁਨੀਸ਼ ਸਿੱਬਲ ਨੇ ਹਾਲ ਹੀ ਵਿੱਚ ਦੋ ਕੇਸਾਂ ਦਾ ਨਿਬੇੜਾ ਕਰਦਿਆਂ ਕਿਹਾ ਕਿ ਵਿਧਵਾਵਾਂ ਨੂੰ ਸਰਕਾਰ ਵੱਲੋਂ ਦਿੱਤੀ ਜਾਂਦੀ ਸਾਧਾਰਨ ਜਾਂ ਵਿਸ਼ੇਸ਼ ਪਰਿਵਾਰਕ ਪੈਨਸ਼ਨ ਦੀ ਥਾਂ 'ਉਦਾਰ ਪਰਿਵਾਰਕ ਪੈਨਸ਼ਨ' ਦਿੱਤੀ ਜਾਵੇ। ਯਾਦ ਰਹੇ ਕਿ ਲਿਬਰਲਾਈਜ਼ਡ (ਉਦਾਰ) ਪਰਿਵਾਰਕ ਪੈਨਸ਼ਨ ਕਿਸ ਫ਼ੌਜੀ ਵੱਲੋਂ ਲਈ ਜਾਂਦੀ ਆਖਰੀ ਅਦਾਇਗੀ ਦਾ ਸੌ ਫੀਸਦ ਹੁੰਦੀ ਹੈ ਜਦੋਂਕਿ ਪਰਿਵਾਰਕ ਪੈਨਸ਼ਨ ਆਖਰੀ ਤਨਖਾਹ ਦਾ 30 ਫੀਸਦ ਹੁੰਦੀ ਹੈ। ਹਰਭਜਨ ਕੌਰ ਦੇ ਪਤੀ ਮੇਜਰ ਐਸ. ਐਸ.ਤੁੜ ਦੀ ਦਿੱਲੀ ਵਿੱਚ ਕਾਤਲਾਂ ਦੀ ਭੀੜ ਨੇ ਉਦੋਂ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ ਜਦੋਂ ਉਹ ਤਬਾਦਲਾ ਛੁੱਟੀ 'ਤੇ ਸੀ। ਫ਼ੌਜੀ ਸਦਰ ਮੁਕਾਮ ਨੇ ਦਿੱਲੀ 'ਚ ਹਿੰਸਾ ਭੜਕਣ ਦੇ ਖ਼ਦਸ਼ਿਆਂ ਦੇ ਚਲਦਿਆਂ ਉਸ ਦੀ ਡਿਊਟੀ ਮੁੜ ਜੁਆਇਨ ਕਰਨ ਦੇ ਅਮਲ ਨੂੰ ਅੱਗੇ ਪਾ ਦਿੱਤਾ ਸੀ। ਪਰ ਮੇਜਰ ਦਿੱਲੀ ਵਿੱਚ ਹੋਰਨਾਂ ਨਾਗਰਿਕਾਂ ਨੂੰ ਕਾਤਲਾਂ ਦੀ ਭੀੜ ਤੋਂ ਬਚਾਉਂਦਿਆਂ ਫ਼ੌਤ ਹੋ ਗਿਆ ਸੀ।




ਦੂਜੇ ਕੇਸ ਵਿੱਚ ਗੁਰਮੇਲ ਕੌਰ ਦੇ ਪਤੀ ਨੂੰ ਹਿੰਸਾ 'ਤੇ ਉਤਾਰੂ ਭੀੜ ਨੇ ਉਦੋਂ ਮਾਰ ਮੁਕਾਇਆ ਜਦੋਂ ਉਹ ਰੇਲਗੱਡੀ ਵਿੱਚ ਸਫ਼ਰ ਕਰ ਰਿਹਾ ਸੀ। ਪੰਜਵੇਂ ਤਨਖਾਹ ਕਮਿਸ਼ਨ ਨੇ ਭੀੜ ਵੱਲੋਂ ਕੀਤੀ ਹਿੰਸਾ ਦੌਰਾਨ ਫੌਤ ਹੋਣ ਵਾਲੇ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੀਆਂ ਵਿਧਵਾਵਾਂ ਨੂੰ ਲਿਬਰਲਾਈਜ਼ਡ ਪੈਨਸ਼ਨ ਦੇਣ ਦੀ ਸਿਫਾਰਿਸ਼ ਕੀਤੀ ਹੈ।

Global Solution for Transportation
GLOBAL — Global Solution For Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)


Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
Address:
4646 Qantas Ln, Ste B14
Stockton CA 95206


Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES




Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

# ਗੁਰੂਘਰ ਸਿੱਖ ਸੈਂਟਰ ਪੋਰਟਰਵਿੱਲ ਵਿਖੇ ਖਾਲਸਾ ਸਾਜਨਾ ਦਿਵਸ 'ਵਿਸਾਖੀ' ਨੂੰ ਸਮਰਪਿਤ ਬਾਲ ਸਮਾਗਮ

### ਛੋਟੇ ਬੱਚਿਆਂ ਨੇ ਕੀਰਤਨ, ਕਵਿਤਾ ਤੇ ਇਤਿਹਾਸ ਨਾਲ ਸੰਗਤਾਂ ਨੂੰ ਕੀਤਾ ਨਿਹਾਲ



**ਪੋਰਟਰਵਿਲ/ਕੁਲਵੀਰ ਹੇਅਰ:** ਗੁਰਦੁਆਰਾ ਸਾਹਿਬ ਸਿੱਖ ਸੈਂਟਰ ਪੋਰਟਰਵਿਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵਲੋਂ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦੇ ਮਕਸਦ ਨਾਲ ਖਾਲਸਾ ਸਿਰਜਣਾ ਦਿਵਸ ਵਿਸਾਖੀ ਦੇ ਤਿਓਹਾਰ ਨੂੰ ਸਮਰਪਿਤ ਬੱਚਿਆਂ ਦਾ ਇਕ ਧਾਰਮਿਕ ਬਾਲ ਸਮਾਗਮ' ਕਰਵਾਇਆ ਗਿਆ। ਸਵੇਰ ਵੇਲੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸ਼੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣ ਉਪਰੰਤ ਸ਼੍ਰੀ ਨਿਸ਼ਾਨ ਸਾਹਿਬ ਜੀ ਜੈਕਾਰਿਆਂ ਦੀ ਗੂੰਜ ਵਿਚ ਚੋਲੇ ਦੀ ਸੇਵਾ ਕੀਤੀ ਗਈ। ਇਸ ਮੌਕੇ ਬੱਚਿਆਂ ਵਲੋਂ ਵਿਸਾਖੀ ਦੇ ਦਿਹਾੜੇ ਦੀ ਮਹੱਤਤਾ ਸਬੰਧੀ ਕੀਰਤਨ, ਭਾਸ਼ਨ, ਕਵਿਤਾ, ਗੀਤ, ਇਤਹਾਸ ਅਤੇ ਪਾਠ ਦਾ ਉਚਾਰਣ ਕੀਤਾ ਗਿਆ। ਵੱਡੀ ਗਿਣਤੀ 'ਚ ਆਏ ਬੱਚਿਆਂ ਵਲੋਂ ਇਸ ਸਮਾਗਮ ਵਿਚ ਹਿੱਸਾ ਲਿਆ ਗਿਆ। ਸਟੇਜ ਦੀ ਕਾਰਵਾਈ ਇਕਓਂਕਾਰ ਕੌਰ ਖਾਲਸਾ ਵਲੋਂ ਨਿਭਾਈ ਗਈ। ਵਇਸ ਮੌਕੇ ਬੱਚਿਆਂ ਵਿਚ ਇਸ ਸਮਾਗਮ ਪ੍ਰਤੀ ਅੰਤਾਂ ਦਾ ਉਤਸ਼ਾਹ ਪਾਇਆ ਜਾ ਰਿਹਾ ਸੀ। ਬੱਚਿਆਂ ਨੇ ਕਵਿਤਾ ਗਾਇਨ ਅਤੇ ਜੈਕਾਰਿਆਂ ਨਾਲ ਮਹੌਲ ਨੂੰ ਖਾਲਸਈ ਰੰਗ ਵਿਚ ਰੰਗ ਦਿੱਤਾ। ਸਮਾਗਮ 'ਚ ਪ੍ਰਭਦੀਪ ਸਿੰਘ, ਪਰਨੀਤ ਕੌਰ, ਜਸਪ੍ਰੀਤ ਸਿੰਘ, ਅਮਨਦੀਪ ਸਿੰਘ, ਇਕਓਂਕਾਰ ਕੌਰ ਖਾਲਸਾ, ਕੀਰਤਨ ਕੌਰ ਖਾਲਸਾ, ਗੁਰਪ੍ਰਸਾਦ ਕੌਰ ਖਾਲਸਾ, ਏਕਮ ਸਿੰਘ ਧਾਲੀਵਾਲ, ਸਾਹਿਬ ਸਿੰਘ ਧਾਲੀਵਾਲ, ਦਿਵਨੂਰ ਕੌਰ ਲਾਖਨ, ਗੁਰਨਾਜ ਕੌਰ ਲਾਖਨ, ਆਰੀਅਨ ਸਿੰਘ ਬਰੀਆਨਾ, ਦੇਵ ਸਿੰਘ ਹੁੰਦਲ, ਗੁਰਸ਼ੇਰ ਸਿੰਘ, ਗੁਰਨੂਰ ਕੌਰ, ਹਰਮਨ ਸਿੰਘ ਕੁਲਾਰ, ਸਿਮਰਦੀਪ ਕੌਰ ਕੁਲਾਰ, ਅਨੁਸ਼ਕਾ ਕੌਰ, ਤਨਵੀਰ ਕੌਰ ਗਰੇਵਾਲ, ਆਂਚਲ ਸਿੰਘ ਹੇਅਰ, ਸਿਮਵੀਰ ਸਿੰਘ ਹੇਅਰ, ਜੋਤਰਸ਼ ਸਿੰਘ ਬਰਾੜ, ਨਿਸ਼ਾਨ ਸਿੰਘ, ਜਸਕਰਨ ਸਿੰਘ, ਸਹਿਜਪ੍ਰੀਤ ਕੌਰ, ਗਗਨਬੀਰ ਸਿੰਘ ਸੰਧੂ, ਰਵੀਨਾ ਕੌਰ ਮਾਹਲ, ਜੀਵਨ ਸਿੰਘ ਮਾਹਲ, ਸ਼ਾਨ ਧਾਲੀਵਾਲ, ਗਨੀਵ ਕੌਰ ਸੰਧੂ, ਰੀਆ ਕੌਰ ਗਿੱਲ, ਪਰਮਬੀਰ ਸਿੰਘ, ਹਰਸਿਮਰਨ ਸਿੰਘ, ਏਕਨੂਰ ਸਿੰਘ ਸੰਧੂ, ਇਕਜੋਤ ਸਿੰਘ ਸੰਧੂ, ਅਰਮਾਨ ਸਿੰਘ ਬਰਾੜ, ਦਵਿੰਦਰ ਸਿੰਘ ਬਰਾੜ, ਗੁਰਜਾਪ ਸਿੰਘ ਬਰਾੜ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਅਤੇ ਭਾਈ ਸੁਰਿੰਦਰਪਾਲ ਸਿੰਘ ਜੀ ਜਲੰਧਰ ਵਾਲਿਆਂ

ਬਾਕੀ ਸਫ਼ਾ 29 'ਤੇ

# ਯੂ.ਕੇ. ਵਿੱਚ ਭਾਈ ਹਰਮਿੰਦਰ ਸਿੰਘ ਮਿੰਟੂ ਨਮਿੱਤ ਸ਼ਹੀਦੀ ਸਮਾਗਮ 5 ਮਈ ਨੂੰ

**ਲੰਡਨ/ਬਿਊਰੋ ਨਿਊਜ਼:**
ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਖਾਲਿਸਤਾਨ ਦੀ ਜੰਗੇ ਆਜਾਦੀ ਦੇ ਜੁਝਾਰੂ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਯਾਦ ਵਿੱਚ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ 5 ਮਈ ਸ਼ਨਿਚਵਾਰ ਨੂੰ ਵਿਸ਼ਾਲ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ । ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਜਨਰਲ ਸਕੱਤਰ ਸ.ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਯੂ.ਕੇ. ਭਰ ਦੀਆਂ ਸਿੱਖ ਸੰਗਤਾਂ ਅਤੇ ਜਥੇਬੰਦੀਆਂ ਨੂੰ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਨੌਜਵਾਨਾਂ ਅਤੇ ਸਿੱਖ ਸੰਗਤਾਂ ਵਲੋਂ ਭਾਈ ਮਿੰਟੂ ਨਮਿੱਤ ਸ੍ਰੀ ਅਖੰਡ ਪਾਠ ਦੇ ਭੋਗ ਪਾਉਣ ਉਪਰੰਤ ਭਾਰੀ ਦੀਵਾਨ




ਸਜਾਇਆ ਜਾਵੇਗਾ ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰ ਅਤੇ ਪੰਥਕ ਬੁਲਾਰੇ ਸ਼ਰਧਾ ਦੇ ਫੁੱਲ ਅਰਪਤ ਕਰਨਗੇ ।

ਜ਼ਿਕਰਯੋਗ ਹੈ ਕਿ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਪਟਿਆਲਾ ਜੇਲ੍ਹ ਵਿੱਚ ਹੋਈ ਸ਼ਹਾਦਤ ਤੋਂ ਬਾਅਦ ਸਮੁੱਚੀ ਸਿੱਖ ਕੌਮ ਜੇਲ੍ਹਾਂ ਵਿੱਚ ਬੰਦਾਂ ਸਿੰਘਾਂ ਦੀ ਹਿਫਾਜ਼ਤ ਲਈ ਚਿੰਤਾਤਰ ਹੈ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਸ਼ਹਾਦਤ ਜੇਲ੍ਹ ਪ੍ਰਸ਼ਾਸ਼ਨ ਅਤੇ ਸਰਕਾਰੀ ਏਜੰਸੀਆਂ ਦੀ ਮਿਲੀ ਭੁਗਤ ਨਾਲ ਹੋਈ ਹੈ । ਇਸੇ ਤਰਾਂ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਭਾਈ ਦਇਆ ਸਿੰਘ ਲਾਹੌਰੀਆ ਅਤੇ ਭਾਈ ਜਗਤਾਰ ਸਿੰਘ ਹਾਵਾਰਾ ਵੀ ਸਿਹਤ ਪੱਖੋਂ ਠੀਕ ਨਹੀਂ ਹਨ । ਜੇਲ੍ਹ ਅਧਿਕਾਰੀ ਉਹਨਾਂ ਦਾ ਢੁੱਕਵਾਂ ਇਲਾਜ ਨਹੀਂ ਕਰਵਾ ਰਹੇ ਬਲਕਿ ਅਦਾਲਤੀ ਹੁਕਮਾਂ ਤੇ ਵੀ ਅਮਲ ਨਹੀਂ ਜਾ ਰਿਹਾ ।

ਸ.ਲਵਸ਼ਿੰਦਰ ਸਿੰਘ ਡੱਲੇਵਾਲ ਨੇ ਕਿਹਾ ਕਿ ਖਾਲਿਸਤਾਨ ਦੀ ਜੰਗੇ ਅਜਾਦੀ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸਮੂਹ ਬੰਦੀ ਸਿੰਘਾਂ ਦੀ ਹਿਫਾਜ਼ਤ ਲਈ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਨੂੰ ਇੱਕਜੁਟ ਹੋ ਕੇ ਸਾਰਥਕ ਉਪਰਾਲੇ ਕਰਨ ਦੀ ਜਰੂਰਤ ਹੈ । ਭਾਰਤ ਸਰਕਾਰ ਨੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ ਮਗਰੋਂ ਹੁਣ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਖਤਮ ਕਰਨ ਲਈ ਨਵਾਂ ਤਰੀਕਾ ਲੱਭ ਲਿਆ ਹੈ ।

# ਜਥੇਦਾਰ ਹਰਮਿੰਦਰ ਸਿੰਘ ਨਿਹੰਗ ਦੀ ਸ਼ਹਾਦਤ ਨੂੰ ਸਿਜਦਾ

### *ਖਾਲਿਸਤਾਨ ਲਿਬਰੇਸ਼ਨ ਫੋਰਸ ਦੀ ਜਥੇਦਾਰੀ ਭਾਈ ਹਰਪ੍ਰੀਤ ਸਿੰਘ ਖਾਲਸਾ ਨੂੰ ਸੌਂਪੀ*

**ਅੰਮ੍ਰਿਤਸਰ/ਬਿਊਰੋ ਨਿਊਜ਼:**
ਖਾਲਿਸਤਾਨ ਲਿਬਰੇਸ਼ਨ ਫੋਰਸ ਨੇ ਇਸਦੇ ਮੁਖੀ ਜਥੇਦਾਰ ਹਰਮਿੰਦਰ ਸਿੰਘ (ਮਿੰਟੂ) ਨਿਹੰਗ ਦੀ ਮਹਾਨ ਕੁਰਬਾਨੀ ਅੱਗੇ ਸਿਜਦਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਸ਼ਹਾਦਤ ਕੌਮ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ ਜਿਸਤੋਂ ਪ੍ਰੇਰਣਾ ਲੈ ਕੇ ਖਾਲਿਸਤਾਨ ਦੀ ਪ੍ਰਾਪਤੀ ਤੱਕ ਜੁਝਾਰੂ ਸਿੰਘ ਜੂਝਦੇ ਰਹਿਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਖਾਲਿਸਤਾਨ ਲਿਬਰੇਸ਼ਨ ਫੋਰਸ ਦੀ ਹਾਈ-ਕਮਾਂਡ ਦੀ ਹੰਗਾਮੀ ਮੀਟਿੰਗ ਵਿੱਚ ਸ਼ਾਮਿਲ ਕਾਰਜਕਾਰਨੀ ਮੈਂਬਰਾਂ ਨੇ ਕੀਤਾ।

ਕਾਰਜਕਾਰਨੀ ਮੈਂਬਰਾਂ ਬਘੇਲ ਸਿੰਘ, ਜਸਵਿੰਦਰ ਸਿੰਘ, ਜਸਵੀਰ ਸਿੰਘ, ਸ਼ੇਰ ਸਿੰਘ ਅਤੇ ਮਹਾਂ ਸਿੰਘ ਸਿੰਘ ਵਲੋਂ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਰਹੀਂ ਖਾਲਿਸਤਾਨ ਦੀ ਪ੍ਰਾਪਤੀ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਂਉਦਿਆਂ ਕਿਹਾ ਗਿਆ ਹੈ ਕਿ ਜੱਥੇਦਾਰ ਨਿਹੰਗ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜੱਥੇਦਾਰਾਂ ਦੀ ਪਰੰਪਰਾ ਉੱਤੇ ਪਹਿਰਾ ਦਿੰਦਿਆਂ ਕੌਮ ਦੀ ਜੰਗ-ਏ-ਅਜ਼ਾਦੀ ਲਈ ਆਪਣਾ ਆਪਾ ਕੁਰਬਾਨ ਕੀਤਾ ਹੈ ਅਤੇ ਪਿਛਲੇ ਲੰਮੇਂ ਸਮੇਂ ਤੋਂ ਜੁਝਾਰੂ ਹਥਿਆਰਬੰਦ ਸੰਘਰਸ਼ ਵਿੱਚ ਆਈ ਖੜੋਤ ਨੂੰ ਬਾਖ਼ੂਬੀ ਤੋੜਿਆ ਹੈ, ਇਸੇ ਕਾਰਨ ਹੀ ਭਾਰਤੀ ਏਜੰਸੀਆਂ ਦੀ ਨੀਂਦ ਹਰਾਮ ਹੋਈ ਅਤੇ ਪੰਥ ਦੋਖੀਆਂ ਨੂੰ ਸੋਧਿਆ ਗਿਆ । ਜੱਥੇਦਾਰ ਨਿਹੰਗ ਨੇ ਅੱਜ ਦੇ ਪਦਾਰਥਵਾਦੀ ਯੁੱਗ ਦੇ ਸੁੱਖ-ਆਰਾਮ ਨੂੰ ਤਿਆਗਦਿਆਂ, ਗੁਰੂ ਦਸ਼ਮੇਸ਼ ਪਿਤਾ ਜੀ ਦੇ ਮਾਛੀਵਾੜੇ ਦਾ

ਬਾਕੀ ਸਫ਼ਾ 29 'ਤੇ


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿਂਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us




Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਸਤਾਰ ਦੇ ਮਾਮਲੇ ’ਤੇ ਪੰਥਕ ਤਾਲਮੇਲ ਸੰਗਠਨ ਵਲੋਂ ਸੁਪਰੀਮ ਕੋਰਟ ਨੂੰ ਚੈਲਿੰਜ

## ਸਾਨੂੰ ਅਦਾਲਤਾਂ ਜ਼ਲੀਲ ਨਾ ਕਰਨ ਤੇ ਨਾ ਹੀ ਸਾਡੀ ਸੰਵਿਧਾਨਕ ਅਜ਼ਾਦੀ ਖੋਹਣ-ਖਾਲਸਾ

**ਜਲੰਧਰ/ਬਿਊਰੋ ਨਿਊਜ਼:** ਹੁਣੇ ਜਿਹੇ ਦਸਤਾਰ ਦੇ ਮਸਲੇ, ਭਗਵੇਂਵਾਦੀ ਰਾਸ਼ਟਰਵਾਦ ਦੇ ਏਜੰਡੇ ਤੇ ਮੂਲ ਨਿਵਾਸੀਆਂ ਤੇ ਘੱਟ ਗਿਣਤੀਆਂ ਉੱਪਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਪੰਥਕ ਤਾਲਮੇਲ ਸੰਗਠਨ ਨੇ ਬਹੁਜਨ ਸਮਾਜ ਦੇ ਸਹਿਯੋਗ ਨਾਲ ਅੰਬੇਡਕਰ ਚੌਂਕ ਜਲੰਧਰ ਵਿਖੇ ਸੰਘਰਸ਼ ਦਾ ਐਲਾਨ ਕੀਤਾ ਕਿ ਉਹ ਗੁਰੂ ਨਾਨਕ ਸਾਹਿਬ ਦਾ ਪੈਗਾਮ ਲੈ ਕੇ ਮਨੁੱਖੀ ਅਜ਼ਾਦੀ, ਸਰਬੱਤ ਦੇ ਭਲੇ, ਇਨਸਾਫ਼ ਤੇ ਸ਼ਾਂਤੀ ਦੇ ਲਈ ਮਨੂਵਾਦੀ ਧਿਰਾਂ ਵਿਰੁੱਧ ਸਮੁੱਚੇ ਭਾਰਤ ਦੇ ਲੋਕਾਂ ਨੂੰ ਇਕੱਠੇ ਕਰਨਗੇ ਤੇ ਭਾਰਤ ਵਿਚ ਮਨੂੰਵਾਦ ਨੂੰ ਚੈਲਿੰਜ ਕਰਨਗੇ। ਦਸਤਾਰ ਦੇ ਮਾਮਲੇ ’ਤੇ ਉਨ੍ਹਾਂ ਨੇ ਡਾ. ਅੰਬੇਡਕਰ ਦੇ ਨਾਮ ’ਤੇ ਬੇਨਤੀ ਪੱਤਰ ਜਾਰੀ ਕਰਦਿਆਂ ਰਾਸ਼ਟਰਪਤੀ ਦੇ ਨਾਮ ’ਤੇ ਮੈਮੋਰੰਡਮ ਦੇ ਰੂਪ ਵਿਚ ਭੇਜਿਆ। ਪੰਥਕ ਤਾਲਮੇਲ ਸੰਗਠਨ ਦੇ ਚੇਅਰਮੈਨ ਗਿਆਨੀ ਕੇਵਲ ਸਿੰਘ, ਪਰਮਿੰਦਰਪਾਲ ਸਿੰਘ ਖਾਲਸਾ ਸੂਬਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਐਡਵੋਕੇਟ ਜਸਵਿੰਦਰ ਸਿੰਘ ਚੇਅਰਮੈਨ ਖਾਲਸਾ ਅਕਾਲ ਪੁਰਖ ਕੀ ਫ਼ੌਜ, ਬਲਵਿੰਦਰ ਅੰਬੇਡਕਰ ਬਸਪਾ, ਰਜਿੰਦਰ ਰਾਣਾ ਮੁਖੀ ਭਾਰਤੀ ਮੁਕਤੀ ਮੋਰਚਾ, ਕੁਲਜੀਤ ਸਿੰਘ ਅੰਮ੍ਰਿਤਸਰ, ਸੁਰਿੰਦਰਪਾਲ ਸਿੰਘ ਗੋਲਡੀ ਸੀਨੀਅਰ ਮੀਤ ਪ੍ਰਧਾਨ ਸਿੱਖ ਸੇਵਕ ਸੁਸਾਇਟੀ, ਪ੍ਰੋ. ਬਲਵਿੰਦਰਪਾਲ ਸਿੰਘ ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਸੁਖਵਿੰਦਰ ਸਿੰਘ ਕੋਟਲੀ ਬੁਲਾਰਾ ਬਹੁਜਨ ਸਮਾਜ ਪਾਰਟੀ, ਗੁਰਚਰਨ ਸਿੰਘ ਬਸਿਆਲਾ ਸਿੱਖ ਮਿਸ਼ਨਰੀ ਕਾਲਜ, ਗੋਪਾਲ ਪਾਲੀ ਨੇ ਇਹ ਪੱਤਰ ਜਾਰੀ ਕਰਦਿਆਂ ਕਿਹਾ ਅੰਬੇਡਕਰ ਨੂੰ ਬੇਨਤੀ ਕੀਤੀ ਕਿ ਅਸੀਂ ਤੁਹਾਡੇ ਕੋਲ ਇਸ ਲਈ ਆਏ ਹਾਂ, ਕਿਉਂਕਿ ਭਾਰਤ ਸਰਕਾਰ, ਸੁਪਰੀਮ ਕੋਰਟ ਅਤੇ ਅਫ਼ਸਰਸ਼ਾਹੀ ਸਾਡੀ ਸੁਣਵਾਈ ਨਹੀਂ ਕਰ ਰਹੀਆਂ। ਸਾਡੇ ਸੰਵਿਧਾਨਕ ਹੱਕ ਖਤਰੇ ਵਿਚ ਹਨ। ਅਸੀਂ ਤੁਹਾਡੇ ਰਾਹੀਂ ਇਹ ਸ਼ਿਕਾਇਤ ਰਾਸ਼ਟਰਪਤੀ ਕੋਲ ਦਰਜ ਕਰਵਾਉਣਾ ਚਾਹੁੰਦੇ ਹਾਂ ਕਿ ਦੇਸ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਜਸਟਿਸ ਐਸ.ਏ. ਗੌੜਵੇ ਅਤੇ ਐਲ.ਐਨ. ਰਾਉ ਦੇ ਬੈਂਚ ਰਾਹੀਂ, ਸਾਇਕਲਿਸਟ ਜਗਦੀਪ ਸਿੰਘ ਪੁਰੀ ਦੀ ਪਟੀਸ਼ਨ ’ਤੇ ਪੁੱਛਿਆ ਹੈ ਕਿ ਕੀ ਸਿੱਖਾਂ ਲਈ ਦਸਤਾਰ ਬੰਨ੍ਹਣੀ ਲਾਜ਼ਮੀ ਹੈ? ਅਜਿਹਾ ਕਰਕੇ ਅਦਾਲਤ ਨੇ ਇਸ ਵਾਸਤੇ ਸਾਡੇ ਕੋਲ ਸਬੂਤ ਮੰਗ ਕੇ ਸਾਡੀ ਤੌਹੀਨ ਕੀਤੀ ਹੈ ਜਦ ਕਿ ਇਹ ਅਧਿਕਾਰ 25 ਧਾਰਾ ਤਹਿਤ ਸਾਨੂੰ ਸੰਵਿਧਾਨ ਵਿਚ ਦਿੱਤੇ ਗਏ ਹਨ। ਹਾਲਾਂਕਿ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਮਰਹੂਮ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਦਸਤਾਰ ਪਹਿਨਦੇ ਰਹੇ ਹਨ। ਫੌਜ ਦੇ ਅਣਗਿਣਤ ਜਨਰਲ ਸਿੱਖ ਰਹਿ ਚੁੱਕੇ ਹਨ, ਉਹ



ਵੀ ਦਸਤਾਰਧਾਰੀ ਸਨ। ਸਿੱਖ ਫ਼ੌਜੀ ਵੀ ਦਸਤਾਰ ਪਹਿਨਦੇ ਹਨ, ਭਾਵੇਂ ਕਿ ਹੁਣ ਭਾਰਤ ਸਰਕਾਰ ਵਲੋਂ ਜ਼ਬਰੀ ਲੋਹ ਟੋਪ ਪੁਆਏ ਜਾ ਰਹੇ ਹਨ।

ਬਾਬਾ ਸਾਹਿਬ ਅੰਬੇਡਕਰ ਨੂੰ ਸੰਬੋਧਨ ਹੁੰਦਿਆਂ ਸਿੱਖ ਆਗੂਆਂ ਨੇ ਮੈਮੋਰੰਡਮ ਰਾਹੀਂ ਕਿਹਾ ਕਿ ਹੁਣ ਇਹ ਰਾਹ ਤੁਸੀਂ ਸਾਨੂੰ ਸਮਝਾਓ ਕਿ ਇਸ ਦੇਸ ਵਿਚ ਅਸੀਂ ਆਪਣੀ ਸਭਿਆਚਾਰ ਤੇ ਅਜ਼ਾਦ ਹੋਂਦ ਕਿਵੇਂ ਬਰਕਰਾਰ ਰੱਖ ਸਕਦੇ ਹਾਂ? ਜਦੋਂ ਕਿ ਹਿੰਦੂ ਰਾਸ਼ਟਰਵਾਦ ਦੇ ਨਾਮ ’ਤੇ ਦਲਿਤਾਂ, ਮੁਸਲਮਾਨਾਂ, ਪੱਛੜਿਆਂ, ਆਦਿਵਾਸੀਆਂ ’ਤੇ ਹਮਲੇ ਹੋ ਰਹੇ ਹਨ। ਆਦਿਵਾਸੀਆਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਪੰਜਾਬ ਦੇ ਪਾਣੀਆਂ ਦੇ ਹੱਕ ਖੋਹ ਲਏ ਗਏ ਹਨ। ਪੰਜਾਬ ਦੀ ਖੇਤੀ ਨੂੰ ਉਜਾੜ ਕੇ ਨਵੀਂ ਹਰੀ ਕ੍ਰਾਂਤੀ ਤਹਿਤ ਅਡਾਨੀ-ਅੰਬਾਨੀ ਦੇ ਪੇਟੇ ਪਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਖੇਤ ਮਜ਼ਦੂਰਾਂ ਤੇ ਕਿਸਾਨਾਂ ਨੂੰ ਆਤਮ-ਹੱਤਿਆਵਾਂ ਵਲ ਧਕਿਆ ਜਾ ਰਿਹਾ ਹੈ। ਪੰਜਾਬ ਵਿਚ ਸਨਅਤ ਉਜਾੜ ਕੇ ਪੰਜਾਬ ਨੂੰ ਬੇਰੁਜ਼ਗਾਰੀ ਦੇ ਰਾਹ ’ਤੇ ਪਾ ਦਿੱਤਾ ਗਿਆ ਹੈ। ਇਕ ਲੱਖ ਪੰਜਾਬੀ ਹਰ ਸਾਲ ਵਿਦੇਸ਼ਾਂ ਵਿਚ ਪਨਾਹ ਲੈਣ ਲਈ ਮਜ਼ਬੂਰ ਹੋ ਰਹੇ ਹਨ। ਪੰਜਾਬ ਬੰਜ਼ਰ ਬਣਦਾ ਜਾ ਰਿਹਾ ਹੈ। ਅਸੀਂ ਤੁਹਾਡੇ ਰਾਹੀਂ ਭਾਰਤੀ ਹਾਕਮਾਂ ਅੱਗੇ ਸੁਆਲ ਰੱਖਣਾ ਚਾਹੁੰਦੇ ਹਾਂ, ਕਿ ਕੀ ਪੰਜਾਬ, ਸਿੱਖ, ਘੱਟ ਗਿਣਤੀਆਂ, ਦਲਿਤ, ਆਦਿਵਾਸੀ, ਮੁਸਲਮਾਨ ਭਾਰਤ ਦਾ ਹਿੱਸਾ ਨਹੀਂ ਹਨ? 15 ਫੀਸਦੀ ਮਨੂਵਾਦੀਆਂ ਨੂੰ ਕੀ ਹੱਕ ਹੈ, ਕਿ ਉਹ ਹਿੰਦੂ ਰਾਸ਼ਟਰਵਾਦ ਦਾ ਐਲਾਨ ਕਰਨ ਅਤੇ ਭਾਰਤੀ ਸੰਵਿਧਾਨ ਤੇ ਮਨੁੱਖੀ ਹੱਕਾਂ ਨੂੰ ਕੁਚਲ ਕੇ ਜ਼ਬਰੀ ਮਨੂਵਾਦ ਠੋਸਣ ਦੇ ਯਤਨ ਕਰਨ। ਤੁਸੀਂ ਆਪ ਕਿਹਾ ਸੀ ਕਿ ਜੇਕਰ ਹਿੰਦੂ ਰਾਸ਼ਟਰ ਬਣ ਜਾਂਦਾ ਹੈ, ਤਾਂ ਨਿਰਸੰਦੇਹ ਇਸ ਦੇਸ਼ ਲਈ ਇਕ ਭਾਰੀ ਖਤਰਾ ਉਤਪੰਨ ਹੋ ਜਾਵੇਗਾ। ਹਿੰਦੂ ਰਾਸ਼ਟਰ ਪਰਜਾਤੰਤਰ ਦੇ ਲਈ ਖਤਰਨਾਕ ਹੈ। ਅਸੀਂ ਤੁਹਾਡੇ ਰਾਹੀਂ ਆਪਣੀ ਅਵਾਜ਼ ਰਾਸ਼ਟਰਪਤੀ ਕੋਲ ਪਹੁੰਚਾਉਣਾ ਚਾਹੁੰਦੇ ਹਾਂ, ਕਿ ਉਹ ਇਸ ਦੇਸ ਨੂੰ ਹਿੰਦੂ ਰਾਸ਼ਟਰ ਬਣਨ ਤੋਂ ਰੋਕਣ। ਇਸ ਮੌਕੇ ਪਰਮਿੰਦਰਪਾਲ ਸਿੰਘ ਖਾਲਸਾ ਨੇ ਪ੍ਰੈੱਸ ਦੇ ਨਾਮ ’ਤੇ ਰਾਸ਼ਟਰਪਤੀ ਨੂੰ ਭੇਜਿਆ ਪੱਤਰ ਤੇ ਮੈਮੋਰੰਡਮ ਰੂਪ ਵਿਚ ਗਿਆਨੀ ਕੇਵਲ ਸਿੰਘ ਦੀ ਅਗਵਾਈ ਵਿਚ ਡਾ. ਅੰਬੇਡਕਰ ਦੀ ਮੂਰਤ ਸਾਹਮਣੇ ਪ੍ਰਸ਼ਾਸ਼ਣ ਨੂੰ ਦਿੱਤਾ। ਇਸ ਮੌਕੇ ਰੂਪਕੰਵਰ ਸਿੰਘ, ਹਰਭਜਨ ਸਿੰਘ ਬੈਂਸ, ਦਵਿੰਦਰ ਸਿੰਘ ਅਨੰਦ, ਬਾਵਾ ਖਰਬੰਦਾ, ਸੁਰਿੰਦਰ ਸਿੰਘ ਕਪੂਰਥਲਾ, ਮਨਜੀਤ ਸਿੰਘ ਦੁਆ, ਬਲਦੇਵ ਸਿੰਘ ਆਦਿ ਹਾਜ਼ਰ ਸਨ।

# ਪਾਕਿਸਤਾਨ ’ਚ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਯਾਤਰੂਆਂ ਲਈ ਨਿਯਮ ਸਖ਼ਤ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਬਿਊਰੋ ਨਿਊਜ਼:** ਪਾਕਿਸਤਾਨ ‘ਚ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਸਬੰਧੀ ਨਿਯਮਾਂ ‘ਚ ਸੋਧ ਕਰਕੇ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿੱਚ ਸਖਤੀ ਵਰਤਣ ਦੇ ਰੌਅ ਵਿੱਚ ਹੈ ਤਾਂ ਜੋ ਭਵਿੱਖ ਵਿੱਚ ਸ਼ਰਧਾਲੂਆਂ ਦੇ ਲਾਪਤਾ ਹੋਣ ਜਿਹੀ ਕੋਈ ਘਟਨਾ ਨਾ ਵਾਪਰੇ। ਇਸ ਤਹਿਤ ਭਵਿੱਖ ਵਿਚ ਇਕੱਲੀ ਯਾਤਰਾ ਕਰਨ ਵਾਲੀ ਔਰਤ ਅਤੇ ਗ਼ੈਰ ਦਸਤਾਰਧਾਰੀ ਵਿਅਕਤੀਆਂ ਨੂੰ ਜਥੇ ਨਾਲ ਭੇਜਣ ਤੋਂ ਗੁਰੇਜ਼ ਕੀਤਾ ਜਾ ਸਕਦਾ ਹੈ। ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ 1796 ਵਿਅਕਤੀਆਂ ਦਾ ਜਥਾ ਗਿਆ ਸੀ, ਜਿਸ ‘ਚੋਂ 2 ਯਾਤਰੂ ਕਿਰਨ ਬਾਲਾ ਤੇ ਅਮਰਜੀਤ ਸਿੰਘ ਲਾਪਤਾ ਹੋ ਗਏ ਸਨ। ਕਿਰਨ ਬਾਲਾ ਨੇ ਤਾਂ ਧਰਮ ਤਬਦੀਲ ਕਰਕੇ ਉੱਥੋਂ ਦੇ ਮੁਸਲਿਮ ਨਾਗਰਿਕ ਨਾਲ ਨਿਕਾਹ ਕਰ ਲਿਆ ਸੀ ਜਦਕਿ ਅਮਰਜੀਤ ਸਿੰਘ ਨੂੰ ਸ਼ੇਖੂਪੁਰਾ ਇਲਾਕੇ ‘ਚੋਂ ਕਾਬੂ ਕਰਕੇ ਵਤਨ ਵਾਪਸ ਭੇਜ ਦਿੱਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਯਾਤਰੂਆਂ ਨੂੰ ਜਥੇ ਨਾਲ ਭੇਜਣ ਦੀ ਪ੍ਰਕਿਰਿਆ ‘ਤੇ ਵੀ ਸਵਾਲ ਉੱਠੇ ਸਨ। ਸ਼੍ਰੋਮਣੀ ਕਮੇਟੀ ਵੱਲੋਂ ਹੁਣ ਪੁਰਾਣੇ ਨਿਯਮ ਨੂੰ ਮੁੜ ਲਾਗੂ ਕਰਦਿਆਂ ਜਥੇ ਨਾਲ ਇਕੱਲੀ ਔਰਤ ਨੂੰ ਭੇਜਣ ਤੋਂ ਗੁਰੇਜ਼ ਕੀਤਾ ਜਾਵੇਗਾ। ਔਰਤਾਂ ਹੁਣ ਆਪਣੇ ਰਿਸ਼ਤੇਦਾਰਾਂ ਨਾਲ ਹੀ ਜਥੇ ਵਿੱਚ ਸ਼ਾਮਲ ਹੋ ਸਕਣਗੀਆਂ। ਇਸੇ ਤਰ੍ਹਾਂ ਦਸਤਾਰਧਾਰੀ ਤੇ ਗੁਰਸਿੱਖ ਵਿਅਕਤੀਆਂ ਨੂੰ ਹੀ ਜਥੇ ਨਾਲ ਜਾਣ ਵਾਸਤੇ ਯਾਤਰੂ ਵਜੋਂ ਪ੍ਰਵਾਨਗੀ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਇਸ ਸਮੁੱਚੀ ਪ੍ਰਕਿਰਿਆ ਨੂੰ ਵਿਚਾਰਨ ਤੇ ਵਾਪਰੇ ਘਟਨਾਕ੍ਰਮ ਦੀ ਜਾਂਚ ਲਈ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਰਿਪੋਰਟ ਸੌਂਪੇਗੀ। ਇਸ ਮਗਰੋਂ ਰਿਪੋਰਟ ਨੂੰ ਅੰਤ੍ਰਿੰਗ ਕਮੇਟੀ ‘ਚ ਵਿਚਾਰਿਆ ਜਾਵੇਗਾ ਅਤੇ ਸਹਿਮਤੀ ਨਾਲ ਲਾਗੂ ਕੀਤਾ ਜਾਵੇਗਾ। ਇਸ ਸਬੰਧੀ ਬਣਾਈ ਚਾਰ ਮੈਂਬਰੀ ਕਮੇਟੀ ਵਿੱਚ ਅੰਤ੍ਰਿੰਗ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਰਵਿੰਦਰ ਸਿੰਘ ਚੱਕ, ਗੁਰਤੇਜ ਸਿੰਘ ਅਤੇ ਸੁਰਿੰਦਰ ਸਿੰਘ ਸ਼ਾਮਲ ਹਨ ਜਦੋਂਕਿ ਕਮੇਟੀ ਦੇ ਕੋਆਰਡੀਨੇਟਰ ਵਜੋਂ ਜਸਵਿੰਦਰ ਸਿੰਘ ਦੀਨਪੁਰ ਵਧੀਕ ਸਕੱਤਰ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੌਰਾਨ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਮੁਖੀ ਹਰਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਪਾਕਿਸਤਾਨੀ ਓਕਾਫ ਬੋਰਡ ਨੇ ਵੀ ਸੁਨੇਹਾ ਦਿੱਤਾ ਹੈ ਕਿ ਹੁਣ ਸਿੱਖ ਯਾਤਰੂਆਂ ਦੇ ਜਥੇ ਵਿੱਚ ਸਿਰਫ ਦਸਤਾਰਧਾਰੀ ਸਿੱਖਾਂ ਨੂੰ ਹੀ ਓਕਾਫ ਬੋਰਡ ਵੱਲੋਂ ਵੀਜ਼ੇ ਦਿੱਤੇ ਜਾਣਗੇ।


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# 1971 ਵਾਲੀ ਜੰਗ ਲੜਣ ਵਾਲੇ ਕਰਨਲ ਮਹਿੰਦਰ ਸਿੰਘ ਸੋਹੀ ਨਹੀਂ ਰਹੇ

### *ਸਸਕਾਰ ਅਤੇ ਅੰਤਮ ਅਰਦਾਸ 6 ਮਈ ਦਿਨ ਐਤਵਾਰ ਨੂੰ*

**ਫੇਅਰਫੈਕਸ (ਵਰਜੀਨੀਆ)/ਬਿਊਰੋ ਨਿਊਜ਼:**
ਪਾਕਿਸਤਾਨ ਨਾਲ ਸੰਨ 1971 ਚ ਹੋਈ ਲੜਾਈ ਵਿਚ ਵੈਸਟਰਨ ਕਮਾਂਡ ਦੀ ਅਗਵਾਈ ਕਰਨ ਵਾਲੇ ਕਰਨਲ ਮਹਿੰਦਰ ਸਿੰਘ ਸੋਹੀ ਨਹੀਂ ਰਹੇ । ਉਹ 25 ਅਪ੍ਰੈਲ ਨੂੰ ਅਕਾਲ ਚਲਾਣਾ ਕਰ ਗਏ। ਕਰਨਲ ਮਹਿੰਦਰ ਸਿੰਘ ਸੋਹੀ ਦਾ ਜਨਮ ਇਕ ਸਤੰਬਰ 1932 ਵਿਚ ਪਿੰਡ ਧਨੌਰੀ ਜ਼ਿਲਾ ਰੋਪੜ ਵਿਖੇ ਇਕ ਅਗਾਂਹਵਧੂ ਕਿਸਾਨ ਪਰਿਵਾਰ ਚ ਹੋਇਆ । ਉਨ੍ਹਾਂ ਨੇ ਉਸ ਸਮੇਂ ਚ ਖਾਲਸਾ ਹਾਈ ਸਕੂਲ ਕੁਰਾਲੀ ਤੋਂ ਦਸਵੀਂ ਦਾ ਇਮਤਿਹਾਨ 770 ਨੰਬਰ ਲੈ ਕੇ ਪਾਸ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ । ਅਜੇ ਉਹਨਾਂ ਲੁਧਿਆਣੇ ਖੇਤੀਬਾੜੀ ਕਾਲਿਜ ਵਿਚ ਦਾਖਿਲਾ ਲਿਆ ਹੀ ਸੀ ਕਿ ਭਾਰਤੀ ਫੌਜ ਵਲੋਂ ਨੌਕਰੀ ਦਾ ਸੱਦਾ ਆ ਗਿਆ । ਫੌਜ 'ਚ ਅਫਸਰਾਂ ਨੇ ਉਨ੍ਹਾਂ ਅਗੇ ਪੜ੍ਹਾਈ ਕਰਨ ਵਾਸਤੇ ਭੇਜ ਦਿਤਾ । ਬੜੀ ਮਿਹਨਤ ਅਤੇ ਲਗਨ ਨਾਲ ਸੰਨ 1959 ਤਕ ਇੰਡੀਅਨ ਮਿਲੀਟਰੀ ਅਕੈਡਮੀ ਦੇਹਰਾਦੂਨ ਤੋਂ ਪੜ੍ਹਾਈ ਪੂਰੀ ਕਰਨੇ ਬੜੀ ਸ਼ਿਦਤ ਨਾਲ ਨੌਕਰੀ ਕੀਤੀ ।



ਭਾਵੇਂ ਮਹਿੰਦਰ ਸਿੰਘ ਸੋਹੀ ਨੂੰ ਅਮਰੀਕਾ ਦੀ ਮਿਸ਼ੀਗਨ ਸਟੇਟ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਦਾ ਸੱਦਾ ਮਿਲਿਆ ਪਰ ਉਨ੍ਹਾਂ ਨੇ ਭਾਰਤੀ ਫੌਜ ਵਿਚ ਦੇਸ਼ ਦੀ ਸੇਵਾ ਕਰਨ ਦਾ ਫ਼ੈਸਲਾ ਲਿਆ । ਪਾਕਿਸਤਾਨ ਨਾਲ 1971 ਚ ਹੋਈ ਲੜਾਈ 'ਚ ਕਰਨਲ ਸੋਹੀ ਨੂੰ ਵੈਸਟਰਨ ਕਮਾਂਡ ਦੀ ਅਗਵਾਈ ਦੀ ਜਿੰਮੇਵਾਰੀ ਦਿੱਤੀ ਗਈ ਜਿਹੜੀ ਉਹਨਾਂ ਨੇ ਜਲੰਧਰ ਨੇੜੇ ਸੁਰਾਨਸੀ ਤੋਂ ਦੁਸ਼ਮਣਾਂ ਨੂੰ ਲੋਹਾ ਮਨਵਾ ਕੇ ਪੂਰੀ ਕੀਤੀ । ਸੰਨ 1975 ਵਿਚ ਉਨ੍ਹਾਂ ਨੂੰ 26 ਜਨਵਰੀ ਦੀ ਪਰੇਡ ਵੇਲੇ ਪ੍ਰਧਾਨ ਮੰਤਰੀ ਦੀ ਸਕਿਊਰਿਟੀ ਦੀ ਜ਼ਿੰਮੇਵਾਰੀ ਦਿੱਤੀ ਗਈ । ਮਹਿੰਦਰ ਸਿੰਘ ਸੋਹੀ 1984 ਵਿਚ ਕਰਨਲ ਦੇ ਅਹੁਦੇ ਤੋਂ ਰਿਟਾਇਰ ਹੋਣ ਬਾਅਦ ਵਾਸ਼ਿੰਗਟਨ ਡੀਸੀ ਵਸ ਗਏ। ਅਮਰੀਕਾ ਆ ਕੇ ਉਨ੍ਹਾਂ ਨੇ ਸਖ਼ਤ ਮਿਹਨਤ ਨਾਲ ਅਪਣੇ ਪਰਿਵਾਰ ਨੂੰ ਸੈੱਟ ਕੀਤਾ । ਦੋ ਸਾਲ ਪਹਿਲਾਂ 23 ਅਪ੍ਰੈਲ 2016 ਨੂੰ ਉਨ੍ਹਾਂ ਦੀ ਪਤਨੀ ਗੁਰਬਰਿੰਦਰ ਕੌਰ ਸੋਹੀ ਅਚਾਨਕ ਸਾਥ ਛੱਡ ਦੇਣ ਬਾਅਦ ਉਹ ਬੀਮਾਰ ਰਹਿਣ ਲੱਗ ਪਏ । ਉਨ੍ਹਾਂ ਦੀ ਇਕਲੌਤੀ ਬੇਟੀ ਕੁਲਜੀਤ ਕੌਰ, ਜਵਾਈ ਨਵਜੀਤ ਸਿੰਘ, ਦੋਤਰੀ ਨੂਰ ਅਤੇ ਦੋਤਰੇ ਅਨੀਲ ਨੇ ਉਨ੍ਹਾਂ ਦੀ ਸੇਵਾ ਵਿਚ ਦਿਨ ਰਾਤ ਇਕ ਕਰ ਦਿਤਾ । ਦੋ ਮਹੀਨੇ ਪਹਿਲਾਂ ਅਪਣੀ ਇਛਅਨੁਸਾਰ ਕਰਨਲ ਕਰਨਲ ਮਹਿੰਦਰ ਸਿੰਘ ਸੋਹੀ ਆਪਣੀ ਬੇਟੀ ਨਾਲ ਪੰਜਾਬ ਜਾ ਕੇ ਵਾਪਸ ਐਸ਼ਬਰਨ ਪਰਤੇ ਸਨ । ਆਖਿਰ ਵਿਚ ਕਰਨਲ ਸੋਹੀ ਜਿੰਦਗੀ ਦੀ ਲੜਾਈ ਹਾਰ ਕੇ 25 ਅਪ੍ਰੈਲ 2018 ਨੂੰ ਇਸ ਫਾਨੀ ਦੁਨੀਆਂ ਨੂੰ ਸਦਾ ਵਾਸਤੇ ਸਲੂਟ ਮਾਰ ਕੇ ਅਲਵਿਦਾ ਹੋ ਗਏ ।

ਕਰਨਲ ਮਹਿੰਦਰ ਸਿੰਘ ਸੋਹੀ ਦਾ ਸਸਕਾਰ 6 ਮਈ 2018 ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਫੇਅਰਫੈਕਸ ਮੈਮੋਰੀਅਲ ਫੂਨਰਲ ਹੋਮ, 9902 ਬਰੈਡਡੋਕ ਰੋਡ, ਫੇਅਰਫੈਕਸ, ਵਰਜੀਨੀਆ-220 32 (ਫੋਨ: 703-425-9702) ਅਤੇ ਅੰਤਿਮ ਅਰਦਾਸ ਰਾਜ ਖਾਲਸਾ ਗੁਰਦੁਆਰਾ, 22821 ਸਿਲਵਰਬਰੂਕ ਸੈਂਟਰ ਡਰਾਈਵ, ਸਟਰਲਿੰਗ, ਵਰਜੀਨੀਆ-20166, ਸ਼ਾਮੀਂ 5:00 ਵਜੇ ਤੋਂ ਸ਼ਾਮੀਂ 7:00 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਫੋਨ ਨੰਬਰ 703-314-3955, 703-314-3632 ਸੰਪਰਕ ਕੀਤਾ ਜਾ ਸਕਦਾ ਹੈ।

### *ਪੰਜਾਬ ਪੁਲੀਸ ਦਾ ਕਾਲਾ ਕਾਰਨਾਮਾ*

# ਚੰਦਰਾ ਹਨੇਰਾ ਖਾ ਗਿਆ, ਸ਼ੇਰ ਪੁੱਤ ਬੱਗੇ ਨੂੰ

**ਮਾਨਸਾ/ਬਿਊਰੋ ਨਿਊਜ਼:**
ਨੌਜਵਾਨ ਜਸਬੀਰ ਸਿੰਘ ਦਾ ਫੂਲ ਅਦਾਲਤ ਵਿੱਚ ਆਖਰੀ ਤਰਲਾ ਸੀ 'ਜਨਾਬ, ਮੈਨੂੰ ਰਿਹਾਅ ਨਾ ਕਰੋ, ਪੁਲੀਸ ਤੋਂ ਖ਼ਤਰਾ ਹੈ।' ਅਦਾਲਤੀ ਰਿਕਾਰਡ ਵਿੱਚ ਇਹ ਤਰਲਾ ਦਰਜ ਹੋ ਗਿਆ। 28 ਸਾਲ ਪਹਿਲਾਂ ਕਸਬਾ ਭੀਖੀ ਦਾ ਇਹ ਨੌਜਵਾਨ ਬਠਿੰਡਾ ਜੇਲ੍ਹ 'ਚੋਂ ਰਿਹਾਅ ਤਾਂ ਹੋਇਆ, ਪਰ ਅੱਜ ਤੱਕ ਘਰ ਨਹੀਂ ਪੁੱਜਾ। ਉਹ ਇਕੱਲਾ ਨਹੀਂ ਬਲਕਿ ਪੂਰਾ ਅਦਾਲਤੀ ਰਿਕਾਰਡ ਵੀ ਗਾਇਬ ਹੋ ਗਿਆ। ਫੂਲ ਅਦਾਲਤ ਨੇ ਗੁੰਮ ਰਿਕਾਰਡ ਨੂੰ ਲੱਭਣ ਲਈ ਹੁਕਮ ਕੀਤੇ, ਪਰ ਅੱਜ ਤੱਕ ਇਸ ਪਾਸੇ ਕੋਈ ਪੇਸ਼ਕਦਮੀ ਨਹੀਂ ਹੋਈ। ਜਸਬੀਰ ਸਿੰਘ ਬਠਿੰਡਾ ਜੇਲ੍ਹ 'ਚੋਂ 19 ਮਾਰਚ 1990 ਨੂੰ ਕੈਦੀ ਨੰਬਰ 278 ਵਜੋਂ ਰਿਹਾਅ ਹੋਇਆ, ਜਿਸ ਦੀ ਉਹਦੀ ਬਿਰਧ ਮਾਂ ਸਮਸ਼ੇਰ ਕੌਰ(65 ਸਾਲ) ਨੂੰ ਅੱਜ ਵੀ ਉਡੀਕ ਹੈ। ਪਤੀ ਦੇ ਜਹਾਨੋਂ ਤੁਰ ਜਾਣ ਕਰਕੇ ਉਹਦੀ ਜ਼ਿੰਦਗੀ ਪਹਿਲਾਂ ਹੀ ਰੁੱਖੀ ਹੋ ਗਈ ਸੀ। ਮਗਰੋਂ ਪੁੱਤ ਦੀ ਭਾਲ ਨੇ ਉਸ ਨੂੰ ਦੁੱਖਾਂ ਦੇ ਘੋਲ ਵਿੱਚ ਸੁੱਟ ਦਿੱਤਾ। ਹੁਣ ਬਿਰਧ ਮਾਂ ਦੀ ਇੱਕੋ ਇੱਛਾ ਹੈ ਕਿ ਜਵਾਨ ਪੁੱਤ ਨੂੰ ਖਪਾਉਣ ਵਾਲੇ ਸਲਾਖਾਂ ਪਿੱਛੇ ਡੱਕੇ ਜਾਣ।



ਬਦਨਸੀਬ ਬਿਰਧ ਮਾਂ ਸ਼ਮਸ਼ੇਰ ਕੌਰ ਆਪਣੇ ਪੁੱਤ ਦੀ ਤਸਵੀਰ ਨਾਲ।

ਸਮਸ਼ੇਰ ਕੌਰ ਦਾ ਪੁੱਤ ਪੰਚਾਇਤ ਸਕੱਤਰ ਵਜੋਂ ਭਵਾਨੀਗੜ੍ਹ ਵਿੱਚ ਤਾਇਨਾਤ ਸੀ। ਰਿਕਾਰਡ ਅਨੁਸਾਰ ਜਸਬੀਰ ਸਿੰਘ 'ਤੇ ਸਿੱਖ ਸੰਘਰਸ਼ ਦੌਰਾਨ ਥਾਣਾ ਫੂਲ 'ਚ 12 ਅਕਤੂਬਰ 1989 ਨੂੰ ਅਤੇ ਮਗਰੋਂ ਥਾਣਾ ਨਥਾਣਾ 'ਚ 12 ਫਰਵਰੀ 1990 ਨੂੰ ਕੇਸ ਦਰਜ ਹੋਏ। ਪੁਲੀਸ ਰਿਕਾਰਡ ਅਨੁਸਾਰ ਥਾਣਾ ਫੂਲ ਦੇ ਤਤਕਾਲੀ ਥਾਣੇਦਾਰ ਅਨਿਲ ਕੁਮਾਰ ਨੇ 15 ਫਰਵਰੀ 1990 ਨੂੰ ਉਸ ਨੂੰ ਬੱਸ ਅੱਡਾ ਫੂਲ ਤੋਂ ਗ੍ਰਿਫਤਾਰ ਕੀਤਾ ਤੇ ਪੁੱਛਗਿੱਛ ਲਈ ਰਾਮਪੁਰਾ ਭੇਜ ਦਿੱਤਾ। ਦੋਵਾਂ ਕੇਸਾਂ ਵਿੱਚ ਜਸਬੀਰ ਸਿੰਘ ਦੀ ਗ੍ਰਿਫ਼ਤਾਰੀ ਪਾਈ ਗਈ। ਉਦੋਂ ਮਾਪਿਆਂ ਦੀ ਪਟੀਸ਼ਨ 'ਤੇ ਹਾਈ ਕੋਰਟ ਨੇ ਵਰੰਟ ਅਫਸਰ ਸੀਆਈਏ ਸਟਾਫ ਰਾਮਪੁਰਾ ਭੇਜਿਆ ਸੀ। ਮਾਂ ਆਖਦੀ ਹੈ ਕਿ ਜਦੋਂ ਵਰੰਟ ਅਫਸਰ ਨੇ ਛਾਪਾ ਮਾਰਿਆ ਤਾਂ ਪੁਲੀਸ ਨੇ ਉਦੋਂ ਹੀ ਜਸਬੀਰ ਨੂੰ ਦੋ ਝੂਠੇ ਕੇਸਾਂ 'ਚ ਨਾਮਜ਼ਦ ਕਰ ਦਿੱਤਾ, ਜਦੋਂ ਕਿ ਪਹਿਲਾਂ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਹੋਇਆ ਸੀ। ਮਗਰੋਂ ਮਾਪਿਆਂ ਦੀ ਪਟੀਸ਼ਨ 'ਤੇ ਫਰਵਰੀ 1990 ਵਿੱਚ ਸੀਆਈਡੀ (ਚੰਡੀਗੜ੍ਹ) ਦੇ ਐਸਪੀ ਉਮਰਾਓ ਸਿੰਘ ਕੰਗ ਨੂੰ ਮਾਮਲੇ ਦੀ ਜਾਂਚ ਸੌਂਪੀ ਗਈ। ਜਾਂਚ ਰਿਪੋਰਟ 'ਚ ਪੁਲੀਸ ਦਾ ਝੂਠ ਬੇਪਰਦ ਹੋ ਗਿਆ। ਜਾਂਚ ਰਿਪੋਰਟ ਮੁਤਾਬਕ ਜਸਬੀਰ ਨੂੰ ਉਸ ਦੇ ਭੀਖੀ ਵਿਚਲੇ ਘਰ 'ਚੋਂ ਪੁਲੀਸ ਨੇ 6 ਫਰਵਰੀ 1990 ਨੂੰ ਚੁੱਕਿਆ। ਉਸ 'ਤੇ ਤਸ਼ੱਦਦ ਕੀਤਾ ਗਿਆ ਅਤੇ ਝੂਠੀ ਬਰਾਮਦਗੀਆਂ ਪਾਈਆਂ ਗਈਆਂ। ਜਾਂਚ ਰਿਪੋਰਟ ਅਨੁਸਾਰ ਜਸਬੀਰ ਨੂੰ ਪੁਲੀਸ ਨੇ ਰਾਮਪੁਰਾ ਤੇ ਨਥਾਣਾ ਵਿੱਚ ਦੋ ਝੂਠੇ ਕੇਸ ਦਰਜ ਕਰਕੇ ਫਸਾਇਆ। ਰਿਪੋਰਟ 'ਚ ਜਸਬੀਰ ਨੂੰ ਦੋਵਾਂ ਕੇਸਾਂ 'ਚੋਂ ਰਿਹਾਅ ਕਰਨ ਦੀ ਸਿਫਾਰਿਸ਼ ਵੀ ਕੀਤੀ ਗਈ। ਅਦਾਲਤ ਨੇ ਰਿਪੋਰਟ ਦੇ ਅਧਾਰ 'ਤੇ ਇਨ੍ਹਾਂ ਕੇਸਾਂ ਵਿਚੋਂ ਨੌਜਵਾਨ ਨੂੰ ਡਿਸਚਾਰਜ ਕਰਨ ਦੇ ਹੁਕਮ ਕੀਤੇ।

ਜਦੋਂ ਉਕਤ ਦੋ ਕੇਸਾਂ ਵਿਚ ਜਸਬੀਰ ਸਿੰਘ ਤੋਂ ਬਿਨਾਂ ਹੋਰਨਾਂ ਵਿਅਕਤੀਆਂ ਦਾ ਕੇਸ ਅਦਾਲਤ ਵਿੱਚ ਚੱਲਿਆ ਤਾਂ ਪਤਾ ਲੱਗਾ ਕਿ ਜਸਬੀਰ ਸਿੰਘ ਦੇ ਅਦਾਲਤੀ ਬਿਆਨ ਵਾਲੀ ਸਟੇਟਮੈਂਟ ਸਮੇਤ ਪੂਰਾ ਰਿਕਾਰਡ ਹੀ ਗਾਇਬ ਹੋ ਗਿਆ ਹੈ। ਮਾਂ ਸਮਸ਼ੇਰ ਕੌਰ ਆਖਦੀ ਹੈ ਕਿ ਪੁਲੀਸ ਦੇ ਹੱਥ ਸਚਮੁੱਚ ਲੰਮੇ ਹੁੰਦੇ ਹਨ, ਜਿਨ੍ਹਾਂ ਨੇ ਪਹਿਲਾਂ ਉਸ ਦੇ ਪੁੱਤ ਨੂੰ ਗਾਇਬ ਕਰ ਦਿੱਤਾ ਅਤੇ ਮਗਰੋਂ ਅਦਾਲਤ 'ਚੋਂ ਰਿਕਾਰਡ। ਉਹ ਆਖਦੀ ਹੈ ਕਿ ਪੁਲੀਸ ਅਫ਼ਸਰਾਂ ਨੇ ਉਸ ਦੇ ਪੁੱਤ ਨੂੰ ਖ਼ਤਮ ਕਰ ਦਿੱਤਾ ਹੈ ਜਿਸ ਕਰਕੇ ਉਸ ਨੇ ਹੁਣ ਹਾਈ ਕੋਰਟ 'ਚ ਪਟੀਸ਼ਨ ਪਾਈ ਹੈ। ਇਹ ਬਿਰਧ ਮਾਂ ਅੱਜਕੱਲ੍ਹ ਆਪਣੀ ਧੀ ਨਾਲ ਰਹਿ ਰਹੀ ਹੈ। ਹਾਈਕੋਰਟ 'ਚ ਕੇਸ ਦੀ ਅਗਲੀ ਸੁਣਵਾਈ 13 ਜੁਲਾਈ ਨੂੰ ਹੋਵੇਗੀ।

### ਤੱਥਾਂ 'ਚ ਕੁਝ ਵੀ ਗ਼ਲਤ ਨਹੀਂ: ਡੀਐਸਪੀ

ਡੀਐਸਪੀ ਫੂਲ ਜਸਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਇਹ ਬਹੁਤ ਪੁਰਾਣਾ ਕੇਸ ਹੈ, ਜਿਸ ਦਾ ਜਵਾਬ ਪੁਲੀਸ ਰਿਕਾਰਡ ਅਨੁਸਾਰ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਤੱਥ ਰਿਕਾਰਡ 'ਤੇ ਹਨ।



# ਬਹਿਬਲ ਗੋਲੀ ਕਲਾਂ ਕਾਂਡ ਤੋਂ ਪਹਿਲਾਂ ਦੇ ਹਾਲਾਤ ਤੋਂ ਬਾਦਲ ਨੂੰ ਸੀ ਪੂਰੀ ਖ਼ਬਰ

- **ਬਾਦਲ ਦੀਆਂ ਹਦਾਇਤਾਂ 'ਤੇ ਡੀਜੀਪੀ ਰਾਹੀਂ ਭਾਣਾ ਵਾਪਰਿਆ**
- **ਸੁਖਬੀਰ ਬਾਦਲ ਦੇ ਬਿਆਨਾਂ ਨੂੰ ਝੂਠਾ ਕਰਾਰ ਦੇ ਕੇ ਕਮਿਸ਼ਨ ਨੇ ਲਿਆ ਨੋਟਿਸ ਕਿ ਬੇਅਦਬੀ ਪਿੱਛੇ ਵਿਦੇਸ਼ੀ ਸਾਜ਼ਿਸ਼ ਦਾ ਹੱਥ**
- **ਕਮਿਸ਼ਨ ਤੋਂ ਔਖੇ ਬਾਦਲ ਨੇ ਕਿਹਾ ਕਿ ਕੈਪਟਨ ਬਦਲਾਖੋਰੀ ਵਾਲੀ ਨੀਤੀ ਅਪਨਾ ਰਿਹਾ**

**ਚੰਡੀਗੜ੍ਹ/ਬਿਊਰੋ ਨਿਊਜ਼:** ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਵਾਪਰੀਆਂ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਤੇ ਪੁਲੀਸ ਕਾਰਵਾਈ ਵਿਚ ਹੋਈਆਂ ਮੌਤਾਂ ਦੇ ਕੇਸਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕੋਟਕਪੂਰਾ ਨੇੜਲੇ ਪਿੰਡ ਬਹਿਬਲ ਕਲਾਂ ਵਿੱਚ ਰੋਸ ਪ੍ਰਗਟਾਅ ਰਹੇ ਸਿੱਖਾਂ 'ਤੇ ਪੁਲੀਸ ਫਾਇਰਿੰਗ ਦੀ ਘਟਨਾ ਤੋਂ ਪਹਿਲਾਂ ਦੇ ਹਾਲਾਤ ਦੀ ਪੂਰੀ ਜਾਣਕਾਰੀ ਸੀ ਤੇ ਉਨ੍ਹਾਂ ਸਥਿਤੀ ਨਾਲ ਨਜਿੱਠਣ ਲਈ 'ਕੁਝ ਹਦਾਇਤਾਂ' ਦਿੱਤੀਆਂ ਸਨ। ਕਮਿਸ਼ਨ ਨੇ ਆਪਣੇ ਹੁਕਮ ਵਿੱਚ ਇਹ ਦਰਜ ਕੀਤਾ ਹੈ ਕਿ ਇਹ ਹਦਾਇਤਾਂ ਡੀਜੀਪੀ ਰਾਹੀਂ ਦਿੱਤੀਆਂ ਗਈਆਂ ਸਨ। ਇਸ ਅਨੁਸਾਰ 14 ਅਕਤੂਬਰ 2015 ਨੂੰ ਸਵੇਰ 6 ਵਜੇ ਤੋਂ ਸਵੇਰੇ 7 ਵਜੇ ਦਰਮਿਆਨ ਫਾਇਰਿੰਗ ਹੋਈ ਸੀ। ਕਮਿਸ਼ਨ ਕੋਲ ਪੇਸ਼ ਕੀਤੇ ਗਏ ਸਬੂਤਾਂ ਤੋਂ ਪਤਾ ਚਲਦਾ ਹੈ ਕਿ ਉਸ ਵੇਲੇ ਦੇ ਮੁੱਖ ਮੰਤਰੀ ਦੇ ਦਫ਼ਤਰ ਨਾਲ ਪੁਲੀਸ ਕਾਰਵਾਈ ਤੋਂ ਪਹਿਲਾਂ ਅੱਧੀ ਰਾਤ ਦੇ ਵਕਤ ਰਾਬਤਾ ਕੀਤਾ ਗਿਆ ਸੀ। ਕਮਿਸ਼ਨ ਸਾਹਮਣੇ ਇਹ ਸਬੂਤ ਵੀ ਪੇਸ਼ ਕੀਤੇ ਗਏ ਹਨ ਕਿ ਸਬੰਧਿਤ ਹਲਕੇ ਦੇ ਤਤਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੇ ਆਪ ਜਾਂ ਆਪਣੇ ਸਕੱਤਰ ਗਗਨਦੀਪ ਬਰਾੜ ਰਾਹੀਂ ਬਾਦਲ ਨਾਲ ਸੰਪਰਕ ਕੀਤਾ ਸੀ। ਉਸ ਨੇ ਡਿਪਟੀ ਕਮਿਸ਼ਨਰ ਫਰੀਦਕੋਟ ਨਾਲ 14 ਅਕਤੂਬਰ 2015 ਨੂੰ ਰਾਤੀਂ 1.51 ਮਿੰਟ ਤੋਂ ਲੈ ਕੇ ਕੁੱਲ 21 ਐਸਐਮਐਸ'ਜ਼ ਦਾ ਤਬਾਦਲਾ ਕੀਤਾ ਸੀ। ਇਸ ਦੌਰਾਨ ਗਗਨਦੀਪ ਬਰਾੜ ਦੀ ਵੀ ਡਿਪਟੀ ਕਮਿਸ਼ਨਰ ਨਾਲ ਗੱਲ ਹੋਈ ਸੀ ਤੇ ਮਨਤਾਰ ਬਰਾੜ ਤੇ ਗਗਨਦੀਪ ਬਰਾੜ ਵਿਚਾਲੇ ਵੀ ਸਵੇਰੇ 2.28 ਵਜੇ ਤੋਂ ਲੈ ਕੇ 3.11 ਵਜੇ ਤੱਕ ਚਾਰ ਵਾਰ ਗੱਲ ਹੋਈ ਸੀ। ਪ੍ਰਤੀਤ ਹੁੰਦਾ ਹੈ ਕਿ ਕਮਿਸ਼ਨ ਨੂੰ ਉਪਲਬਧ ਹੋਏ ਰਿਕਾਰਡ ਪਹਿਲਾਂ ਹੀ ਉਸ ਵੇਲੇ ਦੇ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆ ਦਿੱਤਾ ਗਿਆ ਸੀ ਤਾਂ ਕਿ ਉਹ ਇਸ ਦਾ ਜਵਾਬ ਦੇ ਸਕਣ। ਨੋਟਿਸ ਵਿੱਚ ਮੁੱਖ ਮੰਤਰੀ ਦੇ ਸਟਾਫ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਰਮਿਆਨ ਹੋਈਆਂ ਕਾਲਾਂ ਦੇ ਵੇਰਵੇ ਵੀ ਮੁਹੱਈਆ ਕਰਵਾਏ ਗਏ ਸਨ। ਬਾਦਲ ਨੇ ਨੋਟਿਸ ਵਿੱਚ ਮੰਗੀ ਜਾਣਕਾਰੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਹੈ ਤੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਮਿਸ਼ਨ ਨੂੰ ਰੱਦ ਕਰਦੀ ਹੈ।

ਕਮਿਸ਼ਨ ਨੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਉਨ੍ਹਾਂ ਦਾਅਵਿਆਂ ਦਾ ਵੀ ਨੋਟਿਸ ਲਿਆ ਸੀ ਜਿਨ੍ਹਾਂ ਵਿੱਚ ਉਨ੍ਹਾਂ ਕਿਹਾ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੋਈ ਅੰਤਰਰਾਸ਼ਟਰੀ ਸਾਜ਼ਿਸ਼ ਕੰਮ ਕਰਦੀ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਜਾਂ ਤਾਂ ਝੂਠ ਬੋਲ ਰਹੇ ਸਨ ਜਾਂ ਫਿਰ ਜਾਣਕਾਰੀ ਛੁਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਕਰ ਕੇ ਉਨ੍ਹਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 176 ਤੇ 177 ਤਹਿਤ ਕਾਰਵਾਈ ਹੋ ਸਕਦੀ ਹੈ।

## ਕਮਿਸ਼ਨ ਤੋਂ ਪ੍ਰਕਾਸ਼ ਸਿੰਘ ਬਾਦਲ ਹੋਇਆ ਔਖਾ



ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਤੇ ਹੋਰਨਾਂ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਦੇ ਮਾਮਲੇ ਦੀ ਜਾਂਚ ਲਈ ਕੈਪਟਨ ਸਰਕਾਰ ਵੱਲੋਂ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਬਣਾਏ ਕਮਿਸ਼ਨ ਦੇ ਕੁੱਝ ਖੁਲਾਸਿਆਂ ਦੇ ਮਾਮਲੇ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਦਲਾਖੋਰੀ ਦੀ ਸਿਆਸਤ ਦਾ ਰਾਗ ਅਲਾਪਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਅਤੇ ਉਨ੍ਹਾਂ (ਬਾਦਲਾਂ) ਖ਼ਿਲਾਫ਼ ਆਪਣੀ ਪੁਰਾਣੀ ਸਿਆਸੀ ਅਤੇ ਨਿੱਜੀ ਬਦਲਾਖੋਰੀ ਵਾਲੀ ਨੀਤੀ ਉੱਤੇ ਚੱਲ ਰਹੇ ਹਨ। ਸਾਬਕਾ ਮੁੱਖ ਮੰਤਰੀ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਹਾਈ ਕੋਰਟ ਦੇ ਇਸ ਸਾਬਕਾ ਜੱਜ ਨੇ ਕਾਂਗਰਸ ਸਰਕਾਰ ਦੇ ਹੱਥਾਂ ਵਿਚ ਖੇਡਣ ਵਾਲਾ 'ਬਦਲੇਖੋਰੀ ਦਾ ਸੰਦ' ਬਣ ਕੇ ਮੁਲਕ ਵਿੱਚ ਨਿਆਂਪਾਲਿਕਾ ਦੀ ਸ਼ਾਨ ਨੂੰ ਘਟਾਇਆ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 28 ਮਈ ਨੂੰ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਇਸ ਰਿਪੋਰਟ ਨੂੰ ਜਨਤਕ ਕਰਨ ਕਰਕੇ ਸਾਰਾ ਮਾਮਲਾ ਸ਼ੱਕੀ ਹੋ ਗਿਆ ਹੈ, ਕਿਉਂਕਿ ਇਹ ਸਮਾਂ ਰਾਜਨੀਤਕ ਪੱਖ ਤੋਂ ਅਹਿਮ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਪਤਾ ਚੱਲਦਾ ਹੈ ਕਿ ਇਹ ਅਖੌਤੀ ਰਿਪੋਰਟ ਅਤੇ ਇਸ ਦੇ ਲੇਖਕ ਦੀ ਮਾਨਸਿਕਤਾ ਦਾ ਕਿੰਨਾ ਸਿਆਸੀਕਰਨ ਹੋ ਚੁੱਕਾ ਹੈ। ਜ਼ਿਕਰਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਪੜਤਾਲੀਆ ਰਿਪੋਰਟ ਵਿੱਚ ਸਾਬਕਾ ਮੁੱਖ ਮੰਤਰੀ ਦੀ ਭੂਮਿਕਾ 'ਤੇ ਸਵਾਲ ਉਠਾਏ ਗਏ ਹਨ। ਪ੍ਰਕਾਸ਼ ਸਿੰਘ ਬਾਦਲ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ 'ਤੇ ਦੋਸ਼ ਲਾਇਆ ਕਿ ਇਸ ਸਾਬਕਾ ਜੱਜ ਨੇ ਦੋਗਲੀਆਂ ਗੱਲਾਂ ਕਰਕੇ ਨਿਆਂਪਾਲਿਕਾਂ ਦੇ ਨਾਂ ਦੀ ਦੁਰਵਰਤੋਂ ਕੀਤੀ ਹੈ ਅਤੇ ਇਨਸਾਫ਼ ਦਾ ਮਜ਼ਾਕ ਉਡਾਇਆ ਹੈ।

# ਗੁਰਮਤਿ ਸਮਾਗਮ ਦੌਰਾਨ 'ਜਬੈ ਬਾਣ ਲਾਗਯੋ' ਪੁਸਤਕ ਰਿਲੀਜ਼

**ਸ. ਪੁਰੇਵਾਲ ਤੇ ਭਾਈ ਜੋਗਾ ਸਿੰਘ ਦੀ ਅਗਵਾਈ 'ਚ ਮਨਪ੍ਰੀਤ ਸਿੰਘ ਯੂਕੇ ਨੇ ਕੀਤਾ ਉਪਰਾਲਾ**



**ਡਰਬੀ/ਬਿਊਰੋ ਨਿਊਜ਼:** ਇੱਥੇ ਭਾਈ ਮਨਪ੍ਰੀਤ ਸਿੰਘ ਖਾਲਸਾ ਜਰਨਲਿਸਟ, ਚੇਅਰਮੈਨ ਗਿਆਨੀ ਦਿੱਤ ਸਿੰਘ ਸਾਹਿਤ ਸਭਾ (ਯੂਕੇ, ਯੂਰਪ) ਵਲੋਂ ਕਰਵਾਏ ਗੁਰਮਤਿ ਸਮਾਗਮ ਦੇ ਸ਼ੁਭ ਮੌਕੇ ਦੌਰਾਨ ਭਾਈ ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਪੰਜਾਬ ਟਾਈਮਜ਼, ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਤੇ ਭਾਈ ਜੋਗਾ ਸਿੰਘ ਅਖੰਡ ਕੀਰਤਨੀ ਜੱਥੇ ਵਲੋਂ ਪ੍ਰੋ. ਬਲਵਿੰਦਰਪਾਲ ਸਿੰਘ ਦੀ ਸੰਪਾਦਿਤ ਪੁਸਤਕ 'ਜਬੈ ਬਾਣ ਲਾਗਯੋ' ਰਿਲੀਜ਼ ਕੀਤੀ ਗਈ। ਇਸ ਵਿਚ 16 ਲੇਖਕਾਂ ਜਸਪਾਲ ਸਿੰਘ ਸਿੱਧੂ, ਅਜਮੇਰ ਸਿੰਘ, ਪ੍ਰੋ. ਬਲਵਿੰਦਰਪਾਲ ਸਿੰਘ, ਸਰਬਜੀਤ ਸਿੰਘ ਘੁਮਾਣ, ਪ੍ਰੋ. ਜਸਪਿੰਦਰ ਸਿੰਘ ਰੁਪਾਲ, ਡਾ. ਸਵਰਾਜ ਸਿੰਘ ਅਮਰੀਕਾ, ਸਵਰਨਜੀਤ ਸਿੰਘ ਖਾਲਸਾ ਅਮਰੀਕਾ, ਪਰਮਿੰਦਰਪਾਲ ਸਿੰਘ ਖਾਲਸਾ, ਗੁਰਬਚਨ ਸਿੰਘ ਦੇਸ ਪੰਜਾਬ, ਗੁਰਤੇਜ ਸਿੰਘ ਆਈਏਐਸ, ਭਾਈ ਤਰਸੇਮ ਸਿੰਘ ਦਿਓਲ ਬ੍ਰਿਟਿਸ਼ ਸਿੱਖ ਕੌਂਸਲ, ਕਮਲਜੀਤ ਕੌਰ, ਕਰਮਜੀਤ ਸਿੰਘ ਨੂਰ ਤੇ ਪਰਮਜੀਤ ਕੌਰ ਸਰਹਿੰਦ ਦੇ ਆਰਟੀਕਲ ਸ਼ਾਮਲ ਹਨ।

ਇਸ ਸਮਾਗਮ ਮੌਕੇ ਹਰਪਿੰਦਰ ਸਿੰਘ ਖਾਲਸਾ, ਭਾਈ ਮਲਕੀਤ ਸਿੰਘ ਅਖੰਡ ਕੀਰਤਨੀ ਜੱਥਾ ਸ਼ਾਮਲ ਸਨ। ਇਸ ਮੌਕੇ ਪੰਜਾਬ ਟਾਈਮਜ਼ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ ਨੇ ਕਿਹਾ ਕਿ ਇਸ ਸਮੇਂ ਦੌਰਾਨ ਗਿਆਨੀ ਦਿੱਤ ਸਿੰਘ ਵਰਗੇ ਵਿਦਵਾਨ ਮਹਾਂਪੁਰਖਾਂ ਤੇ ਸਿੱਖ ਸਾਹਿਤ ਦੀ ਘਾਟ ਰੜਕਦੀ ਹੈ। ਸਿੱਖ ਪੰਥ ਦੀ ਰੁਚੀ ਪੜ੍ਹਨ ਲਿਖਣ ਵਲ ਘੱਟ ਹੋਈ ਹੈ। ਜੇਕਰ ਅਸੀਂ ਗਿਆਨਵਾਨ ਨਹੀਂ ਹੋਵਾਂਗੇ ਤਾਂ ਪੰਥ ਨੂੰ ਚੜ੍ਹਦੀ ਕਲਾ ਵਲ ਨਹੀਂ ਲੈ ਕੇ ਜਾ ਸਕਾਂਗੇ। ਇਸ ਲਈ ਖਾਲਸਾ ਪੰਥ ਤੇ ਪੰਜਾਬੀਆਂ ਨੂੰ ਪੰਜਾਬੀ ਬੋਲੀ ਨਾਲ

ਬਾਕੀ ਸਫ਼ਾ 29 'ਤੇ


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਟਾਂਗਾ ਚਲਾਉਣ ਵਾਲੇ ਬਾਪੂ ਆਸਾਰਾਮ ਨੇ ਖੜ੍ਹਾ ਕੀਤਾ 10 ਹਜ਼ਾਰ ਕਰੋੜ ਦਾ ਸਾਮਰਾਜ

- ਨਾਬਾਲਗ ਬੱਚੀ ਨਾਲ ਬਲਾਤਕਾਰ ਕਰਨ ਵਾਲਾ ਆਸਾਰਾਮ ਨੂੰ ਭੋਗਣੀ ਪਵੇਗੀ ਉਮਰ ਕੈਦ
- ਬਲਾਤਕਾਰ ਪੀੜਤ ਬੇਟੀ ਬਾਬੇ ਨੂੰ ਸਜ਼ਾ ਦਿਵਾ ਕੇ ਹੋਈ ਖੁਸ਼
- ਕਈ ਗਵਾਹ ਮੌਤ ਦੇ ਘਾਟ ਉਤਾਰ ਦਿੱਤੇ ਗਏ ਤੇ ਕਈ ਅਗਵਾ ਕਰ ਲਏ ਗਏ

**ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਬਿਊਰੋ ਦੀ ਵਿਸ਼ੇਸ਼ ਰਿਪੋਰਟ**

ਨਾਬਾਲਗ ਬੱਚੀ ਨਾਲ ਬਲਾਤਕਾਰ ਕਰਨ ਵਾਲਾ ਆਸਾਰਾਮ ਬਾਬਾ ਨਿਆਂਇਕ ਸ਼ਿਕੰਜੇ ਵਿੱਚ ਆ ਗਿਆ ਹੈ। ਉਹ ਇੱਕ ਨਾਬਾਲਗ ਬੱਚੀ ਨਾਲ ਕੁਕਰਮ ਦਾ ਗੁਨਾਹਗਾਰ ਹੈ। ਅਤਿਅੰਤ ਘਿਨਾਉਣੇ ਅਪਰਾਧ ਬਦਲੇ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਦੇ ਇਸ ਐਲਾਨ ਤੋਂ ਉਸ ਬੱਚੀ ਦੇ ਪਿਤਾ ਤੇ ਪਰਿਵਾਰ ਨੂੰ ਜੋ ਰਾਹਤ ਮਿਲੀ, ਉਹ ਪਿਤਾ ਦੇ ਇਨ੍ਹਾਂ ਸ਼ਬਦਾਂ ਤੋਂ ਜ਼ਾਹਿਰ ਹੁੰਦੀ ਹੈ: "ਮੈਨੂੰ ਆਪਣੀ ਮਿਹਨਤ-ਮੁਸ਼ੱਕਤ ਤੇ ਲੰਬੀ ਜੱਦੋਜਹਿਦ ਦਾ ਇਨਾਮ ਮਿਲ ਗਿਆ ਹੈ। ਅਦਾਲਤ ਨੇ ਕਾਨੂੰਨ ਦਾ ਮਾਣ-ਸਤਿਕਾਰ ਬੁਲੰਦ ਕੀਤਾ ਹੈ।"

ਆਸਾਰਾਮ ਨੂੰ ਬੇਪਰਦ ਕਰਨ ਤੇ ਸਜ਼ਾ ਦਿਵਾਉਣ ਲਈ ਸ਼ਾਬਾਸ਼ੀ ਉਸ 16 ਵਰ੍ਹਿਆਂ ਦੀ ਬੱਚੀ ਨੂੰ ਵੀ ਮਿਲਣੀ ਚਾਹੀਦੀ ਹੈ ਜਿਸਨੇ ਮੁਕੱਦਮੇ ਦੌਰਾਨ 9 ਵਿੱਚੋਂ ਤਿੰਨ ਗਵਾਹਾਂ ਦੇ ਕਤਲ ਦੇਖੇ, ਸਿਆਸੀ ਨੇਤਾਵਾਂ ਤੇ ਅਖੌਤੀ ਸਮਾਜ ਸੇਵੀਆਂ ਦੇ ਦਬਾਅ ਝੱਲੇ ਅਤੇ ਅਕਹਿ ਤੇ ਅਸਹਿ ਜ਼ਿਹਨੀ ਤੇ ਜਿਸਮਾਨੀ ਦੁੱਖ ਬਰਦਾਸ਼ਤ ਕੀਤੇ, ਪਰ ਆਪਣੇ ਬਿਆਨਾਂ 'ਤੇ ਦ੍ਰਿੜ ਰਹੀ। ਉਸਦੀ ਅਡੋਲਤਾ ਨੇ ਹੋਰਨਾਂ ਪੀੜਤਾਂ ਨੂੰ ਵੀ ਅੱਗੇ ਆਉਣ ਅਤੇ ਅਖੌਤੀ ਬਾਪੂ ਦੇ ਪਾਖੰਡ ਦਾ ਪਰਦਾਫਾਸ਼ ਕਰਨ ਦੀ ਦ੍ਰਿੜਤਾ ਬਖ਼ਸ਼ੀ।




## ਸਾਧ ਕਿਵੇਂ ਬਣਿਆ ਆਸਾਰਾਮ

ਆਸਾਰਾਮ ਕਦੀ ਟਾਂਗਾ ਚਲਾ ਕੇ ਤੇ ਚਾਹ ਵੇਚ ਕੇ ਪਰਿਵਾਰ ਪਾਲਦਾ ਸੀ। ਸਿਰਫ਼ ਚੌਥੀ ਪਾਸ ਆਸੂਮਲ ਨੇ ਸੰਤ ਦਾ ਚੋਲਾ ਅਜਿਹਾ ਧਾਰਨ ਕੀਤਾ ਕਿ ਹਜ਼ਾਰਾਂ ਕਰੋੜ ਦਾ ਸਾਮਰਾਜ ਖੜ੍ਹਾ ਕਰ ਦਿੱਤਾ। 1970 ਦੇ ਦਹਾਕੇ ਵਿਚ ਸਾਬਰਮਤੀ ਨਦੀ ਦੇ ਕਿਨਾਰੇ ਉਸ ਨੇ ਇਕ ਝੌਂਪੜੀ ਤੋਂ ਸ਼ੁਰੂਆਤ ਕੀਤੀ। ਚਾਰ ਦਹਾਕੇ ਦੇ ਅੰਦਰ ਹੀ ਦੁਨੀਆਂ ਭਰ ਵਿਚ ਚਾਰ ਸੌ ਤੋਂ ਜ਼ਿਆਦਾ ਆਸ਼ਰਮ ਬਣਾ ਦਿੱਤੇ ਗਏ। ਸਾਲ 2013 ਦੇ ਬਲਾਤਕਾਰ ਵਿਚ ਆਸਾਰਾਮ ਦੀ ਗ੍ਰਿਫ਼ਤਾਰੀ ਦੇ ਬਾਅਦ ਅਹਿਮਦਾਬਾਦ ਦੇ ਆਸ਼ਰਮ ਤੋਂ ਜ਼ਬਤ ਦਸਤਾਵੇਜ਼ਾਂ ਦੀ ਜਾਂਚ ਤੋਂ ਖੁਲਾਸਾ ਹੋਇਆ ਕਿ 77 ਸਾਲਾਂ ਆਸਾਰਾਮ ਦੇ ਤਕਰੀਬਨ ਦਸ ਹਜ਼ਾਰ ਕਰੋੜ ਰੁਪਏ ਦੀ ਸੰਪਤੀ ਬਣਾ ਲਈ, ਜੋ ਉਸ ਦੇ ਕੋਲ ਹੈ। ਆਸਾਰਾਮ ਨੇ ਲਕਸ਼ਮੀ ਦੇਵੀ ਨਾਲ ਵਿਆਹ ਕੀਤਾ ਤੇ ਉਸ ਦੇ ਬੱਚੇ ਨਰਾਇਣ ਸਾਈ ਤੇ ਬੇਟੀ ਭਾਰਤੀ ਹੈ। ਨਰਾਇਣ ਵੀ ਬਲਾਤਕਾਰ ਦੇ ਮਾਮਲਿਆਂ ਵਿਚ ਜੇਲ੍ਹ ਵਿਚ ਬੰਦ ਹੈ।

ਆਸਾਰਾਮ ਦਾ ਜਨਮ 1941 ਵਿਚ ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿਰਾਨੀ ਪਿੰਡ ਵਿਚ ਹੋਇਆ, ਉਸ ਦਾ ਨਾਮ ਆਸੂਮਲ ਸਿਰੁਮਲਾਨੀ ਸੀ। 1947 ਦੀ ਵੰਡ ਦੇ ਬਾਅਦ ਆਸੂਮਲ ਅਹਿਮਦਾਬਾਦ ਆਇਆ। ਇਹ ਮਣੀਨਗਰ ਇਲਾਕੇ ਵਿਚ ਇਕ ਸਕੂਲ ਵਿਚ ਚੌਥੀ ਜਮਾਤ ਤੱਕ ਪੜ੍ਹਿਆ। ਆਪਣੇ ਪਿਤਾ ਦੀ ਮੌਤ ਦੇ ਬਾਅਦ 10 ਸਾਲ ਦੀ ਉਮਰ ਵਿਚ ਪੜ੍ਹਾਈ ਛੱਡਣੀ ਪਈ। ਆਸਾਰਾਮ ਨੇ ਬਾਬੇ ਦਾ ਚੋਲਾ ਪਾਉਣ ਤੋਂ ਪਹਿਲਾਂ ਅਜਮੇਰ ਸ਼ਰੀਫ਼ ਵਿਚ ਟਾਂਗਾ ਚਲਾਇਆ। ਦੋ ਸਾਲ ਤੱਕ ਰੇਲਵੇ ਸਟੇਸ਼ਨ ਤੋਂ ਦਰਗਾਹ ਸ਼ਰੀਫ ਤੱਕ ਸਵਾਰੀ ਢੋਹੀ। ਆਸਾਰਾਮ ਦੇ ਪਿਤਾ ਲੱਕੜੀ ਤੇ ਕੋਲੇ ਦਾ ਕਾਰੋਬਾਰ ਕਰਦੇ ਸਨ। 15 ਸਾਲ ਦੀ ਉਮਰ ਵਿਚ ਆਸਾਰਾਮ ਨੇ ਘਰ ਛੱਡ ਦਿੱਤਾ ਉਹ ਇਕ ਆਸ਼ਰਮ ਵਿਚ ਰਹਿਣ ਲੱਗ ਪਿਆ। 1960 ਦੇ ਦਹਾਕੇ ਵਿਚ ਉਸ ਨੇ ਲੀਲਾਸ਼ਾਹ ਨੂੰ ਅਧਿਆਤਮਕ ਗੁਰੂ ਬਣਾਇਆ, ਬਾਅਦ ਵਿਚ ਲੀਲਾਸ਼ਾਹ ਨੇ ਉਸ ਦਾ ਆਸਾਰਾਮ ਰੱਖਿਆ। ਆਸਾਰਾਮ ਦੀ ਵੈਬਸਾਈਟ ਦਾ ਦਾਅਵਾ ਹੈ ਕਿ ਦੁਨੀਆਂ ਭਰ ਵਿਚ ਉਸ ਦੇ ਚਾਰ ਕਰੋੜ ਸ਼ਰਧਾਲੂ ਹਨ।

ਆਸਾਰਾਮ ਪਹਿਲੀ ਵਾਰ ਮੁਸੀਬਤ ਵਿਚ ਤਦ ਪਿਆ, ਜਦ ਉਸ ਦੇ ਰਿਸ਼ਤੇਦਾਰਾਂ ਦੇ ਬੱਚੇ ਦਿਪੇਸ਼ ਅਤੇ ਅਭਿਸ਼ੇਕ ਬਘੇਲਾ 2008 ਦੌਰਾਨ ਰਹੱਸਮਈ ਸਥਿਤੀ ਵਿਚ ਮਟੇਰਾ ਆਸ਼ਰਮ ਦੇ ਕੋਲੋਂ ਮਰੇ ਹੋਏ ਮਿਲੇ। ਗੁਜਰਾਤ ਸੀਆਈਡੀ ਨੇ 2009 ਵਿਚ ਆਸਾਰਾਮ ਦੇ 7 ਸਮਰਥਕਾਂ 'ਤੇ ਮਾਮਲੇ ਦਰਜ ਕੀਤੇ। ਦੋਨਾਂ ਰਿਸ਼ਤੇਦਾਰਾਂ ਦੇ ਮਾਤਾ-ਪਿਤਾ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਆਸਾਰਾਮ ਆਸ਼ਰਮ ਵਿਚ ਇਸ ਲਈ ਮਾਰਿਆ ਗਿਆ, ਕਿਉਂਕਿ ਉਹ ਕਾਲਾ ਜਾਦੂ ਕਰਦੇ ਸਨ। ਹਾਲਾਂਕਿ ਆਸਾਰਾਮ ਦੇ ਬੁਰੇ ਦਿਨ ਸਾਲ 2013 ਵਿਚ ਆਏ। ਜਦ ਉਨ੍ਹਾਂ ਨੂੰ ਰਾਜਸਥਾਨ ਵਿਚ ਨਾਬਾਲਗ ਨਾਲ ਬਲਾਤਕਾਰ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ। ਇਸ ਦੇ ਬਾਅਦ ਸੂਰਤ ਦੀਆਂ ਦੋ ਭੈਣਾਂ ਨੇ ਵੀ ਆਸਾਰਾਮ ਤੇ ਉਸ ਦੇ ਬੇਟੇ ਨਰਾਇਣ ਸਾਈ 'ਤੇ ਬਲਾਤਕਾਰ ਦੇ ਦੋਸ਼ ਲਗਾਏ। ਸੂਰਤ ਪੁਲੀਸ ਨੇ 6 ਅਕਤੂਬਰ 2013 ਨੂੰ ਦੋ ਭੈਣਾਂ ਦੀਆਂ ਸ਼ਿਕਾਇਤਾਂ 'ਤੇ ਮਾਮਲਾ ਦਰਜ ਕੀਤਾ। ਉਸ 'ਤੇ ਸੂਰਤ ਤੇ ਅਹਿਮਦਾਬਾਦ ਵਿਚ ਆਪਣੇ ਆਸ਼ਰਮਾਂ ਲਈ ਜ਼ਮੀਨ ਹੜੱਪਣ ਦਾ ਦੋਸ਼ ਹੈ।

### ਕਾਫੀ ਕੋਸ਼ਿਸ਼ ਬਾਅਦ ਆਇਆ ਪੁਲੀਸ ਦੇ ਕਾਬੂ

ਆਸਾਰਾਮ ਦੀ ਗ੍ਰਿਫ਼ਤਾਰੀ ਦੇ ਲਈ ਪੁਲੀਸ ਨੂੰ ਕਾਫੀ ਜੂਝਣਾ ਪਿਆ। ਜੋਧਪੁਰ ਪੁਲੀਸ ਨੇ 10 ਅਗਸਤ 2013 ਤੱਕ ਪੇਸ਼ ਹੋਣ ਦਾ ਸੰਮਨ ਜਾਰੀ ਕੀਤਾ ਸੀ। ਕਿਹਾ ਸੀ ਕਿ ਇਸ ਦੇ ਬਾਅਦ ਆਸਾਰਾਮ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਆਸਾਰਾਮ ਦਾ ਪ੍ਰਤੀਨਿਧ ਉਸ ਦੇ ਕਾਫੀ ਇੰਦੌਰ ਕਦੀ ਭੂਪਾਲ ਤੇ ਕਦੀ ਅਹਿਮਦਾਬਾਦ ਹੋਣ ਦਾ ਦਾਅਵਾ ਕਰਕੇ ਵਰਗਲਾਉਂਦਾ ਰਹਾ। 31 ਅਗਸਤ 2013 ਨੂੰ ਰਾਤ ਦੇ ਕਰੀਬ ਇੰਦੌਰ ਦੇ ਛਿੰਦਰਵਾੜਾ ਆਸ਼ਰਮ ਤੋਂ ਗ੍ਰਿਫ਼ਤਾਰ ਕੀਤਾ। ਅਗਲੇ ਦਿਨ 1 ਸਤੰਬਰ 2013 ਨੂੰ ਸਵੇਰੇ ਉਸ ਨੂੰ ਵਿਮਾਨ ਤੋਂ ਜੋਧਪੁਰ ਲਿਆਂਦਾ ਗਿਆ। ਜਦ ਥਾਣੇ ਵਿਚ ਜਾਣ ਦੀ ਕੋਸ਼ਿਸ਼ ਕੀਤੀ ਗਈ ਤਾਂ ਆਸਾਰਾਮ ਨੇ ਕਿਹਾ ਸੀ ਕਿ ਮੈਨੂੰ ਗ੍ਰਿਫ਼ਤਾਰ ਨਾਕਰੋ, ਮੈਂ ਅਪਵਿੱਤਰ ਹੋ ਜਾਵਾਂਗਾ। ਪੁਲੀਸ ਨੇ ਆਸ਼ਰਮ ਵਿਚ ਸ਼ਰਧਾਲੂਆਂ ਦੀ ਭਾਰੀ ਗਿਣਤੀ ਹੋਣ ਕਰਕੇ ਚਾਰੇ ਪਾਸੇ ਸਖ਼ਤ ਪ੍ਰਬੰਧ ਕਰ ਦਿੱਤੇ ਗਏ। ਪੁਲੀਸ ਜਦ ਉਸ ਨੂੰ ਗ੍ਰਿਫ਼ਤਾਰ ਕਰਨ ਲੱਗੀ ਤਾਂ ਉਸ ਦੇ ਬੇਟੇ ਨੇ ਕਿਹਾ ਕਿ ਉਸ ਦੀ ਤਬੀਅਤ ਠੀਕ ਨਹੀਂ, ਬਾਅਦ ਵਿਚ ਕਿਹਾ ਕਿ ਉਹ ਭਗਤੀ ਕਰ ਰਹੇ ਹਨ। ਇਹੋ ਜਿਹੇ ਕਈ ਬਹਾਨੇ ਬਣਾਏ ਗਏ। ਆਸਾਰਾਮ ਨੂੰ ਜਦ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਨੇ ਪੁਲੀਸ ਨੂੰ ਧਮਕੀਆਂ ਦਿੱਤੀਆਂ। ਜੋਧਪੁਰ ਜਾਣ ਦੇ ਬਾਅਦ ਕੋਰਟ ਵਿਚ ਰਿਮਾਂਡ ਲੈ ਕੇ ਆਰ. ਏ. ਸੀ. ਬਟਾਲੀਅਨ ਕੈਂਪ ਵਿਚ ਪੁੱਛਗਿੱਛ ਕੀਤੀ ਗਈ। ਜਿਨ੍ਹਾਂ ਗਵਾਹਾਂ 'ਤੇ ਕਾਤਲਾਨਾ ਹਮਲੇ ਕੀਤੇ ਗਏ, ਉਨ੍ਹਾਂ ਵਿਚ ਮਹਿੰਦਰ ਚਾਵਲਾ ਵੀ ਸੀ। ਆਸਾਰਾਮ ਨੂੰ ਸਜ਼ਾ ਦੇ ਬਾਅਦ ਚਾਵਲਾ ਦਾ ਡਰ ਘੱਟ ਹੋਇਆ ਹੈ। ਉਸ ਦਾ ਕਹਿਣਾ ਸੀ ਕਿ ਅਸਲੀ ਲੜਾਈ ਤਾਂ ਹੁਣ ਸ਼ੁਰੂ ਹੋਈ ਹੈ। ਪਾਣੀਪਤ ਦੇ ਸਲੋਨੀ ਪਿੰਡ ਦੇ ਨਿਵਾਸੀ ਚਾਵਲਾ (40) 24 ਘੰਟੇ ਪੁਲੀਸ ਸੁਰੱਖਿਆ ਵਿਚ ਰਹਿੰਦਾ ਸੀ। ਆਸਾਰਾਮ ਦੇ ਸੂਰਤ ਵਿਚ ਚਲ ਰਹੇ ਬਲਾਤਾਕਰ ਦੇ ਮਾਮਲੇ ਵਿਚ ਉਹ ਮੁਖ ਗਵਾਹ ਹੈ। ਉਸ ਨੂੰ ਰਿਸ਼ਵਤ ਦੀ ਵੀ ਪੇਸ਼ਕਸ਼ ਕੀਤੀ ਗਈ, ਫਿਰ 13 ਮਈ 2015 ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ।

### ਤਿੰਨ ਗਵਾਹ ਮਾਰੇ ਤੇ ਕਈਆਂ 'ਤੇ ਕੀਤੇ ਹਮਲੇ

ਆਸਾਰਾਮ ਵਲੋਂ ਗਵਾਹਾਂ ਨੂੰ ਰਸਤੇ ਤੋਂ ਹਟਾਉਣ ਲਈ ਹਰ ਤਰੀਕਾ ਅਪਨਾਇਆ ਗਿਆ, ਉਨ੍ਹਾਂ ਨੂੰ ਡਰਾਇਆ ਧਮਕਾਇਆ ਗਿਆ। 9 ਗਵਾਹਾਂ 'ਤੇ ਹਮਲੇ ਵੀ ਕੀਤੇ ਗਏ, ਮਾਮਲੇ ਦੀ ਸੁਣਵਾਈ ਦੌਰਾਨ ਤਿੰਨ ਗਵਾਹਾਂ ਦੀ ਹੱਤਿਆ ਕਰ ਦਿੱਤੀ ਗਈ, ਕਈ ਹੋਰਾਂ ਦੇ ਹਮਲੇ ਕਰਕੇ ਗੰਭੀਰ ਰੂਪ ਵਿਚ ਘਾਇਲ ਕਰ ਦਿੱਤਾ ਗਿਆ। ਤਿੰਨ ਗਵਾਹਾਂ ਦਾ ਅਜੇ ਤੱਕ ਪਤਾ ਨਹੀਂ ਚਲ ਸਕਿਆ। ਇਸ ਕੇਸ ਦੇ ਮੁਖ ਗਵਾਹ 35 ਸਾਲਾ ਕ੍ਰਿਪਾਲ ਸਿੰਘ ਨੂੰ 10 ਜੁਲਾਈ 2015 ਦੌਰਾਨ ਸ਼ਾਹਜਹਾਂਪੁਰ ਵਿਚ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲੀ ਮਾਰ ਦਿੱਤੀ। ਬਰੇਲੀ ਵਿਚ ਨਿੱਜੀ ਹਸਪਤਾਲ ਵਿਚ ਇਲਾਜ ਦੇ ਦੌਰਾਨ 11 ਜੁਲਾਈ 2015 ਨੂੰ ਉਨ੍ਹਾਂ ਦੀ ਮੌਤ ਹੋ ਗਈ। ਹਾਲਾਂਕਿ ਕੁਝ ਦਿਨ ਬਾਅਦ ਪੁਲੀਸ ਨੇ ਪੁਸ਼ਪਿੰਦਰ ਪਾਂਡੇ ਨੂੰ ਜੋਧਪੁਰ ਵਿਚ ਗ੍ਰਿਫ਼ਤਾਰ ਕੀਤਾ। ਪੁਲੀਸ ਪੁੱਛਗਿੱਛ ਵਿਚ ਉਸ ਨੇ ਕ੍ਰਿਪਾਲ ਸਿੰਘ ਦੀ ਹੱਤਿਆ ਵਿਚ ਸ਼ਾਮਲ ਹੋਣ ਦੀ ਗੱਲ ਸਵੀਕਾਰ ਕਰ ਲਈ।

ਪਾਂਡੇ ਨੇ ਬਿਆਨ ਦਿੱਤਾ ਕਿ ਉਹ ਆਸਾਰਾਮ ਦਾ ਸਮਰੱਥਕ ਹੈ। ਉਹ ਕਈ ਵਾਰ ਕ੍ਰਿਪਾਲ ਸਿੰਘ ਨੂੰ ਪੈਸੇ ਦਾ ਲਾਲਚ ਦੇ ਕੇ ਤੇ ਡਰਾ ਕੇ ਆਸਰਾਮ ਦੇ ਖਿਲਾਫ਼ ਗਵਾਹੀ ਦੇਣ ਤੋਂ ਰੋਕਣਾ ਚਾਹੁੰਦਾ ਸੀ। ਕ੍ਰਿਪਾਲ ਸਿੰਘ ਤੋਂ ਪਹਿਲਾਂ ਹੋਰ ਦੋ ਗਵਾਹਾਂ ਦੀ ਮੌਤ ਹੋ ਚੁੱਕੀ ਹੈ। ਗਵਾਹ ਰਾਹੁਲ 'ਤੇ ਵੀ ਚਾਕੂਆਂ ਨਾਲ ਹਮਲਾ ਕੀਤਾ ਗਿਆ ਤੇ ਬਾਅਦ ਵਿਚ ਉਹ ਕਿੱਥੇ ਗਿਆ ਪਤਾ ਨਹੀਂ ਚਲਿਆ। ਮੁਜ਼ੱਫਰਨਗਰ ਵਿਚ 11 ਜਨਵਰੀ 2015 ਨੂੰ ਅਖਿਲ ਗੁਪਤਾ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ 10 ਸਾਲ ਤੋਂ ਆਸਾਰਾਮ ਦੇ ਸਾਬਰਮਤੀ ਆਸ਼ਰਮ ਵਿਚ ਰਸੋਈਆ ਸੀ। ਉਹ ਮਾਮਲੇ ਦੇ ਮੁਖ ਗਵਾਹ ਸੀ। 23 ਮਈ 2014 ਨੂੰ ਰਾਜਕੋਟ ਵਿਚ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਅੰਮ੍ਰਿਤ ਪ੍ਰਜਾਪਤੀ ਦਾ ਕਤਲ ਕਰ ਦਿੱਤਾ। ਪ੍ਰਜਾਪਤੀ ਵੈਦ ਸੀ, 12 ਸਾਲ ਆਸਾਰਾਮ ਤੇ ਉਸ ਦੇ ਪਰਿਵਾਰ ਦਾ ਇਲਾਜ ਕੀਤਾ। ਬਾਅਦ ਵਿਚ ਸਰਕਾਰੀ ਗਵਾਹ ਬਣਿਆ। ਜੋਧਪੁਰ ਰੇਪ ਕੇਸ ਵਿਚ ਮੁਖ ਗਵਾਹ ਕ੍ਰਿਪਾਲ ਸਿੰਘ ਨੂੰ ਯੂਪੀ ਦੇ ਸ਼ਾਹਜਹਾਂਪੁਰ ਵਿਚ 10 ਜੁਲਾਈ 2015 ਨੂੰ ਗੋਲੀ ਮਾਰੀ ਗਈ, ਉਸ ਨੇ ਦੱਸਿਆ ਕਿ ਆਸਾਰਾਮ ਦੇ ਤਿੰਨ ਸ਼ਰਧਾਲੂਆਂ ਨੇ ਪੈਸੇ ਦੇਣ ਦੀ ਪੇਸ਼ਕਸ਼ ਕੀਤੀ। ਵਿਮਲੇਸ਼ ਠੱਕਰ ਦੇ ਵੀ ਹਮਲਾ ਕੀਤਾ ਗਿਆ। ਉਹ ਆਸਾਰਾਮ ਦੀ ਸ਼ਰਧਾਲੂ ਇਸਤਰੀ ਦਾ ਪਤੀ ਸੀ।

ਇਸ ਸ਼ਰਧਾਲੂ ਇਸਤਰੀ ਨੇ ਨਰਾਇਣ ਸਾਈ 'ਤੇ ਜਹਾਂਗੀਰਪੁਰਾ ਆਸ਼ਰਮ ਵਿਚ ਬਲਾਤਕਾਰ ਦੇ ਦੋਸ਼ ਲਗਾਏ ਸਨ। 28 ਜਨਵਰੀ 2014 ਨੂੰ ਸੂਰਤ ਵਿਚ ਵਿਮਲੇਸ਼ ਦੇ ਚਾਕੂਆਂ ਨਾਲ ਹਮਲਾ ਕੀਤਾ ਗਿਆ। ਉਹ ਆਸਾਰਾਮ ਤੇ ਨਰਾਇਣ ਸਾਈ ਖਿਲਾਫ਼ ਬਲਾਤਕਾਰ ਦੇ ਮਾਮਲੇ ਵਿਚ ਹਮਲਾ ਝੱਲਣ ਵਾਲਾ ਪਹਿਲਾ ਗਵਾਹ ਸੀ। ਸੂਰਤ ਦੇ ਕਾਰੋਬਾਰੀ ਨੇ ਕਈ ਮੌਕਿਆਂ 'ਤੇ ਆਸਾਰਾਮ ਤੇ ਉਸ ਦੇ ਪਰਿਵਾਰ ਦੀਆਂ ਤਸਵੀਰਾਂ ਖਿੱਚੀਆਂ ਸਨ। ਪੁਲੀਸ ਨੇ ਰਕੇਸ਼ ਪਟੇਲ ਨੂੰ ਬਲਾਤਕਾਰ ਮਾਮਲੇ ਵਿਚ ਮੁਖ ਗਵਾਹ ਬਣਾਇਆ ਸੀ। ਪਾਣੀਪਤ ਵਿਚ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਚਲਾ ਕੇ ਉਸ 'ਤੇ ਹਮਲਾ ਕੀਤਾ ਸੀ।

13 ਮਈ 2015 ਨੂੰ ਪਾਣੀਪਤ ਵਿਚ ਹਮਲਾ ਹੋਇਆ। ਚਾਵਲਾ ਆਸਾਰਾਮ ਤੇ ਬੇਟੇ ਨਰਾਇਣ ਸਾਈ ਦਾ ਬੇਹੱਦ ਕਰੀਬੀ ਸੀ। ਸਾਈ ਦੇ ਖਿਲਾਫ਼ ਕਥਿਤ ਬਲਾਤਕਾਰ ਦੇ ਮਾਮਲੇ ਵਿਚ ਮੁਖ ਗਵਾਹ ਹੈ। ਪਾਣੀਪਤ ਵਿਚ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਚਲਾਈਆਂ। ਆਸਾਰਾਮ ਦੇ ਆਸ਼ਰਮ ਦਾ ਸਾਬਕਾ ਕਰਮਚਾਰੀ ਚੰਡੋਕ ਹੱਤਿਆ ਦੇ ਯਤਨ ਦੇ ਇਕ ਮਾਮਲੇ ਵਿਚ ਮੁਖ ਗਵਾਹ ਹੈ। 6 ਦਸੰਬਰ 2009 ਨੂੰ ਉਸ 'ਤੇ ਅਹਿਮਦਾਬਾਦ ਦੇ ਰਾਣਿਤ ਇਲਾਕੇ ਵਿਚ ਗੋਲੀਆਂ ਚਲਾਈਆਂ ਗਈਆਂ ਸਨ।

ਸੂਰਤ ਵਿਚ ਆਸਾਰਾਮ ਦੇ ਸ਼ਰਧਾਲੂ ਰਹੇ ਭਾਵਚੰਦਰਾਨੀ ਦੇ ਐਸਿਡ ਹਮਲਾ ਕੀਤਾ ਗਿਆ। ਕਪੜਾ ਵਪਾਰੀ ਭਾਵਚੰਦਰਾਨੀ ਨੂੰ ਪੁਲੀਸ ਨੇ ਸੁਰੱਖਿਆ ਦਿੱਤੀ।

## ਕਹਿੰਦਾ : ਬ੍ਰਹਮਗਿਆਨੀ ਲਈ ਬਲਾਤਕਾਰ ਕਰਨਾ ਪਾਪ ਨਹੀਂ

***ਆਸਾਰਾਮ ਨੇ ਆਪਣੀ ਕਰਤੂਤ ਉੱਤੇ ਪਰਦਾ ਪਾਉਣ ਲਈ ਇਕ ਸ਼ਰਧਾਲੂ ਨੂੰ ਦਿੱਤਾ ਸੀ ਜਵਾਬ***

**ਜੋਧਪੁਰ/ਬਿਊਰੋ ਨਿਊਜ਼:** ਬਲਾਤਕਾਰ ਦੇ ਅਪਰਾਧ 'ਚ ਜੇਲ੍ਹ 'ਚ ਬੰਦ ਸਾਧ ਆਸਾਰਾਮ ਦਾ ਇਹ ਵਿਸ਼ਵਾਸ ਸੀ ਕਿ ਲੜਕੀਆਂ ਦੇ ਨਾਲ ਬਲਾਤਕਾਰ ਕਰਨਾ ਜਾਂ ਉਨ੍ਹਾਂ ਦੀ ਇੱਜ਼ਤ ਨਾਲ ਖਿਲਵਾੜ ਕਰਨਾ ਕੋਈ ਪਾਪ ਨਹੀਂ। ਇਹ ਪ੍ਰਗਟਾਵਾ ਉਸ ਵਿਰੁੱਧ ਭੁਗਤੇ ਇਕ ਗਵਾਹ ਨੇ ਅਦਾਲਤ ਵਿੱਚ ਕੀਤਾ ਹੈ।

ਸਰਕਾਰੀ ਗਵਾਹ ਬਣੇ ਅਤੇ ਕਿਸੇ ਸਮੇਂ ਆਸਾ ਰਾਮ ਦੇ ਭਗਤ ਰਹੇ ਰਾਹੁਲ ਕੇ ਸੱਚਰ ਨੇ ਕਿਹਾ ਕਿ ਆਸਾਰਾਮ ਆਪਣੀ ਮਰਦਾਨਾ ਤਾਕਤ ਵਧਾਉਣ ਲਈ ਦਵਾਈਆਂ ਵਰਤਦਾ ਸੀ। ਉਹ ਅਫੀਮ ਨੂੰ 'ਪੰਚਦ ਬੂਟੀ' ਕਹਿੰਦਾ ਸੀ। ਆਸਾਰਾਮ ਸੈਕਸ ਤਾਕਤ ਵਧਾਉਣ ਵਾਲੀਆਂ ਦਵਾਈਆਂ ਦਾ ਸਹਾਰਾ ਲੈਂਦਾ ਸੀ। ਦਵਾਈਆਂ ਦੁੱਧ 'ਚ ਮਿਲਾ ਕੇ ਔਰਤ ਨੂੰ ਵੀ ਪਿਲਾਈਆਂ ਜਾਂਦੀਆਂ ਸਨ।

ਸੱਚਰ ਦਾ ਇਹ ਪ੍ਰਗਟਾਵਾ ਆਸਾਰਾਮ ਵਿਰੁੱਧ 453 ਸਫਿਆ ਦੇ ਅਦਾਲਤੀ ਫੈਸਲੇ ਵਿੱਚ ਇੱਕ ਗਵਾਹੀ ਵਜੋਂ ਦਰਜ ਹੈ।

ਸੱਚਰ ਜੋ ਆਸਾਰਾਮ ਦੇ ਕਾਫੀ ਨੇੜੇ ਰਿਹਾ ਹੈ ਅਤੇ ਉਸਦੀ ਕੁਟੀਆ ਵਿੱਚ ਵੀ ਜਾਂਦਾ ਸੀ, ਨੇ ਕਿਹਾ ਕਿ ਉਸ ਨੇ ਲੜਕੀਆਂ ਦੀ ਚੋਣ ਲਈ ਵੀ ਲੜਕੀਆਂ ਰੱਖੀਆਂ ਹੋਈਆਂ ਸਨ। ਉਸ ਨੇ ਪਹਿਲੀ ਵਾਰ 2003 ਵਿੱਚ ਆਸਾਰਾਮ ਨੂੰ ਲੜਕੀ ਨਾਲ ਛੇੜਛਾੜ ਕਰਦਿਆਂ ਦੇਖਿਆ ਸੀ। ਮੈਂ ਖੁਦ ਕਈ ਵਾਰ ਉਨ੍ਹਾਂ ਨੂੰ ਵੱਖ-ਵੱਖ ਚੇਲੀਆਂ ਨਾਲ ਨਿਰਵਸਤਰ ਦੇਖਿਆ ਹੈ। ਉਹ ਆਪਣੀ 'ਧਿਆਨ ਕੁਟੀਆ' ਵਿਚ ਹੀ ਰੰਗਰਲੀਆਂ ਮਨਾਉਂਦੇ ਸਨ।" ਅਹਿਮਦਾਬਾਦ ਆਸ਼ਰਮ 'ਚ 25



ਅਜਿਹੀਆਂ ਔਰਤਾਂ ਹਨ ਜੋ ਆਸਾਰਾਮ ਲਈ ਕੁੜੀਆਂ ਦਾ ਪ੍ਰਬੰਧ ਕਰਦੀਆਂ ਸਨ। ਉਸ ਨੇ ਦੱਸਿਆ ਕਿ ਉਹ ਪੁਸ਼ਕਰ (ਰਾਜਸਥਾਨ) ਵਿਚ, ਭਿਵਾਨੀ (ਹਰਿਆਣਾ) ਅਤੇ ਅਹਿਮਦਾਬਾਦ (ਗੁਜਰਾਤ) ਵਿੱਚ ਲੜਕੀਆਂ ਨਾਲ ਅਸ਼ਲੀਲ ਹਰਕਤਾਂ ਕਰਦਾ ਸੀ। ਕਿਸੇ ਲੜਕੀ ਦੀ ਚੋਣ ਲਈ ਉਹ ਆਪਣੇ ਨਾਲ ਰਹਿੰਦੀਆਂ ਤਿੰਨ ਲੜਕੀਆਂ ਨੂੰ ਇਸ਼ਾਰਾ ਦਿੰਦਾ ਸੀ, ਜਿਸ ਲੜਕੀ ਨੂੰ ਉਹ ਚਾਹੁੰਦਾ ਸੀ, ਉਸ ਉੱਤੇ ਬੈਟਰੀ ਨਾਲ ਰੋਸ਼ਨੀ ਪਾਉਂਦਾ ਸੀ ਅਤੇ ਲੜਕੀਆਂ ਨੂੰ ਨਾਲ ਲੈ ਕੇ ਆਸ਼ਰਮ ਵਿੱਚ ਘੁੰਮਦਾ ਸੀ। ਉਸਦੀ ਪਸੰਦ ਦੀ ਲੜਕੀ ਨੂੰ ਦੂਜੀਆਂ ਲੜਕੀਆਂ ਕੁਟੀਆਂ ਵਿੱਚ ਲੈ ਕੇ ਜਾਂਦੀਆਂ ਸਨ। ਸੱਚਰ ਦੇ ਦਾਅਵੇ ਅਨੁਸਾਰ ਉਸ ਨੇ ਅਹਿਮਦਾਬਾਦ ਵਿੱਚ ਇੱਕ ਦਿਨ ਕੁਟੀਆ ਦੀ ਕੰਧ ਉੱਤੇ ਚੜ੍ਹ ਕੇ ਦੇਖਿਆ ਕਿ ਆਸਾਰਾਮ ਲੜਕੀ ਨਾਲ ਛੇੜਛਾੜ ਕਰ ਰਿਹਾ ਸੀ। ਉਸ ਨੇ ਇਸ ਘਟਨਾ ਦਾ ਕਾਰਨ ਪੁੱਛਣ ਲਈ ਉਸ ਦੇ ਰਸੋਈਏ ਨੂੰ ਪੱਤਰ ਲਿਖ ਕੇ ਫੜਾ ਦਿੱਤਾ ਪਰ ਜਵਾਬ ਨਾ ਮਿਲਿਆ, ਫਿਰ ਉਸ ਨੇ ਇੱਕ ਹੋਰ ਪੱਤਰ ਲਿਖਿਆ ਤੇ ਫਿਰ ਵੀ ਜਵਾਬ ਨਾ ਮਿਲਿਆ ਅੰਤ ਨੂੰ ਉਸ ਨੇ ਜਾ ਕੇ ਪੁੱਛ ਹੀ ਲਿਆ ਤਾਂ ਉਸ ਨੂੰ ਆਸਾਰਾਮ ਨੇ ਕਿਹਾ ਕਿ ਇੱਕ ਬ੍ਰਹਮਗਿਆਨੀ ਨੂੰ ਇਹ ਸਭ ਕਰਨ ਨਾਲ ਪਾਪ ਨਹੀਂ ਲੱਗਦਾ। ਜਦੋਂ ਉਸ ਨੇ ਪੁੱਛਿਆ ਕਿ ਬ੍ਰਹਮਗਿਆਨੀ ਇਸ ਤਰ੍ਹਾਂ ਦੀ ਇੱਛਾ ਕਿਵੇਂ ਰੱਖ ਸਕਦਾ ਹੈ ਤਾਂ ਉਸ ਦੇ ਕਹਿਣ ਉੱਤੇ ਉਸ ਦੇ ਸੇਵਕਾਂ ਨੇ ਉਸ ਨੂੰ ਕੁਟੀਆਂ ਵਿੱਚੋਂ ਧੱਕੇ ਮਾਰ ਕੇ ਕੱਢ ਦਿੱਤਾ। ਇਸਤੋਂ ਬਾਅਦ ਉਸ ਉੱਤੇ ਹਮਲੇ ਵੀ ਕਰਵਾਏ ਗਏ ਪਰ ਉਸ ਦੀਆਂ ਸ਼ਿਕਾਇਤਾਂ ਉੱਤੇ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਉਸ ਨੇ ਕਿਹਾ ਕਿ ਆਸ਼ਰਮ ਵਿੱਚ ਰਹਿੰਦੀਆਂ ਲੜਕੀਆਂ, ਪੀੜਤਾਂ ਦੇ ਗਰਭਪਾਤ ਤੱਕ ਕਰਵਾਉਣ ਵਿੱਚ ਸ਼ਾਮਲ ਸਨ।

# ਅਖੌਤੀ ਸਾਧ ਮਾਇਆਧਾਰੀ, ਅਪਰਾਧੀ ਤੇ ਬੀਬੀਆਂ ਦੇ ਸ਼ਿਕਾਰੀ

• ਸਿਰਸਾ ਸਾਧ ਅਤੇ ਆਸਾਰਾਮ ਬਲਾਤਕਾਰ ਕਾਰਨ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਹਨ। ਇੰਟਰਨੈੱਟ 'ਤੇ ਅਖੌਤੀ ਸਾਧਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਲੋਕ ਗੂਗਲ ਸਰਚ ਕਰ ਰਹੇ ਹਨ। ਇਨ੍ਹਾਂ ਵਿੱਚੋਂ ਕਈ ਅਖੌਤੀ ਸਾਧ ਅਜਿਹੇ ਹਨ, ਜਿਨ੍ਹਾਂ ਵਿਰੁੱਧ ਗੰਭੀਰ ਮਾਮਲੇ ਦਰਜ ਹਨ।

• ਰਾਜਸਥਾਨ ਦੇ ਮਟੀਲੀ ਕਸਬੇ ਦੇ ਇੱਕ ਸਾਧਾਰਨ ਕਿਸਾਨ ਪਰਿਵਾਰ ਵਿੱਚ ਜੰਮਿਆ ਗੁਰਮੀਤ ਸਿੰਘ ਉਰਫ਼ ਸਿਰਸਾ ਸਾਧ ਹਮੇਸ਼ਾਂ ਤੋਂ ਹੀ ਵਿਵਾਦਾਂ ਵਿੱਚ ਰਿਹਾ ਹੈ। ਉਸ ਉੱਪਰ ਇਹ ਦੋਸ਼ ਵੀ ਲੱਗੇ ਸਨ ਕਿ ਉਸ ਨੇ ਆਪਣੇ ਇੱਕ ਰਿਸ਼ਤੇਦਾਰ ਨਾਲ ਮਿਲ ਕੇ ਡੇਰਾ ਮੁਖੀ ਦਾ ਕਤਲ ਕਰ ਦਿੱਤਾ ਤੇ ਫਿਰ ਆਪ ਗੱਦੀ 'ਤੇ ਬੈਠ ਗਿਆ। ਰੋਜ਼ਾਨਾ ਨਵੀਆਂ ਭੜਕੀਲੀਆਂ ਪੁਸ਼ਾਕਾਂ ਪਾਉਣ ਦਾ ਇਹ ਸ਼ੌਕੀਨ ਰੱਬ ਬਣਿਆ ਸਾਧ, ਜੋ ਕਦੇ ਬੋਤੀ ਨਾਲ ਹਲ ਵਾਹੁੰਦਾ ਸੀ, ਅੱਜਕੱਲ੍ਹ ਬਲਾਤਕਾਰ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਹੈ।

• 1988 ਵਿੱਚ ਨਹਿਰੂ ਪੈਲੇਸ ਦੇ ਇੱਕ ਪੰਜ ਸਿਤਾਰਾ ਹੋਟਲ 'ਚ ਸੁਰੱਖਿਆ ਗਾਰਡ ਦੀ ਨੌਕਰੀ ਤੋਂ ਸ਼ੁਰੂਆਤ ਕਰਨ ਵਾਲਾ ਤੇ ਫਿਰ ਲਾਜਪਤ ਨਗਰ ਦੇ ਇੱਕ ਮਸਾਜ ਪਾਰਲਰ ਵਿੱਚ ਲੋਕਾਂ ਦੀਆਂ ਮਾਲਸ਼ਾਂ ਕਰ ਕੇ ਰੋਜ਼ੀ-ਰੋਟੀ ਕਮਾਉਣ ਵਾਲਾ ਸਾਧ ਭੀਮਾਨੰਦ ਸੰਨ 1997 ਵਿੱਚ ਪਹਿਲੀ ਵਾਰ ਦੇਹ ਵਪਾਰ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਹੋਇਆ ਸੀ। ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਉਸ ਨੇ ਆਪਣੇ ਆਪ ਨੂੰ ਸਾਈਂ ਦਾ ਭਗਤ ਦੱਸਣਾ ਸ਼ੁਰੂ ਕਰ ਦਿੱਤਾ। ਪਿਛਲੇ 16 ਸਾਲਾਂ 'ਚ ਦੇ ਦੌਰ 'ਚ ਉਸ ਨੇ ਕਈ ਕਰੋੜਾਂ ਰੁਪਏ ਦੀ ਜਾਇਦਾਦ ਇਕੱਠੀ ਕੀਤੀ ਅਤੇ ਸਾਈਂ ਅੰਮ੍ਰਿਤ ਵਰਸ਼ਾ ਨਾਂ ਦੀ ਇੱਕ ਸੀ.ਡੀ ਵੀ ਬਾਜ਼ਾਰ ਵਿੱਚ ਉਤਾਰੀ। ਉਹ ਲੋਕਾਂ ਨੂੰ ਦੇਸ ਦੇ ਵੱਖ-ਵੱਖ ਕੋਨਿਆਂ ਵਿੱਚ ਸਾਈਂ ਬਾਬਾ ਦੇ ਪ੍ਰਵਚਨਾਂ ਨਾਲ ਨਿਹਾਲ ਵੀ ਕਰਦਾ ਰਿਹਾ ਤੇ ਉਸ ਨੇ ਚਿਤਰਕੂਟ ਵਿੱਚ ਇੱਕ ਵੱਡਾ ਮੰਦਰ ਅਤੇ 200 ਬਿਸਤਰੇ ਦਾ ਹਸਪਤਾਲ ਵੀ ਬਣਾਇਆ।

• ਕਿਸੇ ਸਮੇਂ ਇੰਦਰਾ ਗਾਂਧੀ ਦਾ ਗੁਰੂ ਅਖਵਾਉਣ ਵਾਲਾ ਚੰਦਰਾਸਵਾਮੀ ਆਪਣੇ ਆਪ ਨੂੰ ਇੱਕ ਤਾਂਤਰਿਕ ਦੱਸਦਾ ਰਿਹਾ ਹੈ। ਮੁੱਢਲੇ ਦਿਨਾਂ ਵਿੱਚ ਉਸ ਨੇ ਬਿਹਾਰ ਦੇ ਜੰਗਲਾਂ ਵਿੱਚ ਰਹਿ ਕੇ ਤਪੱਸਿਆ ਕਰਨ ਦਾ ਢੌਂਗ ਵੀ ਰਚਿਆ ਅਤੇ ਚਾਰ ਸਾਲ ਬਾਅਦ ਆਪਣੇ ਆਪ ਨੂੰ ਰਿੱਧੀ-ਸਿੱਧੀ ਦਾ ਮਾਲਕ ਦੱਸਣਾ ਸ਼ੁਰੂ ਕਰ ਦਿੱਤਾ। ਉਹ ਖ਼ੁਦ ਨੂੰ ਕਾਲੀ ਮਾਂ ਦਾ ਭਗਤ ਕਹਿੰਦਾ ਸੀ। ਦੇਸ ਤੇ ਦੁਨੀਆਂ ਦੇ ਮੋਢੀ ਸਿਆਸਤਦਾਨ ਅਤੇ ਵਪਾਰੀ ਉਸ ਨਾਲ ਜੁੜੇ ਹੋਏ ਸਨ। 1998 ਵਿੱਚ ਐਮ.ਸੀ. ਜੈਨ ਕਮਿਸ਼ਨ ਦੀ ਰਿਪੋਰਟ ਵਿੱਚ ਰਾਜੀਵ ਗਾਂਧੀ ਦੇ ਕਤਲ 'ਚ ਚੰਦਰਾਸਵਾਮੀ ਦਾ ਹੱਥ ਸਿੱਧੇ ਤੌਰ 'ਤੇ ਪਾਇਆ ਗਿਆ। ਇਨਕਮ ਟੈਕਸ ਦੇ ਇੱਕ ਛਾਪੇ ਦੌਰਾਨ ਚੰਦਰਾਸਵਾਮੀ ਦੇ ਇੱਕ ਆਸ਼ਰਮ ਵਿੱਚੋਂ ਅਸਲੇ ਦੇ ਦਲਾਲ ਅਦਨਾਨ ਕਸ਼ੋਗੀ ਨੂੰ 11 ਮਿਲੀਅਨ ਡਾਲਰ ਦੇਣ ਦੇ ਸਬੂਤ ਵੀ ਮਿਲੇ ਸਨ।

• ਇਸੇ ਤਰ੍ਹਾਂ ਦੇਹ ਵਪਾਰ ਦਾ ਅੱਡਾ ਚਲਾਉਣ ਦੇ ਦੋਸ਼ਾਂ ਵਿੱਚ ਜੇਲ੍ਹ ਭੁਗਤ ਚੁੱਕਿਆ ਸਵਾਮੀ ਸਦਾਚਾਰੀ ਕਦੇ ਇੰਦਰਾ ਗਾਂਧੀ ਦਾ ਗੁਰੂ ਅਖਵਾਉਂਦਾ ੀ। ਇੱਕ ਸਮਾਂ ਅਜਿਹਾ ਵੀ ਸੀ, ਜਦੋਂ ਸਵਾਮੀ ਸਦਾਚਾਰੀ ਨੇ ਪ੍ਰਧਾਨ ਮੰਤਰੀ ਨਿਵਾਸ 'ਤੇ ਪਾਠ-ਪੂਜਾ ਕੀਤੀ ਸੀ ਤੇ ਜਦੋਂ ਇਸ ਨੂੰ ਰਾਜਸੀ ਸ਼ਰਨ ਦੇਣ ਵਾਲੇ ਨੇਤਾਵਾਂ ਦੀ ਪਹੁੰਚ ਘਟੀ, ਤਾਂ ਇਹ ਜੇਲ੍ਹ 'ਚ ਸੀ।

• ਇਸੇ ਤਰ੍ਹਾਂ ਕਾਂਚੀ ਮੱਠ ਦੇ 69ਵੇਂ ਸ਼ੰਕਰਾਚਾਰੀਆ ਜੈਯੇਂਦਰ ਸਰਸਵਤੀ ਨੂੰ ਨਵੰਬਰ 2004 'ਚ ਮਠ ਦੇ ਮੈਨੇਜਰ ਸ਼ੰਕਰ ਰਮਨ ਦੇ ਕਤਲ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। 26 ਅਕਤੂਬਰ, 2005 ਨੂੰ ਸੁਪਰੀਮ ਕੋਰਟ ਨੇ ਇਸ ਦੀ ਤਾਮਿਲਨਾਡੂ ਵਿਚਲੀ ਪਹੁੰਚ ਨੂੰ ਵੇਖਦਿਆਂ ਹੋਇਆਂ ਕਤਲ ਦੇ ਮਾਮਲੇ ਦੀ ਸੁਣਵਾਈ ਪੁੱਡੂਚੇਰੀ ਤਬਦੀਲ ਕਰ ਦਿੱਤੀ ਸੀ।

• ਦੱਖਣ ਭਾਰਤੀ ਫਿਲਮਾਂ ਦੀ ਅਦਾਕਾਰ ਰਣਜੀਤਾ ਨਾਲ ਅਸ਼ਲੀਲ ਹਰਕਤਾਂ ਵਾਲੀ ਸੀ.ਡੀ ਬਾਜ਼ਾਰ ਵਿੱਚ ਆਉਣ ਤੋਂ ਬਾਅਦ ਚਰਚਾ ਵਿੱਚ ਆਇਆ ਨਿਤਿਆਨੰਦ ਆਮ ਜਿਹੇ ਇਨਸਾਨ ਤੋਂ ਕਈ ਆਸ਼ਰਮਾਂ ਦਾ ਮਾਲਕ ਬਣ ਗਿਆ। ਇਸ ਦਾ ਬੰਗਲੌਰ-ਮੈਸੂਰ ਹਾਈਵੇ 'ਤੇ ਇੱਕ ਆਸ਼ਰਮ ਹੈ, ਪਰ ਇਸ ਨੇ ਵਾਰਾਣਸੀ, ਪੁਰੀ ਅਤੇ ਤਾਮਿਲਨਾਡੂ ਵਿੱਚ ਭਗਤਾਂ ਦੇ ਪੈਸੇ ਨਾਲ ਕਈ ਆਲੀਸ਼ਾਨ ਆਸ਼ਰਮ ਬਣਾਏ ਹੋਏ

ਬਾਕੀ ਸਫ਼ਾ 29 'ਤੇ

## ਨਵੀਂ ਕਿਤਾਬ ਨੇ ਸੌਦਾ ਸਾਧ ਨੂੰ ਕੀਤਾ 'ਹੋਰ ਨੰਗਾ'

### ਪੁਸਤਕ 'ਚ ਬਾਬੇ ਨੂੰ ਦੱਸਿਆ ਲੁਟੇਰਾ ਤੇ ਅਪਰਾਧੀ




**ਨਵੀਂ ਦਿੱਲੀ/ਬਿਊਰੋ ਨਿਊਜ਼:** ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਵਿੱਚ ਸਜ਼ਾ ਭੁਗਤ ਰਹੇ ਗੁਰਮੀਤ ਰਾਮ ਰਹੀਮ ਦੀ ਜ਼ਿੰਦਗੀ ਬਾਰੇ ਇਕ ਨਵੀਂ ਕਿਤਾਬ ਆਈ ਹੈ। ਇਹ ਕਿਤਾਬ 'ਡੇਰਾ ਸੱਚਾ ਸੌਦਾ ਐਂਡ ਗੁਰਮੀਤ ਰਾਮ ਰਹੀਮ: ਏ ਡੈਕੇਡ ਲੌਂਗ ਇਨਵੈਸਟੀਗੇਸ਼ਨ' ਅਨੁਰਾਗ ਤ੍ਰਿਪਾਠੀ ਨੇ ਲਿਖੀ ਹੈ। ਇਸ ਦਾ ਬਿਰਤਾਂਤ 2007 ਵਿੱਚ ਡੇਰੇ ਵਿੱਚ ਚਲਦੀਆਂ ਅਪਰਾਧਿਕ ਸਰਗਰਮੀਆਂ ਦੀਆਂ ਰਿਪੋਰਟਾਂ ਤੋਂ ਸ਼ੁਰੂ ਹੁੰਦਾ ਹੈ। ਪੈਂਗੁਇਨ ਵੱਲੋਂ ਪ੍ਰਕਾਸ਼ਿਤ ਇਸ ਕਿਤਾਬ ਅਨੁਸਾਰ ਗੁਰਮੀਤ ਰਾਮ ਰਹੀਮ ਦੀ ਚੜ੍ਹਤ ਦੀ ਕਹਾਣੀ ਹੱਤਿਆਵਾਂ, ਜਿਨਸੀ ਸੋਸ਼ਣ, ਜਬਰੀ ਨਿਪੁੰਸਕ ਬਣਾਉਣ, ਪ੍ਰਾਈਵੇਟ ਫ਼ੌਜ ਬਣਾਉਣ, ਹਥਿਆਰਾਂ ਤੇ ਅਫ਼ੀਮ ਦੀ ਤਸਕਰੀ ਤੇ ਵੱਡੇ ਪੱਧਰ 'ਤੇ ਜ਼ਮੀਨਾਂ 'ਤੇ ਕਬਜ਼ੇ ਕਰਨ ਦੇ ਬੇਹਿਸਾਬ ਕਿੱਸਿਆਂ ਨਾਲ ਭਰੀ ਪਈ ਹੈ। ਤ੍ਰਿਪਾਠੀ ਦਾ ਕਹਿਣਾ ਹੈ ਕਿ ਪਹਿਲੇ ਦੋ ਡੇਰਾ ਮੁਖੀਆਂ ਤੋਂ ਉਲਟ ਸੌਦਾ ਸਾਧ ਸ਼ੁਰੂ ਤੋਂ ਹੀ ਅਧਿਆਤਮਵਾਦ ਦੀ ਬਜਾਏ ਜ਼ਮੀਨਾਂ ਹਥਿਆਉਣ ਤੇ ਸੱਤਾ ਦੇ ਗਲਿਆਰਿਆਂ ਤੱਕ ਰਸਾਈ ਕਰਨ ਵੱਲ ਰੁਚਿਤ ਸੀ। ਉਸ ਨੇ ਆਪਣਾ ਦਮਨਕਾਰੀ ਸਾਮਰਾਜ ਕਾਇਮ ਕਰਨ ਲਈ ਸ਼ਰਧਾਲੂਆਂ ਨੂੰ ਅੰਨ੍ਹੀ ਸ਼ਰਧਾ ਦਾ ਪਾਠ ਪੜ੍ਹਾਇਆ। "ਉਸ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇ ਉਹ (ਸ਼ਰਧਾਲੂ) ਰੱਬ ਨਾਲ ਜੁੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਮਾਇਆ ਸਮੇਤ ਜ਼ਮੀਨ ਜਾਇਦਾਦ ਡੇਰੇ ਨੂੰ ਦਾਨ ਕਰਨੀ ਪਵੇਗੀ। ਇਸ ਤਰ੍ਹਾਂ ਬਾਬੇ ਨੇ ਲੁੱਟ ਕੀਤੀ।

### ਜੇਲ੍ਹ ਵਿਚ ਸਬਜ਼ੀਆਂ ਉਗਾਉਂਦਾ ਸੌਦਾ ਸਾਧ ਹੋਇਆ ਮੋਟਾ

**ਚੰਡੀਗੜ੍ਹ/ਬਿਊਰੋ ਨਿਊਜ਼:** ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਥੇ ਆਇਆ 8 ਮਹੀਨੇ ਹੋ ਗਏ ਹਨ ਅਤੇ ਉਸ ਨੂੰ ਮੁੜ ਤੋਂ ਜੇਲ੍ਹ ਵਿਚ ਸਬਜ਼ੀਆਂ ਉਗਾਉਣ ਦਾ ਕੰਮ ਦਿੱਤਾ ਗਿਆ ਹੈ। ਡੇਰਾ ਮੁਖੀ ਜੇਲ੍ਹ ਵਿਚ ਸਬਜ਼ੀਆਂ ਬੀਜਣ, ਉਨ੍ਹਾਂ ਨੂੰ ਪਾਣੀ ਦੇਣ ਤੇ ਕਿਆਰੀਆਂ ਵਿਚੋਂ ਘਾਹ ਆਦਿ ਹਟਾਉਣ ਦਾ ਕੰਮ ਕਰ ਰਿਹਾ ਹੈ, ਜਿਸ ਲਈ ਉਨ੍ਹਾਂ ਨੂੰ ਰੋਜ਼ਾਨਾ 40 ਰੁਪਏ ਦਿਹਾੜੀ ਮਿਲਦੀ ਹੈ। ਗੁਰਮੀਤ ਰਾਮ ਰਹੀਮ ਵਲੋਂ ਉਗਾਈਆਂ ਸਬਜ਼ੀਆਂ ਜੇਲ੍ਹ ਵਿਚ ਕੈਦੀਆਂ ਦੇ ਖਾਣ ਦੇ ਕੰਮ ਆਉਂਦੀਆਂ ਹਨ। ਡੇਰਾ ਮੁਖੀ ਦਾ ਭਾਰ ਜੋ ਪਿਛਲੇ 5 ਮਹੀਨਿਆਂ ਤੱਕ ਨਿਰੰਤਰ ਘੱਟਦਾ ਜਾ ਰਿਹਾ ਸੀ ਹੁਣ 91 ਕਿਲੋ ਦੇ ਕਰੀਬ ਆ ਕੇ ਸਥਿਰ ਹੋ ਗਿਆ ਹੈ, ਜੇਲ੍ਹ ਵਿਚ ਉਨ੍ਹਾਂ ਦੀ ਨਿਯਮਿਤ ਡਾਕਟਰੀ ਜਾਂਚ ਹੁੰਦੀ ਰਹਿੰਦੀ ਹੈ ਤੇ ਹੁਣ ਉਨ੍ਹਾਂ ਦੇ ਬੀ.ਪੀ. ਤੇ ਸ਼ੂਗਰ ਵਿਚ ਕੁਝ ਸੁਧਾਰ ਹੋਇਆ ਹੈ। ਸਾਧਵੀਆਂ ਜਬਰ ਜਨਾਹ ਮਾਮਲਿਆਂ ਵਿਚ 20 ਸਾਲ ਦੀ ਸਜ਼ਾ ਕੱਟ ਰਹੇ ਡੇਰਾ ਮੁਖੀ ਨੂੰ ਵਰਣਮਾਲਾ ਦੇ ਕ੍ਰਮ ਅਨੁਸਾਰ ਸੋਮਵਾਰ ਤੇ ਵੀਰਵਾਰ ਨੂੰ ਮਿਲਣ ਉਸ ਦੇ ਪਰਿਵਾਰਕ ਮੈਂਬਰ ਆਉਂਦੇ ਰਹਿੰਦੇ ਹਨ।




HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
AMRITSAR TIMES
02 ਮਈ 2018 ਤੋਂ 08 ਮਈ 2018

# ਪੰਜਾਬ ਦਾ ਕੈਪਟਨ ਕਿ ਦਿੱਲੀ ਦਾ ਦਰਬਾਰੀ

ਪਟਿਆਲਾ ਦੇ ਸ਼ਾਹੀ ਘਰਾਣੇ ਦੇ ਵਾਰਸ ਕੈਮਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਪੰਜਾਬ ਦੇ ਲੋਕਾਂ ਦਾ ਸੰਵਾਰਨਾ ਤਾਂ ਕੀ ਸੀ ਉਲਟਾ ਇਸ ਦੀਆਂ ਸਿੱਖ ਵਿਰੋਧੀ ਨੀਤੀਆਂ ਸ਼ਰੇਆਮ ਉੱਭਰ ਕੇ ਸਾਹਮਣੇ ਆਉਣ ਲੱਗੀਆਂ ਹਨ। ਸਭ ਤੋਂ ਖ਼ਤਰਨਾਕ ਹੈ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਹਿੰਦੂਤਵੀ ਏਜੰਡੇ ਵਾਲੀ ਕੇਂਦਰ ਸਰਕਾਰ ਨਾਲ ਕੈਪਟਨ ਦੀ ਸਾਂਝ-ਭਿਆਲੀ। ਜਿਹੜੇ ਰਾਜਸੀ, ਧਾਰਮਿਕ, ਨਿੱਜੀ ਖ਼ਾਸ ਕਰ ਪੈਸੇ-ਟਕੇ (ਵਿਦੇਸ਼ੀ ਖ਼ਾਤਿਆਂ ਦੇ ਦੋਸ਼ਾਂ) ਨੇ ਪੰਜਾਬ ਦੀ ਕਾਂਗਰਸ ਸਰਕਾਰ ਦਾ ਮੁੱਖ ਮੰਤਰੀ ਹੁੰਦਿਆਂ ਉਸਨੂੰ ਦਿੱਲੀ ਦਾ ਦਰਬਾਰੀ ਬਣਨ ਲਈ ਮਜਬੂਰ ਕੀਤਾ ਹੈ, ਇਹ ਤਾਂ ਕੈਪਟਨ ਅਮਰਿੰਦਰ ਸਿੰਘ ਹੀ ਜਾਣਦਾ ਹੋਣੇ ਪਰ ਪੰਜਾਬ ਦਾ ਜਿਹੜਾ ਨੁਕਸਾਨ ਹੋਣਾ ਹੈ ਉਸਦੇ ਲੱਛਣ ਹੁਣ ਸਪੱਸ਼ਟ ਉਭਰ ਕੇ ਸਾਹਮਣੇ ਆਉਣ ਲੱਗੇ ਹਨ। ਕੈਪਟਨ ਦੀ ਨਿੱਕਰਧਾਰੀ ਹਿੰਦੂਤਵੀਆਂ ਅੱਗੇ ਝੁਕਣ ਦੀ ਤਾਜ਼ਾ ਮਿਸਾਲ ਪੰਜਾਬ ਸਕੂਲ ਸਿਖਿਆ ਬੋਰਡ ਦੇ ਸਕੂਲੀ ਸਿਲੇਬਸ ਵਾਲੀਆਂ ਕਿਤਾਬਾਂ ਵਿਚੋਂ ਸਿੱਖ ਇਤਿਹਾਸ ਸਬੰਧੀ ਉਥਲ-ਪੁੱਥਲ ਕਰਨ ਦੀ ਸਾਜ਼ਿਸ਼ ਹੈ। ਭਾਵੇਂ ਕੈਪਟਨ ਤੇ ਸਕੂਲ ਬੋਰਡ ਦੇ ਅਧਿਕਾਰੀ ਅਜਿਹੀ ਕਿਸੇ ਵੀ ਤਬਦੀਲੀ ਤੋਂ ਇਨਕਾਰ ਕਰਦਿਆਂ ਉਲਟਾ ਵਿਰੋਧੀਆਂ ਉੱਤੇ ਦੋਸ਼ ਲਾ ਰਹੇ ਹਨ ਪਰ 'ਦਾਲ ਵਿੱਚ ਕੁਝ ਕਾਲਾ' ਹੀ ਨਹੀਂ ਬਲਕਿ 'ਦਾਲ ਕਾਲੀ' ਹੈ। ਇਸੇ ਤਰ੍ਹਾਂ ਸੱਤਾ ਸੰਭਾਲਣ ਬਾਅਦ ਪੰਜਾਬ ਵਿਚੋਂ ਗੈਂਗਵਾਰ, ਹਿੰਸਕ ਗ੍ਰੋਹਾਂ ਤੇ ਸਿਆਸੀ ਕਤਲਾਂ ਦੇ ਜ਼ੁੰਮੇਵਾਰ ਦੋਸ਼ੀਆਂ ਵਿਰੁਧ ਕਾਰਵਾਈ ਦੀ ਆੜ 'ਚ ਪੰਜਾਬ ਪੁਲੀਸ ਨੂੰ ਸਿੱਖ ਨੌਜਵਾਨਾਂ ਵਿਰੁਧ ਤਸ਼ੱਦਦ ਦੀ ਖੁਲ੍ਹੀ ਛੁੱਟੀ ਦੇਣਾ ਕੈਪਟਨ ਦਾ ਦਿੱਲੀ ਵਿਚਲੀਆਂ ਸਰਕਾਰੀ ਏਜੰਸੀਆਂ ਦੇ ਮੋਹਤਬਰਾਂ ਨੂੰ ਮਨਮਰਜ਼ੀਆਂ ਕਰਨ ਦਾ ਸ਼ਪੱਸ਼ਟ ਥਾਪੜਾ ਦੇਣਾ ਹੈ। ਅੱਜ ਕਲ੍ਹ ਜੋ ਕੁਝ ਵੀ ਪੰਜਾਬ ਵਿੱਚ ਤੇ ਪੰਜਾਬ ਨਾਲ ਹੋ ਰਿਹਾ ਹੈ, ਕੈਪਟਨ ਉਸ ਸਭ ਕੁਝ ਦੀ ਜਿੰਮੇਵਾਰੀ ਤੋਂ ਭੱਜ/ਮੁਕਰ ਨਹੀਂ ਸਕਦਾ।

ਅਕਾਲੀ ਦਲ (ਬਾਦਲ) ਦੇ 10 ਸਾਲਾ ਰਾਜ ਦੀ ਲੁੱਟ-ਘਸੁੱਟ ਤੇ ਬਾਦਲ ਲਾਣੇ ਦੀਆਂ ਸਿੱਖ ਵਿਰੋਧੀ ਜਿਹੜੀਆਂ ਨੀਤੀਆਂ ਤੋਂ ਅੱਕ ਕੇ ਲੋਕਾਂ ਨੇ ਕਾਂਗਰਸ ਨੂੰ ਬਲਕਿ ਕੈਪਟਨ ਅਮਰਿੰਦਰ ਸਿੰਘ ਨੂੰ ਵੋਟਾਂ 'ਚ ਜਿਤਾਉਣ ਦਾ ਤੱਕ ਚੱਬਿਆ ਸੀ, ਉਹ ਲੋਕ ਨਿਰਾਸ਼ ਤਾਂ ਹਨ ਹੀ ਉਦਾਸ ਵੀ ਹਨ ਕਿ ਹੁਣ ਕਿਸ ਰਾਜਸੀ ਆਗੂ ਜਾਂ ਪਾਰਟੀ ਉੱਤੇ ਭਵਿੱਖ ਵਿੱਚ ਟੇਕ ਰੱਖੀ ਜਾ ਸਕੇਗੀ। ਪਿਛਲੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਪੰਜਾਬ ਦੇ ਲੋਕਾਂ, ਜਿਨ੍ਹਾਂ ਵਿਚੋਂ ਭਾਰੀ ਗਿਣਤੀ ਸਿੱਖਾਂ ਦੀ ਹੈ, ਵਲੋਂ ਰਾਜਸੀ ਖੇਤਰ 'ਚ ਆਸ ਦੀਆਂ ਨਵੀਆਂ ਕਿਰਨਾਂ, ਵਾਅਦੇ ਤੇ ਦਾਅਵੇ ਲੈ ਕੇ ਚੋਣ ਮੈਦਾਨ ਵਿੱਚ ਨਿੱਤਰੀ ਆਮ ਆਦਮੀ ਪਾਰਟੀ ਦੀ ਥਾਂ ਕਾਂਗਰਸ ਨੂੰ ਰਾਜ-ਭਾਗ ਸੌਂਪਣ ਦਾ ਮੁੱਖ ਕਾਰਨ ਕੈਪਟਨ ਅਮਰਿੰਦਰ ਸਿੰਘ ਦੀ ਸਿੱਖੀ, ਕਿਸਾਨੀ ਤੇ ਪੰਜਾਬ ਦੇ ਮਸਲਿਆਂ ਬਾਰੇ ਪਿਛਲੇ ਸਮਿਆਂ ਦੌਰਾਨ ਅਪਣਾਈ ਜਾਂਦੀ ਰਹੀ ਦਰੁੱਸਤ ਪਹੁੰਚ ਤੇ ਕਿਸੇ ਹੱਦ ਤੱਕ ਧੜੱਲੇਦਾਰ ਸਟੈਂਡ ਲੈਣਾ ਸੀ। ਪਰ ਚੋਣਾਂ ਜਿੱਤਣ ਬਾਅਦ ਕੈਪਟਨ ਦਾ ਜਿਹੜਾ ਰੂਪ ਸਾਹਮਣੇ ਆਉਣਾ ਸ਼ੁਰੂ ਹੋਇਆ ਤੇ ਹੁਣ ਜਿਹੜਾ ਦਿਨੋਂ ਦਿਨ ਨੰਗਾ ਹੋ ਰਿਹਾ ਹੈ, ਉਹ ਕੈਪਟਨ ਪੰਜਾਬ ਦਾ ਪੁੱਤ ਨਹੀਂ ਬਲਕਿ ਦਿੱਲੀ ਦਰਬਾਰ ਦੇ ਦੂਤ ਤੋਂ ਵੱਧ ਕੁਝ ਨਹੀਂ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਮਰਿੰਦਰ ਸਿੰਘ ਵਰ੍ਹਿਆਂ ਤੋਂ ਸਦਾ ਹੀ ਸਿੱਖਾਂ ਤੇ ਪੰਜਾਬੀਆਂ ਦੇ ਹਿੱਤਾਂ ਦੀ ਦੁਸ਼ਮਣ ਸਿੱਧ ਹੁੰਦੀ ਆ ਰਹੀ ਕਾਂਗਰਸ ਵਾਲੇ ਦਿੱਲੀ ਦਰਬਾਰ ਦਾ ਨਹੀਂ ਬਲਕਿ ਭਾਰਤ 'ਚ ਸਿੱਖਾਂ ਤੇ ਮੁਸਲਮਾਨਾਂ ਸਮੇਤ ਸਾਰੀਆਂ ਘੱਟ ਗਿਣਤੀਆਂ ਦਾ ਮਲੀਆਮੇਟ ਕਰਨ ਵਾਲੇ ਫਿਰਕੂ ਹਿੰਦੂਤਵੀ ਦਰਬਾਰ ਦੇ ਪਿਆਦੇ ਵਜੋਂ ਵਿਚਰਦਿਆਂ ਅੱਜ ਕਲ੍ਹ ਜੋ ਕੁਝ ਕਰ/ਕਮਾ ਰਿਹਾ ਹੈ, ਉਹ ਕਾਂਗਰਸੀ ਕਿਰਦਾਰ ਤੋਂ ਕਿਤੇ ਵੱਧ ਘਾਤਕ ਤੇ ਖ਼ਤਰਨਾਕ ਹੈ।

ਅਸਲ ਵਿੱਚ ਜੂਨ 1984 ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਫੌਜ ਦੇ ਹਮਲੇ ਵਿਰੁਧ ਲੋਕ ਸਭਾ ਦੀ ਮੈਂਬਰੀ ਅਤੇ ਕਾਂਗਰਸ ਤੋਂ ਅਸਤੀਫ਼ਾ ਦੇਣ ਅਤੇ ਫਿਰ ਕਈ ਸਾਲਾਂ ਬਾਅਦ ਕਾਂਗਰਸ ਵਿੱਚ ਸ਼ਾਮਲ ਹੋਣ ਬਾਅਦ ਮੁੱਖ ਮੰਤਰੀ ਬਣਨ ਮੌਕੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਹੱਕ ਵਿੱਚ ਪਾਰਟੀ ਹਾਈਕਮਾਂਡ ਦੀ ਪ੍ਰਵਾਹ ਨਾ ਕਰਦਿਆਂ ਰਾਜ ਵਿਧਾਨ ਸਭਾ ਵਿੱਚ ਅਹਿਮ ਸਟੈਂਡ ਲੈਣ ਵਾਲਾ ਅਮਰਿੰਦਰ ਸਿੰਘ ਲਗਾਤਾਰ ਦੋ ਵਾਰ ਪਾਰਟੀ ਹਾਰ ਕਾਰਨ ਰਾਜਸੀ, ਨੈਤਿਕ ਤੇ ਸਰੀਰਕ ਤੌਰ ਉੱਤਰ ਕਮਜ਼ੋਰ ਹੋ ਚੁੱਕਾ ਸੀ। ਇਸਦਾ ਝਲਕਾਰਾ ਮਾਰਚ 2017 ਵਿੱਚ ਰਾਜ ਵਿਧਾਨ ਸਭਾ ਚੋਣਾਂ ਦੇ ਦਿਨੀਂ ਪੰਜਾਬ ਦੇ ਸ਼ਹਿਰਾਂ/ਪਿੰਡਾਂ ਅਤੇ ਸੜਕਾਂ ਤੋਂ ਇਲਾਵਾ ਖੇਤਾਂ ਵਿਚਲੇ ਟਿਊਬਵੈਲਾਂ ਦੇ ਕੋਠਿਆਂ ਦੀਆਂ ਕੰਧਾਂ ਉੱਤੇ ਲੱਗੇ ਪਰਚਾਰ ਪੋਸਟਰਾਂ ਵਿਚਲੇ ਕੈਪਟਨ ਦੀ ਸ਼ਹਿਰੀ ਪੱਗ ਵਿਚੋਂ ਜਿਹੜਾ ਸੰਕੇਤ ਉਭਰਦਾ ਸੀ। ਭਾਵੇਂ ਕਿ ਇਸ ਗੱਲ ਵਲ ਬਹੁਤਿਆਂ ਦਾ ਉਸ ਵਕਤ ਧਿਆਨ ਨਹੀਂ ਗਿਆ। ਬੇਸ਼ੱਕ ਤਸਵੀਰ ਚਿਤਰਣ/ ਚੁਣਨ ਵਾਲਿਆਂ ਦਾ ਮਨਸ਼ਾ ਕੋਈ ਵੀ ਹੋਵੇ, ਪਰ ਕੈਪਟਨ ਦਾ ਉਹ ਰੂਪ ਪੋਸਟਰਾਂ ਦੀ ਇਬਾਰਤ ਚਾਹੁੰਦਾ ਹੈ ਪੰਜਾਬ, ਕੈਪਟਨ ਦੀ ਸਰਕਾਰ ਨੂੰ ਲੋਕ ਪੱਖੀ (ਕਿਸਾਨਾਂ/ਮਜ਼ਦੂਰਾਂ) ਦੀ ਬਜਾਏ ਸ਼ਹਿਰੀ ਕਿਰਦਾਰ ਵਾਲੀ ਸ਼ੈਲੀ ਵਾਲੀ ਹੋਣ ਦੀ ਗਵਾਹੀ ਭਰਦੀ ਜਾਪਦੀ ਸੀ। ਇਸੇ ਲਈ ਸਾਲ ਕੁ ਪਹਿਲਾਂ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਵਾਲੇ ਕੈਪਟਨ ਵਲੋਂ ਸਾਰੇ ਸਮੇਂ ਦੌਰਾਨ ਅਪਣੀ ਧਰਤੀ, ਅਪਣੇ ਲੋਕਾਂ, ਮਮਾਂ ਬੋਲੀ ਇੱਥੋਂ ਤੱਕ ਕਿ ਅਪਣੇ ਧਰਮ ਤੋਂ ਬੇਮੁੱਖ ਹੁੰਦਾ ਜਾਣਾ ਸਭਨਾਂ ਲਈ ਨਿਰਾਸ਼ ਹੋਣ ਨਾਲੋਂ ਚਿੰਤਾਜਨਕ ਵੱਧ ਹੈ।

ਕਰਜ਼ੇ ਹੇਠ ਦੱਬੇ ਹੋਣ ਕਾਰਨ ਖੁਦਕੁਸ਼ੀਆਂ ਲਈ ਮਜਬੂਰ ਕਿਸਾਨਾਂ ਦੀ ਬਾਂਹ ਫੜਣ ਅਤੇ ਨਸ਼ਿਆਂ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਬਰਬਾਦੀ ਰੋਕਣ ਲਈ ਤਖ਼ਤ ਦਮਦਮਾ ਸਹਿਬ ਵਿਖੇ ਪਵਿੱਤਰ ਗੁੱਟਕੇ ਉੱਤੇ ਸਹੁੰ ਚੁਕਣ ਵਾਲੇ ਅਮਰਿੰਦਰ ਸਿੰਘ ਦੀ ਅਪਣੇ ਰਾਜਸੀ ਦੁਸ਼ਮਣਾਂ ਤੇ ਪੰਜਾਬ ਦੇ ਲੁਟੇਰਾ ਬਾਦਲ ਜੁੰਡਲੀ ਨਾਲ ਸਾਂਝ ਭਿਆਲੀ ਜੱਗ ਜ਼ਾਹਰ ਹੈ। ਬਾਦਲ ਪਿਓ-ਪੁੱਤ ਦੀ ਅਗਵਾਈ ਵਾਲੀ ਪਿਛਲੀ ਅਕਾਲੀ ਭਾਜਪਾ ਸਰਕਾਰ ਦੇ 10 ਸਾਲਾ ਰਾਜ ਦੌਰਾਨ ਨਸ਼ਿਆਂ ਦੀ ਤਸਕਰੀ ਦੇ ਜਾਲ, ਬੱਸ ਕਾਰੋਬਾਰ ਉੱਤੇ ਬਾਦਲਾਂ ਦੇ ਕਬਜ਼ੇ, ਕਰੋੜਾਂ ਰੁਪਏ ਦੇ ਸਰਕਾਰੀ ਫੰਡਾਂ ਬਾਦਲਾਂ ਦੇ ਚਹੇਤੇ ਪ੍ਰਾਜੈਕਟਾਂ ਲਈ ਦੁਰਵਰਤੋਂ ਇਲਾਵਾ ਕਿੰਨੇ ਹੀ ਬੇਹੱਦ ਨਾਜ਼ੁਕ ਤੇ ਭਖ਼ਦੇ ਮਸਲੇ ਸਨ, ਜਿਨ੍ਹਾਂ ਸਬੰਧੀ ਕਾਰਵਾਈ ਕਰਨ ਬਾਰੇ ਕੈਪਟਨ ਨੇ ਚੋਣਾਂ ਤੋਂ ਪਹਿਲਾਂ ਕੂਕ ਕੂਕ ਕੇ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ।

ਹੋਇਆ ਸਗੋਂ ਉਲਟ ਹੈ। ਨਸ਼ਿਆਂ ਦੇ ਕਾਰੋਬਾਰੀ ਦਾ ਜਾਲ/ਜੰਜਾਲ ਤੋੜਣ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਨੂੰ ਕੈਪਟਨ ਉਲਟਾ ਘੁਰਕੀਆਂ ਦੇ ਕੇ ਅਸਲ ਦੋਸ਼ੀਆਂ ਨਾਲ ਦੋਸਤੀ ਪਾਲਣ ਦਾ ਧਰਮ ਨਿਭਾਉਂਦਾ ਨਜ਼ਰ ਆਉਂਦਾ ਹੈ। ਕਿਸਾਨਾਂ ਦੇ ਕਰਜ਼ਿਆਂ ਲਈ ਲੋਕਾਂ ਦੇ ਅੱਖੀ ਘੱਟਾ ਪਾਉਣ ਵਾਲੀਆਂ ਸ਼ਾਤਰ ਸਿਆਸੀ ਚਾਲਾਂ ਤੋਂ ਲੋਕ ਚੇਤੰਨ ਹੋ ਰਹੇ ਨੇ। ਬਾਦਲਾਂ ਦੀਆਂ ਬੱਸਾਂ ਸਗੋਂ ਪਹਿਲਾਂ ਨਾਲੋਂ ਵੱਧ ਪੰਜਾਬ ਇੱਥੋਂ ਤੱਕ ਕੌਮੀ ਰਾਜਧਾਨੀ ਦਿੱਲੀ ਵਲ ਜਾਂਦੀਆਂ ਦੀਆਂ ਸੜਕਾਂ ਉੱਤੇ ਘੂਕਦੀਆਂ ਤੇ ਕਮਾਉਂਦੀਆ ਫਿਰਦੀਆਂ ਨੇ। ਜੇ ਹਾਲਾਤ ਨੇ ਕੋਈ ਨਾਟਕੀ ਮੋੜ ਨਾ ਲਿਆ ਤਾਂ ਪੰਜਾਬ ਵਿੱਚ ਕਾਂਗਰਸ ਸਰਕਾਰ ਦੇ ਅਜੇ ਲੱਗਭਗ 4 ਸਾਲ ਬਾਕੀ ਰਹਿੰਦੇ ਹਨ,ਜੋ ਤਾਜ਼ਾ ਘਟਨਾਕਰਮ ਦੇ ਮੱਦੇਨਜ਼ਰ ਬਹੁਤ ਮਾੜੇ ਹਾਲਾਤ ਪੈਦਾ ਕਰਨ ਵਲ ਲਿਜਾਣਗੇ।

ਹੋ ਸਕਦਾ ਹੈ ਅਮਰਿੰਦਰ ਸਿੰਘ ਦੇ ਅਹਿਲਕਾਰਾਂ/ਸਲਾਹਕਾਰਾਂ ਦੀ ਜੁੰਡਲੀ ਵਿਚਲੇ ਸਖ਼ਸ਼ਾਂ ਦਾ ਅਪਣੇ ਮਾਲਕ ਪ੍ਰਤੀ ਨਿੱਜ਼ੀ ਵਫਾਦਾਰੀ ਤੋਂ ਇਲਾਵਾ ਪੰਜਾਬ ਤੇ ਲੋਕਾਂ ਪ੍ਰਤੀ ਕੋਈ ਲਗਾਅ/ਪ੍ਰਤੀਬੱਧਤਾ ਇੱਥੋਂ ਕਿ ਲੋਕ ਮਸਲਿਆਂ ਬਾਰੇ ਸੂਝ ਬੂਝ ਨਾ ਹੋਣ ਕਾਰਨ ਕੈਪਟਨ ਤੱਕ ਅਸਲ ਮਸਲਿਆਂ ਤੇ ਮੌਜੂਦਾ ਹਾਲਾਤ ਬਾਰੇ ਸਹੀ ਜਾਣਕਾਰੀ ਨਾ ਪਚੁੰਚਦੀ ਹੋਵੇ। ਪਰ ਜਿਹੋ ਜਿਹੇ ਸਲਾਹਕਾਰ ਕੋਈ ਚੁਣਦਾ ਹੈ, ਉਹੋ ਜਿਹੇ ਨਤੀਜੇ ਹੀ ਨਿਕਲਣੇ ਹੁੰਦੇ ਹਨ। ਰਾਜ ਪ੍ਰਬੰਧ ਵਲ ਧਿਆਨ ਦੇਣ ਦੀ ਥਾਂ ਕੈਪਟਨ ਅਮਰਿੰਦਰ ਸਿੰਘ ਦੇ ਸ਼ਾਹੀ ਅੰਦਾਜ਼, ਐਸ਼ੋ-ਇਸ਼ਰਤ, ਮੌਜ ਮਸਤੀਆਂ, ਮਾਇਆ ਕਮਾਉਣ ਦਾ ਮੋਹ ਤੇ ਰਾਜਸੀ ਵਿਰੋਧੀਆਂ ਨਾਲ ਸਿਆਸੀ ਸੌਦੇਬਾਜ਼ੀ ਦੀਆਂ ਖ਼ਬਰਾਂ ਮਹਿਜ਼ ਅਫਵਾਹਾਂ ਨਹੀਂ। ਪੰਜਾਬ ਦੇ ਲੋਕਾਂ ਨੇ ਅਜਿਹਾ ਕੈਪਟਨ ਕਦੇ ਵੀ ਚਾਹਿਆ/ਚਿਤਵਿਆ ਨਹੀਂ ਸੀ।

# ਪਰਛਾਵੇਂ ਅੰਦਰ ਸਿੱਖ ਬਣ ਕੇ ਜੀਣ ਦੀ ਲੋਚਾ

**ਸਾਲ 2005 ਵਿਚ ਜਦੋਂ 'ਸਾਹਿਬਜ਼ਾਦੇ' ਨਾਂ ਦੀ ਕਾਰਟੂਨ ਫਿਲਮ ਆਈ ਸੀ ਤਾਂ ਉਸ ਵੇਲੇ ਹੀ ਕਈ ਸਿੱਖ ਹਲਕਿਆਂ ਵੱਲੋਂ ਪੰਥ ਨੂੰ ਇਸ ਰੁਝਾਨ ਨੂੰ ਨਕਾਰਨ ਦਾ ਸੱਦਾ ਦਿੱਤਾ ਸੀ ਤੇ ਇਸ ਰਾਹ ਨੂੰ ਰੂਹਾਨੀ ਖ਼ੁਦਕੁਸ਼ੀ ਦਾ ਰਾਹ ਦੱਸਿਆ ਸੀ। ਪਰ ਇਹ ਰੁਝਾਨ ਕਿਸੇ ਨਾ ਕਿਸੇ ਹੱਦ ਤਕ ਸਹਿਣ ਕੀਤਾ ਜਾਂਦਾ ਰਿਹਾ ਤੇ ਇਸ ਪਿੱਛੇ ਇਕ ਕਾਰਨ ਇਹ ਸੀ ਕਿ ਕਾਰਟੂਨ ਵਿਧੀ ਨੂੰ ਨਕਲਾਂ ਲਾਹੁਣ ਦੇ ਹੋਰਨਾਂ ਢੰਗਾਂ ਤੋਂ ਵੱਖਰੇ ਤੌਰ ਤੇ ਵੇਖਿਆ ਜਾ ਰਿਹਾ ਸੀ। ਦੂਜਾ ਇਸ ਨੂੰ ਅਜੋਕੇ ਸਮੇਂ ਵਿੱਚ ਪਰਚਾਰ ਦੀ ਲੋੜ ਦੱਸਿਆ ਜਾ ਰਿਹਾ ਸੀ ਤੇ ਕੁਝ ਹਿੱਸੇ ਇਸ ਨੂੰ ਸਿੱਖ ਕਲਾ ਦੇ ਵਿਸਤਾਰ ਵਜੋਂ ਵੇਖ ਰਹੇ ਸਨ। ਇਸ ਰੁਝਾਨ ਨੂੰ ਸਾਲ 2014 ਵਿਚ ਆਈ ਚਾਰ ਸਾਹਿਬਜ਼ਾਦੇ' ਫਿਲਮ ਮੌਕੇ ਸਭ ਤੋਂ ਵੱਧ ਮਾਨਤਾ ਮਿਲੀ ਪਰ ਨਾਲ ਇਸ ਛੇਤੀ ਇਸ ਦੀ ਸਾਰਥਿਕਤਾ ਬਾਰੇ ਗੰਭੀਰ ਸਵਾਲ ਵੀ ਉੱਠੇ। ਸਾਲ 2015 ਤੇ 2018 ਵਿਚ ਨਾਨਕ ਸ਼ਾਹ ਫ਼ਕੀਰ ਫਿਲਮ ਦਾ ਵਿਰੋਧ ਮੌਕੇ ਸਿੱਖ ਜਗਤ ਨੇ ਇਸ ਰੁਝਾਨ ਨੂੰ ਕਾਫੀ ਹੱਦ ਤਕ ਰੱਦ ਕਰ ਦਿੱਤਾ ਹੈ। ਇਸ ਸਾਰੇ ਵਰਤਾਰੇ ਦੀ ਡੂੰਘੀ ਪੜਤਾਲ ਕਰਦਿਆਂ ਡਾ. ਸੇਵਕ ਸਿੰਘ ਨੇ ਇਕ ਲੰਮੀ ਲਿਖਤ ਦਾ ਪਹਿਲਾ ਹਿੱਸਾ ਸਿੱਖ ਸਿਆਸਤ ਤੋਂ ਧੰਨਵਾਦ ਸਹਿਤ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀ ਕੀਤਾ ਜਾ ਰਿਹਾ ਹੈ। ਆਉਂਦੇ ਦਿਨਾਂ ਵਿਚ ਇਸ ਲਿਖਤ ਦੀਆਂ ਅਗਲੀਆਂ ਕੜੀਆਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾਣਗੀਆਂ-ਸੰਪਾਦਕ।**

## ਡਾ. ਸੇਵਕ ਸਿੰਘ

ਮਨੁੱਖੀ ਇਤਿਹਾਸ ਵਿਚ ਸਭ ਤੋਂ ਵੱਡਾ ਭੇੜ ਇਸੇ ਗੱਲ ਦਾ ਹੈ ਕਿ ਸਮੁੱਚੇ ਸੰਸਾਰ ਦੀ ਕੀਮਤ ਕਿਸ ਤਰ੍ਹਾਂ ਅਤੇ ਕਿਸ ਅਧਾਰ ਤੇ ਤੈਅ ਹੋਵੇ।



ਬਾਕੀ ਸਾਰੇ ਭਾਂਤ ਦੇ ਭੇੜ ਅਤੇ ਵਿਵਾਦ ਇਸੇ ਕੀਮਤ ਤੈਅ ਕਰਨ ਦੇ ਅਧਾਰ ਅਤੇ ਤਰੀਕਿਆਂ ਅਧੀਨ ਆਉਂਦੇ ਹਨ। ਹਰ ਸ਼ੈਅ ਦੀ ਕੀਮਤ ਤੈਅ ਕਰਨ ਦਾ ਸਵਾਲ ਮਨੁੱਖੀ ਸਮਾਜ ਲਈ ਸਦੀਆਂ ਤੋਂ ਮੂਲ ਸਵਾਲ ਹੈ। ਸਭ ਕੁਝ ਦੀ ਕੀਮਤ ਤੈਅ ਕਰਨ ਦਾ ਅਧਾਰ ਕੀ ਹੋਵੇ ਅਤੇ ਕੀਮਤ ਤੈਅ ਕਰਨ ਦਾ ਹੱਕ ਕਿਸ ਕੋਲ ਹੋਵੇੜ ਇਹੋ ਖਾਸ ਗੱਲਾਂ ਹਨ। ਬੰਦੇ ਨੇ ਕੀਮਤ ਤੈਅ ਕਰਨ ਦਾ ਕੇਂਦਰ ਖੁਦ ਨੂੰ ਮੰਨਣਾ ਹੈ ਜਾਂ ਖ਼ੁਦਾ ਨੂੰ, ਇਹ ਮਸਲਾ ਧਰਮ, ਰਾਜਨੀਤੀ ਅਤੇ ਵਪਾਰ ਨੂੰ ਇਕੋ ਜਿੰਨਾ ਅਸਰ ਹੇਠ ਲੈਂਦਾ ਹੈ।

ਜਿਹੜੀਆਂ ਕਦਰਾਂ ਕੀਮਤਾਂ ਨੂੰ ਮੁੱਖ ਰੱਖ ਕੇ ਕੋਈ ਹਕੂਮਤ ਕਿਸੇ ਦੁਬੇਲ ਧਿਰ ਨੂੰ ਖਤਮ ਕਰਨ ਲਈ ਪਰਚਾਰ ਚਲਾਉਂਦੀ ਹੈ, ਜੇ ਦੁਬੇਲ ਧਿਰ ਵੀ ਓਹੀ ਪਰਚਾਰ ਆਪਣੇ ਬਚਾਅ ਲਈ ਕਰੇ ਤਾਂ ਨਤੀਜੇ ਕੀ ਹੋਣਗੇ ? ਜਿਹੜੇ ਤਰੀਕੇ ਕੋਈ ਅਜਾਦ ਧਿਰ ਦੂਜਿਆਂ ਨੂੰ ਗੁਲਾਮ ਬਣਾਉਣ ਲਈ ਅਪਣਾਉਂਦੀ ਹੈ ਜੇ ਗੁਲਾਮ ਧਿਰ ਵੀ ਆਪਣੀ ਅਜਾਦੀ ਹਾਸਲ ਕਰਨ ਲਈ ਓਹੀ ਤਰੀਕੇ ਅਪਣਾਏ ਤਾਂ ਨਤੀਜੇ ਕੀ ਹੋਣਗੇ ? ਇਹ ਸਵਾਲ ਸਿੱਖਾਂ ਨੂੰ ਪਰਛਾਵਿਆਂ (ਸਿਨੇਮੇ) ਅਤੇ ਬਿਜਲ ਪਰਛਾਵਿਆਂ (ਐਨੀਮੇਸ਼ਨ) ਦੀ ਵਰਤੋਂ ਅਤੇ ਅਸਰ ਦੇ ਸਬੰਧ ਵਿੱਚ ਵਿਚਾਰਨਾ ਚਾਹੀਦਾ ਹੈ, ਭਾਵੇਂ ਪਛੜ ਕੇ ਹੀ ਸਹੀ। ਪਰਛਾਵੇ ਦੀ ਵਰਤੋਂ ਬਾਰੇ ਬਹਿਸਣ ਤੋਂ ਪਹਿਲਾਂ ਇਹਦੇ ਬਾਰੇ ਜਾਣਨਾ ਵੀ ਚਾਹੀਦਾ ਹੈ ਕਿ ਇਹ ਵਰਤਾਰਾ ਕੀ ਹੈ ? ਜਿਹੜੇ ਲੋਕਾਂ ਨੇ ਇਹ ਵਿਧੀ ਵਰਤੀ ਹੈ ਉਹਨਾਂ ਦਾ ਕੀ ਤਜਰਬਾ ਰਿਹਾ ? ਆਪਣੇ ਵਲੋਂ ਵੀ ਜਾਣਨਾ ਚਾਹੀਦਾ ਹੈ ਕਿ ਇਹ ਵਿਧੀ ਕੀ ਹੈ ਅਤੇ ਇਹਦੇ ਲਾਭ ਹਾਨ ਕੀ ਹਨ ?

ਬਹੁਦਿਸ਼ਾਵੀ ਪਰਛਾਵੇਂਕਾਰੀ ਦੇ ਜੁਗ ਵਿੱਚ 'ਦ ਗੋਸਟ ਸਟੋਰੀ' ਨਾਂ ਦੀ ਫਿਲਮ ਬਾਰੇ ਚਰਚਾ ਹੋ ਰਹੀ ਹੈ ਕਿ ਉਹਦੇ ਵਿਚਲਾ ਭੂਤ ਕਿਸੇ ਬੰਦੇ ਦਾ ਪਰਛਾਵਾ ਹੈ ਜਾਂ ਬਿਜਲ ਪਰਛਾਵਾ ਹੀ ਹੈ। ਚਰਚਾ ਦੀ ਵਜਹ ਇਹ ਹੈ ਕਿ ਨਾ ਪਰਛਾਵੇ ਦਾ ਚਿਹਰਾ ਵਿਖਾਈ ਦਿੰਦਾ ਹੈ ਅਤੇ ਨਾ ਹੀ ਪਰਛਾਵੇ ਦੀ ਹਿਲਜੁਲ ਮਨੁੱਖਾਂ ਵਾਲੀ ਹੈ। ਸਬੱਬੀਂ ਸਿੱਖਾਂ ਵਿੱਚ ਵੀ ਪਰਛਾਵੇ ਬਾਰੇ ਇਸੇ ਤਰ੍ਹਾਂ ਦੀ ਦਲੀਲਬਾਜੀ ਹੋ ਰਹੀ ਹੈ ਕਿ:

✶ਇਹ ਕਿਸੇ ਬੰਦੇ ਦਾ ਸਿੱਧਾ ਪਰਛਾਵਾ ਨਹੀਂ ਹੈ।
✶ਇਹ ਨਵੀਂ ਤਕਨੀਕ ਨਾਲ ਬਣਾਇਆ ਹੈ।
✶ਇਹ ਨਿਰੋਲ ਚਮਕ ਨਾਲ ਬਣਿਆ ਪਰਛਾਵਾ (ਨਿਰੀ ਜੋਤ) ਹੈ, ਇਹਨੂੰ ਆਮ ਪਰਛਾਵਾ ਨਾ ਮੰਨੋ।
✶ ਇਹ ਆਮ ਬੰਦੇ ਦੇ ਕੱਦ ਨਾਲੋਂ ਵੱਡਾ ਹੈ, ਇਸ ਕਰਕੇ ਬੰਦਾ ਨਹੀਂ ਜਾਪਦਾ।

ਏਹਨਾਂ ਦਲੀਲਾਂ ਨਾਲ ਸਿੱਧ ਕੀਤਾ ਗਿਆ ਹੈ ਕਿ ਇਹ ਕਰਮ ਨਾ ਸਿੱਖੀ ਸਿਧਾਂਤ ਦੀ ਉਲੰਘਣਾ ਹੈ ਅਤੇ ਨਾ ਹੀ ਗੁਰੂ ਦੀ ਬੇਅਦਬੀ। ਦਲੀਲਬਾਜੀ ਦਾ ਪਹਿਲਾ ਹਿੱਸਾ ਮਨੁੱਖੀ ਪਰਛਾਵੇਂ ਦੀ ਥਾਂ ਬਿਜਲ ਪਰਛਾਵੇਂ ਨੂੰ ਸਹੀ ਠਹਿਰਾਉਣ ਦਾ ਹੈ, ਦੂਜਾ ਹਿੱਸਾ ਪਰਛਾਵਿਆਂ ਰਾਹੀਂ ਪਰਚਾਰ ਦੀ ਲੋੜ ਨੂੰ ਸਹੀ ਠਹਿਰਾਉਣ ਦਾ ਹੈ ਕਿ ਸਿੱਖਾਂ ਨੂੰ ਮਨੁੱਖੀ ਜਾਂ ਬਿਜਲ ਪਰਛਾਵੇਂ ਕਿਉਂ ਜਰੂਰੀ ਹਨ। ਕਈ ਫਿਲਮਾਂ ਬਣ ਗਈਆਂ ਹਨ ਅਤੇ ਦਰਜਨਾਂ ਲੋਕ ਸਾਜੋ ਸਮਾਨ ਜੋੜ ਰਹੇ ਹਨ। ਇਸ ਪਾਸੇ ਜਾਣ ਵਾਲਿਆਂ ਦੀਆਂ ਮੁਖ ਦਲੀਲਾਂ ਹਨ ਕਿ:

✶ਧਰਮ ਦਾ ਪਰਚਾਰ ਕਰਨ ਲਈ ਅਤੇ ਦੁਨੀਆ ਨਾਲ ਰਲਣ ਲਈ ਨਵੀਂ ਤਕਨੀਕ ਜਰੂਰੀ ਹੈ।
✶ਆਪਣੀ ਅਗਲੀ ਪੀੜ੍ਹੀ ਅਤੇ ਦੁਨੀਆ ਨੂੰ ਦੱਸਣ ਦਾ ਸਭ ਤੋਂ ਵਧੀਆ ਤਰੀਕਾ ਹੁਣ ਇਹੋ ਹੈ।
✶ ਜੇ ਆਪਣੇ ਧਰਮ ਇਤਿਹਾਸ ਬਾਰੇ ਆਪ ਨਹੀਂ ਦੱਸਾਂਗੇ ਤਾਂ ਹੋਰ ਕੌਣ ਦੱਸੇਗਾ ?
✶ਜੇ ਸਾਰੀ ਦੁਨੀਆ ਦੇ ਧਰਮ ਇਤਿਹਾਸ ਤੇ ਫਿਲਮਾਂ ਬਣ ਸਕਦੀਆਂ ਹਨ ਤਾਂ ਸਾਡੇ ਤੇ ਕਿਉਂ ਨਹੀਂ ?

ਏਹ ਦਲੀਲਾਂ ਕਿਥੋਂ ਆਈਆਂ ਹਨ ? ਏਹਨਾਂ ਦੇ ਪਿਛੋਕੜ ਵਿੱਚ ਕਿੰਨੀ ਕੁ ਤਕਨੀਕੀ, ਸਿਧਾਂਤਕ ਅਤੇ ਵਿਹਾਰਕ ਸਮਝ ਮੌਜੂਦ ਹੈ ? ਏਹਨਾਂ ਗੱਲਾਂ ਨੂੰ ਸਮਝਣਾ ਚਾਹੀਦਾ ਹੈ। ਸਿੱਖ ਕਹਾਉਣ ਵਾਲੇ ਵਪਾਰੀ ਅਤੇ ਹਕੂਮਤਾਂ ਦੇ ਖੈਰ ਖਵਾਹ ਕਦੋਂ ਤੋਂ ਇਸ ਪਿੜ ਨੂੰ ਖਾਲੀ ਜਾਣ ਕੇ ਕਸਰਤਾਂ ਕਰ ਰਹੇ ਹਨ।

ਗੱਲ ਪਰਛਾਵਿਆਂ ਦੀ ਤਕਨੀਕ ਤੋਂ ਸ਼ੁਰੂ ਕਰੀਏ ਤਾਂ 19ਵੀਂ ਸਦੀ ਵਿੱਚ ਪਰਛਾਵਿਆਂ ਦੀ ਤਕਨੀਕ ਆਈ। ਪਹਿਲਾਂ ਅਹਿੱਲ ਪਰਛਾਵੇਂ (ਤਸਵੀਰਾਂ) ਆਏ ਤੇ ਫਿਰ ਹਿਲਦੇ ਪਰਛਾਵਿਆਂ (ਫਿਲਮਾਂ) ਦੀ ਵਾਰੀ ਆਈ। ਪਰਛਾਵੇਂ ਪਹਿਲਾਂ ਚਿੱਟੇ ਕਾਲੇ, ਫਿਰ ਰੰਗਦਾਰ ਅਤੇ ਫਿਰ ਨਿਰੀ ਚਮਕ ਵਾਲੇ ਹੋਏ। ਪਹਿਲਾਂ ਪਰਛਾਵੇਂ ਦੋ ਦਿਸ਼ਾਵੀ ਹੀ ਸਨ ਫਿਰ ਤਿੰਨ, ਚਾਰ ਅਤੇ ਬਹੁਦਿਸ਼ਾਵੀ ਹੋ ਗਏ।

ਥੋੜ੍ਹੀ ਜਿਹੀ ਸਮਝ ਵਾਲਾ ਬੰਦਾ ਵੀ ਜਾਣਦਾ ਹੈ ਕਿ ਸਭ ਪਰਛਾਵੇ ਆਖਰ ਤਾਂ ਪਰਛਾਵੇ ਹੀ ਹਨ, ਉਹ ਕਿਸੇ ਵੀ ਰੂਪ ਵਿੱਚ ਤਿਆਰ ਕੀਤੇ ਗਏ ਹੋਣ, ਦਰਸ਼ਕ ਲਈ ਇਹਦਾ ਮਾਅਨਾ ਕਿੰਨਾ ਕੁ ਹੈ ? ਪੁਤਲੀਘਰ ਦੇ ਪਰਦੇ ਉੱਤੇ ਸਭ ਭਾਂਤ ਦੇ ਪਰਛਾਵਿਆਂ ਦੇ ਅਕਾਰ ਇਕੋ ਹੀ ਰੌਸ਼ਨੀ ਨਾਲ ਬਣਦੇ ਹਨ। ਪਰਛਾਵਾ ਚਾਹੇ ਬੰਦੇ ਤੋਂ ਲਵੋ ਚਾਹੇ ਬਿਜਲ ਕਲਾ ਤੋਂ, ਇਹ ਗੱਲ ਦਾ ਤਕਨੀਕੀ ਨੁਕਤੇ ਬਿਨਾ ਕੀ ਫਰਕ ਹੈ ? ਆਖਰ ਪਰਦੇ ਉਤੇ ਰੌਸ਼ਨੀ ਨਾਲ ਹੀ ਸਭ ਅਕਾਰ ਰੰਗਾਂ ਵਿਚ ਉਭਰਦੇ ਹਨ। ਕੋਈ ਅਕਾਰ ਸਿਰਫ ਇੱਕ ਰੰਗ ਦਾ ਹੋ ਸਕਦਾ ਹੈ ਨਿਰਾ ਚਿੱਟਾ ਬਰਫ ਵਰਗਾ ਜਾਂ ਚਾਨਣ ਵਰਗਾ, ਕੋਈ ਅਕਾਰ ਸਿਰਫ ਕਾਲਾ ਹੋ ਸਕਦਾ ਹੈ ਜਾਂ ਹੋਰ ਕਿਸੇ ਵੀ ਰੰਗ ਦਾ। ਕਿਸੇ ਪਰਛਾਵੇ ਦਾ ਅਕਾਰ ਦੋ, ਚਾਰ ਜਾਂ ਹਜਾਰ ਰੰਗਾਂ ਦਾ ਵੀ ਹੋ ਸਕਦਾ ਹੈ ਅਤੇ ਹਜਾਰਾਂ ਪਰਛਾਵੇ ਇਕੋ ਰੰਗ ਅਕਾਰ ਦੇ ਵੀ ਹੋ ਸਕਦੇ ਹਨ। ਰੰਗਾਂ ਦੀ ਵੰਨਗੀ, ਗਿਣਤੀ ਅਤੇ ਅਕਾਰ ਨਾਲ ਪਰਛਾਵੇ ਦੀ ਤਾਸੀਰ ਨਹੀਂ ਬਦਲਦੀ ਪਰ ਬੰਦੇ ਤੇ ਪੈਣ ਵਾਲੇ ਅਸਰ ਜਰੂਰ ਬਦਲਦੇ ਹਨ। ਪਰਛਾਵਾ ਕਲਾ ਦੇ ਮਾਹਰ ਜਾਣਦੇ ਹਨ ਕਿ ਕੋਈ ਪਰਛਾਵਾ ਜਿੰਨੀ ਵੱਖਰੀ ਕਿਸਮ ਦਾ ਹੋਏਗਾ, ਦਰਸ਼ਕ ਨੂੰ ਵਧੇਰੇ ਯਾਦ ਰਹੇਗਾ। 'ਵੀ ਫਾਰ ਵੈਂਡਿਟਾ' ਨਾਂ ਦੀ ਅੰਗਰੇਜੀ ਫਿਲਮ ਦਾ ਮੁੱਖ ਪਾਤਰ ਸਾਰੀ ਫਿਲਮ ਵਿੱਚ ਆਪਣਾ ਚਿਹਰਾ ਇਕ ਨਕਾਬ ਨਾਲ ਢੱਕ ਕੇ ਰਖਦਾ ਹੈ। ਉਹੀ ਨਕਾਬ ਵੱਖਰੀ ਕਿਸਮ ਦਾ ਹੋਣ ਕਰਕੇ ਬਜਾਰ ਵਿੱਚ ਰਿਵਾਜ ਵਜੋਂ ਬਹੁਤ ਵਿਕਿਆ। ਵੱਖਰਤਾ ਵਾਲਾ ਪਰਛਾਵਾ ਹੀ ਬੰਦੇ ਦੇ ਜਿਹਨ ਵਿੱਚ ਬੁੱਤ ਬਣ ਕੇ ਉਤਰਦਾ ਹੈ। ਜਦੋਂ ਇਕ ਵਾਰ ਕਿਸੇ ਵੀ ਰੂਪ ਵਿੱਚ ਪਰਛਾਵਾ ਨੂੰ ਅਪਣਾ ਲਿਆ ਫਿਰ ਬਾਕੀ ਮੀਨ ਮੇਖ (ਨਿਰੀ ਰੌਸ਼ਨੀ ਜਾਂ ਐਨੀਮੇਸ਼ਨ ਵਰਗੇ ਲਕਬ) ਚਿੱਚੜ ਤੋੜ ਕੇ ਮੱਝ ਦਾ ਭਾਰ ਹੌਲਾ ਕਰਨ ਵਾਲੀ ਗੱਲ ਹੈ।

ਪਰਛਾਵੇਂ ਬਾਰੇ ਏਨੀ ਕੁ ਗੱਲ ਕਾਫੀ ਹੈ। ਅਗਲੀ ਗੱਲ ਹੈ ਨਵੀਂ ਤਕਨੀਕ ਦੀ ਪਰਚਾਰ ਲਈ ਵਰਤੋਂ ਬਾਰੇ।

ਅਮਰੀਕੀ ਵਿਦਵਾਨ ਬਰਨੇਸ ਨੇ ਪਰਛਾਵੇਕਾਰੀ ਬਾਰੇ ਸਾਲ 1928 ਵਿੱਚ ਹੀ ਹਕੂਮਤ ਅਤੇ ਵਪਾਰੀ ਵਰਗ ਲਈ ਸੁਨੇਹੇ ਵਰਗਾ ਇਹ ਤੱਤ ਕੱਢ ਦਿੱਤਾ ਸੀ ਕਿ ਇਹ ਵਿਧੀ ਲੋਕਾਂ ਦੇ ਮਨਾਂ ਵਿੱਚ ਕਿਸੇ ਵੀ ਭਾਵਨਾ, ਵਿਚਾਰ ਜਾਂ ਮਾਨਤਾ ਦਾ ਇਕਸਾਰ ਰੂਪ ਤਿਆਰ ਕਰਨ ਵਿੱਚ ਬੜੀ ਸਹਾਇਤਾ ਕਰੇਗੀ। ਉਸੇ ਵੇਲੇ ਅਡੋਰਨੋ ਵਰਗੇ ਵਿਦਵਾਨਾਂ ਨੇ ਇਸ ਵਿਧੀ ਨੂੰ ਮਨੁੱਖੀ ਅਜਾਦੀ ਲਈ ਖਤਰਾਨਕ ਦਸਦਿਆਂ ਭਵਿੱਖ ਵਿਚ ਹੋਣ ਵਾਲੇ ਅਸਰ ਦੇ ਤੱਤ ਕੱਢੇ। ਉਹਦੇ ਬੋਲ ਸਮੁੱਚੇ ਸੂਚਨਾ ਤੰਤਰ ਬਾਰੇ ਭਵਿੱਖਬਾਣੀ ਵਾਂਗ ਸੱਚ ਹੋ ਰਹੇ ਹਨ। ਇਹਨਾਂ ਵਿਦਵਾਨਾਂ ਦਾ ਸਮਕਾਲੀ ਹਰੋਲਡ ਲਾਸਵੈਲ ਪਰਚਾਰ ਨੂੰ ਸੌਖੇ ਰੂਪ ਵਿੱਚ ਸਮਝਣ ਲਈ ਕਹਿੰਦਾ ਹੈ ਕਿ ਸਭ ਤੋਂ ਪਹਿਲਾਂ ਇਹ ਵੇਖੋ ਪਰਚਾਰ ਰੂਪ ਵਿੱਚ 'ਕੌਣ, ਕਿਸ ਨੂੰ, ਕਿਸ ਤਰੀਕੇ, ਕੀ ਕਹਿੰਦੈ ਤੇ ਕਾਹਦੇ ਵਾਸਤੇ' ਕਹਿ ਰਿਹਾ ਹੈ ? ਜੋ ਗੱਲਾਂ ਪੌਣੀ ਸਦੀ ਪਹਿਲਾਂ ਲੋਕਾਂ ਨੇ ਤਜਰਬੇ ਅਤੇ ਖੋਜ ਵਜੋਂ ਕਹੀਆਂ ਹਨ ਉਹਨਾਂ ਨੂੰ ਜਾਣਨਾ ਕੋਈ ਨੁਕਸਾਨ ਨਹੀਂ ਹੈ।

ਬਿਜਲਈ ਤਕਨੀਕ ਨਾਲ ਦੁਨੀਆ ਵਿਚ ਹਕੂਮਤਾਂ ਅਤੇ ਵਪਾਰੀਆਂ ਦੀ ਵਧਦੀ ਪਕੜ ਦੇ ਚਲਣ ਨੂੰ ਬਹੁਤ ਵਿਦਵਾਨਾਂ ਨੇ ਸਮਝਿਆ ਹੈ ਅਤੇ ਇਹਦੇ ਨੁਕਸਾਨ ਬਾਰੇ ਬਹੁਤ ਲਿਖਿਆ ਹੈ। ਇਕ ਨਾਵਲਾਕਾਰ (ਹਕਸਲੇ) ਨੇ ਪੌਣੀ ਸਦੀ ਪਹਿਲਾਂ ਇਹ ਕਲਪਨਾ ਕੀਤੀ ਕਿ ਸਰਕਾਰਾਂ ਜਾਂ ਵਪਾਰੀਆਂ ਦੀ ਮੰਗ ਤੇ ਬੰਦੇ ਸੰਦਾਂ ਵਾਂਗ ਕਾਰਖਾਨਿਆਂ ਵਿਚ ਤਿਆਰ ਹੋਇਆ ਕਰਨਗੇ। ਜੇ ਪਰਛਾਵੇਂ ਦੀ ਵਿਧੀ ਸਚਮੁਚ ਹੀ ਧਰਮ ਦੇ ਪਰਚਾਰ ਅਤੇ ਵਾਧੇ ਲਈ ਲਾਹੇਵੰਦ ਹੁੰਦੀ ਤਾਂ ਹਕੂਮਤਾਂ ਅਤੇ ਵਪਾਰੀਆਂ ਨੇ ਇਹਦੇ ਤੇ ਕਦੋਂ ਦੀ ਸਾਰੀ ਦੁਨੀਆ ਵਿੱਚ ਪਾਬੰਦੀ ਲਾਈ ਹੋਣੀ ਸੀ। ਦੁਨੀਆ ਦੇ ਕੁੱਲ ਤਕਨੀਕੀ ਸੰਚਾਰ ਸਾਧਨ ਕਿਵੇਂ ਹਰ ਸਾਲ ਹੋਰ ਥੋੜ੍ਹੇ ਹੱਥਾਂ ਵਿਚ ਸੁੰਗੜ ਰਹੇ ਹਨ ਇਹ ਗੱਲ ਤਕਨੀਕ ਦੀ ਵਰਤੋਂ ਬਾਰੇ ਆਪਣੇ ਆਪ ਵਿੱਚ ਹੀ ਬਹੁਤ ਕੁਝ ਦਸਦੀ ਹੈ।

ਅਸਲ ਗੱਲ ਇਹ ਹੈ ਕਿ ਸਿੱਖ ਸਿਧਾਂਤ, ਇਤਿਹਾਸ ਅਤੇ ਪਰੰਪਰਾ ਅਨੁਸਾਰ ਕੋਈ ਮਨੁੱਖ ਗੁਰੂ ਦਾ ਸਵਾਂਗ ਨਹੀਂ ਰਚ ਸਕਦਾ। ਜਦੋਂ ਸਵਾਂਗ ਦੀ ਮਨਾਹੀ ਹੈ ਫਿਰ ਇਹ ਕਿਸੇ ਰੂਪ ਵਿੱਚ ਹੋਵੇ ਜਾਂ ਨਾ ਹੋਵੇ ਉਹਦੇ ਬਾਰੇ ਬਹਿਸ ਕਾਹਦੇ ਵਾਸਤੇ ? ਇਹ ਮਨੁੱਖੀ ਅਤੇ ਬਿਜਲ ਪਰਛਾਵੇਂ ਦੇ ਫਰਕ ਦੇ ਰੌਲੇ ਦੀ ਸੰਭਾਵਨਾ ਆਈ ਹੀ ਕਿਥੋਂ ? ਇਹ ਮੂਲ ਵਿਚਾਰਣ ਵਾਲੀ ਗੱਲ ਹੈ।

ਜਦੋਂ ਤੋਂ ਪਰਛਾਵਿਆਂ ਦਾ ਚਲਣ ਹੋਇਆ ਹੈ ਓਦੋਂ ਤੋਂ ਹੀ ਸਾਡੇ ਕੁਝ ਲੋਕਾਂ ਨੂੰ ਲਗਦਾ ਹੈ ਜੇ ਪਰਛਾਵਿਆਂ ਦੀ ਸ਼ਰਨ ਵਿੱਚ ਨਾ ਗਏ ਤਾਂ ਸਾਡੇ ਧਰਮ ਦਾ ਪਰਚਾਰ ਨਹੀਂ ਹੋਏਗਾ। ਉਹ ਭਾਂਤ ਭਾਂਤ ਦੀਆਂ ਦਲੀਲਾਂ ਲੈ ਕੇ ਆ ਰਹੇ ਹਨ। ਕੁਝ ਆਪਣੇ ਬੱਚਿਆਂ ਦੇ ਪੱਖ ਤੋਂ ਵੇਖਦੇ ਹਨ ਕਿ ਅੱਜਕੱਲ੍ਹ ਦੇ ਜਮਾਨੇ ਵਿਚ ਸਿੱਖਣ ਸਿਖਾਉਣ ਦਾ ਸਭ ਤੋਂ ਵਧੀਆ ਅਤੇ ਸੌਖਾ ਰਾਹ ਹੀ ਇਹੋ ਹੈ। ਜੇ ਅਸੀਂ ਇਹ ਰਾਹ ਨਾ ਅਪਣਾਇਆ ਤਾਂ ਸਾਡੇ ਬੱਚੇ ਧਰਮ ਤੋਂ ਅਣਜਾਣ ਰਹਿ ਜਾਣਗੇ ਅਤੇ ਦੁਨੀਆ ਦੀ ਦੌੜ ਵਿੱਚ ਵੀ ਪਿੱਛੇ ਰਹਿ ਜਾਣਗੇ। ਜਿਹੜੇ ਜਿਆਦਾ ਸਿਆਣਿਆਂ ਦੀ

ਬਾਕੀ ਸਫ਼ਾ 26 'ਤੇ

# ਬਹੁਗਿਣਤੀਵਾਦੀ ਰਾਜ ਪ੍ਰਬੰਧ ਬਨਾਮ ਫੈਡਰਲ ਢਾਂਚਾ

**ਜਸਪਾਲ ਸਿੰਘ ਸਿੱਧੂ**

*'ਲੇਖਕ ਸੀਨੀਅਰ ਪੱਤਰਕਾਰ ਹੈ ਤੇ ਸੰਤ ਭਿੰਡਰਾਂਵਾਲੇ ਦੇ ਰੂ-ਬ-ਰੂ: ਜੂਨ 84 ਦੀ ਪੱਤਰਕਾਰੀ' ਕਿਤਾਬ ਦਾ ਲੇਖਕ ਹੈ।*

ਕੇਂਦਰ ਤੇ ਰਾਜਾਂ ਦੇ ਆਪਸੀ ਸਬੰਧਾਂ ਨੂੰ ਮੁੜ ਨਿਰਧਾਰਤ ਕਰਕੇ ਸਹੀ ਭਾਰਤੀ ਫੈਡਰਲ ਰਾਜ ਪ੍ਰਬੰਧ ਢਾਂਚਾ ਖੜ੍ਹਾ ਕਰਨ ਦੇ ਹੱਕ ਵਿਚ ਪਾਰਲੀਮੈਂਟ



ਦੇ ਮੈਂਬਰ ਡਾ. ਧਰਮਵੀਰ ਗਾਂਧੀ ਵੱਲੋਂ ਲਿਖੇ ਲੇਖ (ਪੰਜਾਬੀ ਟ੍ਰਿਬਿਊਨ 3 ਅਪ੍ਰੈਲ, 2018) ਨੇ ਫਿਰ ਰੁਚੀ ਰਾਮ ਸਾਹਨੀ ਵਰਗੇ ਸੱਚ-ਸੁੱਚੇ ਤੇ ਵਿਸ਼ਾਲ ਹਿਰਦੇ ਵਾਲੇ ਪੰਜਾਬੀਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਉਹ 19ਵੀਂ ਅਤੇ 20ਵੀਂ ਸਦੀ ਦੇ ਮੁਢਲੇ ਦਿਨਾਂ ਦੇ ਮਹਾਨ ਪੰਜਾਬੀ ਸਨ, ਜਿਹੜੇ ਸਦੀਆਂ ਪੁਰਾਣੇ ਭਾਈਚਾਰੇ ਤੇ ਵੱਖ-ਵੱਖ ਫਿਰਕਿਆਂ ਦੀ ਧਾਰਮਿਕ ਸਹਿ-ਹੋਂਦ ਨੂੰ ਸਮਰਪਤ ਰਹੇ। ਜਿਹਨਾਂ ਨੂੰ ਫ਼ਿਰਕਾਪ੍ਰਸਤ ਤੇ ਕੱਟੜ ਧਾਰਮਿਕਤਾ ਵਾਲੀ ਸਿਆਸਤ ਦੀ ਵਗਦੀ ਹਨੇਰੀ ਉਖਾੜ ਨਾ ਸਕੀ ਤੇ ਉਹਨਾਂ ਨੇ ਆਪਣੀ ਜੰਮਣ-ਭੋਂ, ਸੱਭਿਆਚਾਰ ਤੇ ਵਿਰਾਸਤ ਨਾਲ ਗੂੜ੍ਹਾ ਪਿਆਰ ਤੇ ਲਗਾਓ ਬਣਾ ਕੇ ਰੱਖਿਆ।

ਰੁਚੀ ਰਾਮ ਸਾਹਨੀ (ਸੰਨ 1863-1948) ਪੰਜਾਬੀਆਂ ਦੀ ਉਸ ਪਹਿਲੀ ਪੀੜ੍ਹੀ ਵਿਚੋਂ ਸੀ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਢਹਿ-ਢੇਰੀ ਹੋਣ ਪਿਛੋਂ ਕਾਬਜ਼ ਅੰਗਰੇਜ਼ੀ ਸਰਕਾਰ ਵੱਲੋਂ ਪੰਜਾਬ ਵਿਚ ਸ਼ੁਰੂ ਕੀਤੀ ਪੱਛਮੀ ਵਿੱਦਿਆ ਪ੍ਰਾਪਤ ਕੀਤੀ। ਰੁਚੀ ਰਾਮ ਸਾਇੰਸਦਾਨ ਬਣਿਆ, ਸਰਕਾਰੀ ਕਾਲਜ ਲਾਹੌਰ ਵਿਚ 19 ਸਾਲ ਸਾਇੰਸ ਪੜ੍ਹਾਉਣ ਪਿਛੋਂ ਉਸ ਨੇ ਆਪਣੀ ਉਮਰ ਦੇ 30 ਸਾਲ ਸਿਆਸੀ-ਸਮਾਜਿਕ ਕੰਮਾਂ ਵਿਚ ਲਾ ਦਿੱਤੇ। ਸਾਹਨੀ ਉਸ ਵੇਲੇ ਦੇ ਪ੍ਰਸਿੱਧ ਅਖ਼ਬਾਰ ਟ੍ਰਿਬਿਊਨ ਦੇ ਟਰੱਸਟ ਦਾ ਲੰਬਾ ਸਮਾਂ ਮੈਂਬਰ ਰਿਹਾ। ਲਾਹੌਰ ਤੋਂ ਚੋਣ ਲੜ ਕੇ ਪੰਜਾਬ ਲੈਜਿਸਲੇਟਿਵ ਕੌਂਸਿਲ ਦਾ ਮੈਂਬਰ ਬਣਿਆ। ਅੰਗਰੇਜ਼ੀ ਸਰਕਾਰ ਦੇ ਅੱਤਿਆਚਾਰਾਂ ਬਾਰੇ ਲਗਾਤਾਰ ਟ੍ਰਿਬਿਊਨ ਵਿਚ ਲੇਖ ਲਿਖਦਾ ਰਿਹਾ। ਉਸਨੇ ਪ੍ਰਚੱਲਿਤ ਵਹਿਮਾ-ਭਰਮਾਂ ਨੂੰ ਤੋੜਨ ਲਈ ਆਮ ਲੋਕਾਂ ਲਈ ਸਾਇੰਸ ਪ੍ਰਦਰਸ਼ਨੀਆਂ ਤੇ ਮੇਲੇ ਲਗਵਾਏ। ਇਹਨਾਂ ਸੇਵਾਵਾਂ ਕਰਕੇ ਸਰਕਾਰ ਨੇ ਉਸਨੂੰ 'ਰਾਇ ਸਾਹਿਬ' ਦੇ ਖਿਤਾਬ ਨਾਲ ਨਿਵਾਜਿਆ। ਇਹ ਉਲੇਖ ਕਰਨਯੋਗ ਹੈ ਕਿ ਰੁਚੀ ਰਾਮ ਗਿਣਵੇ-ਚੁਣਵੇਂ ਗੈਰ-ਸਿੱਖ ਪੰਜਾਬੀਆਂ ਵਿਚੋਂ ਸੀ, ਜਿਹੜੇ ਸੰਨ 1920-25 ਵਾਲੀ ਗੁਰਦੁਆਰਾ ਸੁਧਾਰ ਲਹਿਰ' ਦੇ ਹੱਕ ਵਿਚ ਅਤੇ ਭ੍ਰਿਸ਼ਟ ਮਹੰਤਾਂ ਦੇ ਵਿਰੋਧ ਵਿਚ ਖੁੱਲ੍ਹਮ-ਖੁਲ੍ਹਾ ਮੈਦਾਨ ਵਿਚ ਨਿੱਤਰੇ। ਗੁਰੂ ਕੇ ਬਾਗ' ਮੋਰਚੇ ਸਮੇਂ ਜਥਿਆਂ ਨਾਲ ਪੈਦਲ ਤੁਰ ਕੇ ਸਾਹਨੀ ਨੇ ਪੁਲਿਸ ਤਸ਼ੱਦਦ ਨੂੰ ਚਸ਼ਮਦੀਦ ਗਵਾਹ ਦੇ ਤੌਰ 'ਤੇ ਕਲਮ-ਬਧ ਕੀਤਾ ਤੇ ਅਖ਼ਬਾਰਾਂ ਵਿੱਚ ਛਾਪਿਆ। ਜਲ੍ਹਿਆਂ ਵਾਲੇ ਬਾਗ ਦੇ ਸੰਨ 1919 ਵਾਲੇ ਸਾਕੇ ਵਿਰੁੱਧ ਕਾਂਗਰਸ ਵੱਲੋਂ ਤਿਆਰ ਕੀਤੀ ਰਿਪੋਰਟ ਵਿਚ ਵੱਡਾ ਯੋਗਦਾਨ ਸਾਹਨੀ ਦਾ ਹੀ ਸੀ।

ਗੁਰੂਦਿੱਤਾ ਮੱਲ ਵਿਦਿਆਰਥੀ ਵਰਗੇ ਵੱਡੇ ਆਰੀਆ ਸਮਾਜੀ ਲੀਡਰ ਰੁਚੀ ਰਾਮ ਦੇ ਜਮਾਤੀ ਸਨ ਪਰ ਉਹ ਹਿੰਦੂ ਰਾਸ਼ਟਰਵਾਦੀ ਸਿਆਸਤ ਦੇ ਵਿਰੁੱਧ ਡਟਿਆ ਰਿਹਾ। ਇਥੋਂ ਤਕ ਕਿ ਉਹ ਮੁਸਲਮਾਨਾਂ ਦੀ ਖਿਲਾਫਤ ਮੂਵਮੈਂਟ' ਦਾ ਵੀ ਵੱਡਾ ਹਮਾਇਤੀ ਬਣਿਆ। ਇਸ ਉਪਰੰਤ ਉਸਨੇ ਆਪਣਾ /ਰਾਇ ਸਾਹਿਬ' ਖਿਤਾਬ ਸੰਨ 1916 ਵਿਚ ਵਾਪਸ ਕਰ ਦਿੱਤਾ।

ਪਰ ਵੀਹਵੀਂ ਸਦੀ ਵਿਚ ਜਦੋਂ ਪੱਛਮੀ ਤਰਜ਼ ਦੀ ਨੇਸ਼ਨ-ਸਟੇਟ ਅਧਾਰਤ ਸਿਆਸਤ ਜਮਹੂਰੀਅਤ' ਦੇ ਲਭਾਊ ਨਾਹਰਿਆਂ ਹੇਠ ਪੈਰ ਜਮਾਉਣ ਲਗੀ ਤਾਂ ਇੰਡੀਅਨ ਸਮਾਜ ਧਰਮ-ਜ਼ਾਤਾਂ ਦੇ ਅਧਾਰ 'ਤੇ ਵੰਡਣਾ ਸ਼ੁਰੂ ਹੋ ਗਿਆ। ਅਤੇ ਹਰ ਫਿਰਕੇ ਦੇ ਸਿਆਸਤਦਾਨ ਆਪਣੇ ਆਪਣੇ ਸਿਰਾਂ (ਵੋਟਾਂ) ਦੀ ਗਿਣਤੀ ਕਰਨ ਲੱਗੇ। ਨੇਸ਼ਨ' ਉਸਾਰਨ ਵਾਲੀ ਮੌਕਾਪ੍ਰਸਤ ਸਿਆਸਤ ਨੇ ਰੁਚੀ ਰਾਮ ਸਾਹਨੀ ਵਰਗਿਆਂ ਨੂੰ ਉੱਕਾ ਹੀ ਭੁਲਾ ਦਿੱਤਾ ਹੈ।

ਅੱਜ ਦੀ ਹਿੰਦੂਤਵੀ ਸਿਆਸਤ ਦੇ ਬੋਲਬਾਲੇ ਅਤੇ ਦੇਸ਼ ਦੇ ਫੈਡਰਲ ਢਾਂਚੇ ਦੇ ਢਹਿ-ਢੇਰੀ ਹੋਣ ਪਿਛੇ ਉਸੇ ਪੁਰਾਣੀ ਰਾਜਨੀਤੀ ਵਿਚੋਂ ਉਭਰੀਆਂ ਦੋ ਸਿਆਸੀ ਧਾਰਾਵਾਂ ਦੀ ਆਪਸੀ ਰੱਸਾ-ਕਸ਼ੀ ਤੇ ਝਗੜੇ ਭਰਪੂਰ ਸਿਆਸਤ ਦੀ ਲੰਬੀ ਕਹਾਣੀ ਹੈ। ਜਿਸ ਦੀ ਸ਼ੁਰੂਆਤ ਸੰਨ 1920 ਤੋਂ ਹੀ ਗਿਣ ਸਕਦੇ ਹਾਂ। ਉਹਨਾਂ ਹੀ ਦਿਨਾਂ ਦੌਰਾਨ, ਸੰਨ 1925 ਵਿਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ.ਐਸ.) ਦਾ ਵੀ ਗਠਨ ਹੋਇਆ, ਜਿਸਦਾ ਜ਼ਾਹਰਾ ਲਕਸ਼ (ਉਦੇਸ਼) ਉਪ-ਮਹਾਂਦੀਪ ਨੂੰ ਹਿੰਦੂ ਰਾਸ਼ਟਰ' ਜਾਂ ਹਿੰਦੂ ਨੇਸ਼ਨ' ਬਣਾਉਣਾ ਸੀ ਤੇ ਅੱਜ ਵੀ ਹੈ। ਵੱਡੀ ਧਿਰ-ਕਾਂਗਰਸ ਇਕ ਮਜ਼ਬੂਤ ਕੇਂਦਰ ਤੇ ਏਕਾਤਮਕ ਢਾਂਚਾ ਉਸਾਰਨਾ ਚਾਹੁੰਦੀ ਸੀ। ਉਹਨਾਂ ਹੀ ਦਿਨਾਂ ਵਿਚ ਵੋਟਾਂ ਤੇ ਚੋਣਾਂ ਰਾਹੀਂ ਸੱਤਾ ਪ੍ਰਾਪਤੀ ਦੀ ਜਾਗ ਤਾਂ ਲੱਗ ਗਈ ਸੀ ਤੇ ਚਤੁਰ ਤੇ ਚੇਤੰਨ ਸਿਆਸਤਦਾਨਾਂ ਨੂੰ ਸਮਝ ਆ ਗਈ ਸੀ ਕਿ ਭਵਿੱਖ ਵਿਚ ਪੱਛਮ ਤਰਜ਼ ਦੀ ਨੇਸ਼ਨ' ਤੇ ਰਾਜ-ਸੱਤਾ ਦੀ ਪ੍ਰਾਪਤੀ ਸਿਰਾਂ ਦੀ ਗਿਣਤੀ 'ਤੇ ਹੀ ਅਧਾਰਤ ਹੋਵੇਗੀ। ਇਸ ਕਰਕੇ, ਦੂਜੀ ਵਿਰੋਧੀ ਧਿਰ ਮੁਸਲਿਮ ਲੀਗ ਜਿਸਦਾ ਲੀਡਰ ਮੁਹੰਮਦ ਜਿਨਾਹ ਜ਼ਾਹਰਾ ਕਿਹਾ ਕਰਦਾ ਸੀ ਕਿ ਜੇ ਅਸਲੀ ਸੰਘੀ ਦੀ ਥਾਂ ਏਕਾਤਮਕ ਰਾਜ ਪ੍ਰਬੰਧ ਖੜ੍ਹਾ ਹੁੰਦਾ ਹੈ ਤਾਂ ਮੁਸਲਮਾਨ ਘੱਟ ਗਿਣਤੀ ਹਮੇਸ਼ਾ ਲਈ ਹਿੰਦੂ ਬਹੁਗਿਣਤੀ ਦੇ ਰਹਿਮੋ-ਕਰਮ ਤੇ ਜਿਉਂ ਸਕੇਗੀ। ਪੰਜਾਬ ਵਿਚ ਪ੍ਰੋ ਪੂਰਨ ਸਿੰਘ ਨੇ ਵੀ ਇਸੇ ਡਰ ਦਾ ਇਜ਼ਹਾਰ ਕਰਦਿਆਂ ਕਿਹਾ ਸੀ ਕਿ ਇਲੈਕਸ਼ਨ ਸਿਸਟਮ (ਚੋਣ ਪ੍ਰਬੰਧ) ਅਧਾਰਤ ਰਾਜ-ਪ੍ਰਬੰਧ ਵਿਚ ਸਿੱਖ ਭਾਈਚਾਰਾ ਘੱਟ-ਗਿਣਤੀ ਹੋਣ ਕਰਕੇ ਰਾਜ-ਸੱਤਾ ਵਿਚੋਂ ਖਾਰਜ ਹੀ ਕਰ ਦਿੱਤਾ ਜਾਵੇਗਾ। ਇਸਨੂੰ ਵੱਡੀ ਧਿਰ, ਕਾਂਗਰਸ ਦੀ ਸ਼ਾਤਰਨੁਮਾ ਰਾਜਨੀਤੀ ਕਹੋ ਜਾਂ ਬੇਈਮਾਨ ਨਿਕਾਬਪੋਸ਼ੀ ਕਿ ਉਸਨੇ ਜਿਨਾਹ ਦੇ ਸੰਕੇ ਤੇ ਡਰ ਨੂੰ ਖ਼ਤਮ ਕਰਨ ਲਈ ਸਮਝੌਤੇ-ਸਾਂਝ ਵਾਲਾ ਸਿਆਸੀ ਬੰਦੋਬਸਤ ਉਸਾਰਨ ਦੀ ਬਜਾਇ ਹਮੇਸ਼ਾ ਆਪਣੇ ਆਪ ਨੂੰ ਸੈਕੂਲਰ' ਹੋਣ ਤੇ ਸਾਰੇ ਫਿਰਕਿਆਂ ਦੀ ਪ੍ਰਤੀਨਿਧਤਾ ਕਰਨ ਵਾਲੀ ਆਲ ਇੰਡੀਆ ਪਾਰਟੀ ਹੋਣ ਦੇ ਹੀ ਦਾਅਵੇ ਕਰਦੀ ਰਹੀ। ਜਦੋਂ ਸੰਨ 1937-38 ਵਿਚ ਸੱਤ ਸੂਬਿਆਂ ਵਿਚ ਬਣੀਆਂ ਕਾਂਗਰਸੀ ਦੀਆਂ ਸਰਕਾਰਾਂ ਦੀ ਜ਼ਾਹਰਾ ਹਿੰਦੂ ਬਹੁ-ਗਿਣਤੀ ਪੱਖੀ ਕਾਰਗੁਜ਼ਾਰੀ ਸਾਹਮਣੇ ਆਈ ਤਾਂ ਜਿਨਾਹ ਦਾ ਡਰ ਯਕੀਨ ਵਿਚ ਬਦਲ ਗਿਆ ਤੇ ਉਹ ਮੁਸਲਮਾਨਾਂ ਲਈ ਵੱਖਰਾ ਦੇਸ਼ (ਵੱਖਰੀ ਨੇਸ਼ਨ-ਸਟੇਟ) ਬਣਾਉਣ ਦੇ ਰਾਹ ਤੁਰ ਪਿਆ।





ਅੰਗਰੇਜ਼ ਸਰਕਾਰ ਨੇ ਪਹਿਲਾਂ ਤਾਂ ਭਾਰਤੀ ਉਪ-ਮਹਾਂਦੀਪ ਵਿਚ ਇਤਿਹਾਸਕ ਤੌਰ 'ਤੇ ਉਪਜੀਆਂ ਤੇ ਵਿਗਸੀਆਂ ਕੌਮੀਅਤਾਂ ਨੂੰ ਆਪਸ ਵਿਚ ਲੜਾਉਣ ਅਤੇ ਧਾਰਮਿਕ ਤੌਰ 'ਤੇ ਹਵਾ ਦੇਣ ਵਾਲੀਆਂ ਨੀਤੀਆਂ ਲਾਗੂ ਕੀਤੀਆਂ। ਕਿਉਂਕਿ ਉਸਨੇ ਇਸ ਖਿੱਤੇ 'ਤੇ ਕਬਜ਼ਾ ਵੀ ਅੰਦਰਲੀਆਂ ਕੌਮੀਅਤਾਂ ਦੀ ਆਪਸੀ ਲੜਾਈ ਹੋਣ ਕਰਕੇ ਜਾਂ ਲੜਾਈ ਕਰਵਾਕੇ ਹੀ ਕੀਤਾ ਸੀ। ਪਰ 150-200 ਸਾਲਾਂ ਦੇ ਅੰਗਰੇਜ਼ੀ ਰਾਜ ਪਿਛੋਂ, ਖਾਸ ਕਰਕੇ ਦੂਜੇ ਸੰਸਾਰ ਯੁੱਧ ਵੇਲੇ ਤੱਕ, ਦੁਨੀਆਂ ਦੇ ਹਾਲਾਤ ਬਿਲਕੁਲ ਬਦਲ ਗਏ ਸਨ। ਅਤੇ 1940ਵਿਆਂ ਵਿਚ ਮਹਾਂਸ਼ਕਤੀਆਂ ਦੇ ਆਪਸੀ ਤਵਾਜ਼ਨ ਨੂੰ ਮੱਦੇ-ਨਜ਼ਰ ਰੱਖਦਿਆਂ ਅੰਗ੍ਰਜ਼ੀ ਸਾਮਰਾਜ ਹੁਣ ਇਸ ਖਿੱਤੇ ਦੇ ਟੁਕੜੇ ਨਹੀਂ ਕਰਨਾ ਚਾਹੁੰਦਾ ਸੀ। ਸਗੋਂ ਇਸ ਨੂੰ ਆਪਣੀ ਕਮਾਨ ਹੇਠ ਚਲਦੀ ਬ੍ਰਿਟਿਸ਼ ਕਾਮਨਵੈਲਥ' ਦਾ ਵੱਡਾ ਸਹਿਯੋਗੀ ਮੈਂਬਰ ਦੇਸ਼ ਬਣਾ ਕੇ ਸੋਵੀਅਤ ਯੂਨੀਅਨ ਦੇ ਭਵਿੱਖੀ ਪ੍ਰਸਾਰ ਨੂੰ ਠੱਲ੍ਹ ਪਾਉਣਾ ਚਾਹੁੰਦਾ ਸੀ। ਅੰਗਰੇਜ਼ੀ ਸਰਕਾਰ ਤੇ ਮਾਉਂਟਬੈਟਨ ਦੇ ਗੁਪਤ ਦਸਤਾਵੇਜ਼ ਇਸ ਮਤ ਦੀ ਖੂਬ ਗਵਾਹੀ ਭਰਦੇ ਹਨ।

ਇਸੇ ਮੰਤਵ ਨੂੰ ਪੂਰਾ ਕਰਨ ਲਈ ਇੰਡੀਆ' ਨੂੰ ਇਕੱਠਾ ਰੱਖਣਾ ਜ਼ਰੂਰੀ ਸੀ। ਅੰਗਰੇਜ਼ਾਂ ਦੀ ਕੋਸ਼ਿਸ਼ ਸੀ ਕਿ ਆਪਸ ਵਿਚ ਲੜ ਰਹੀਆਂ ਤੇ ਆਪਸੀ ਬੇਭਰੋਸਗੀ ਦਾ ਸ਼ਿਕਾਰ ਦੋ ਸਿਆਸੀ ਧਿਰਾਂ ਨੂੰ ਇਕ ਪਲੇਟਫਾਰਮ ਉਤੇ ਲਿਆਦਾ ਜਾਵੇ। ਇਸੇ ਕਰਕੇ ਅੰਗਰੇਜ਼ ਸਰਕਾਰ ਸੰਨ 1946 ਵਿਚ ਕੈਬਿਨਿਟ ਮਿਸ਼ਨ ਪਲੈਨ' ਲੈ ਕੇ ਆਈ। ਜਿਸ 'ਤੇ ਅੰਗਰੇਜ਼ਾਂ ਨੇ ਦੋਨਾਂ ਧਿਰਾਂ-ਕਾਂਗਰਸ ਤੇ ਮੁਸਲਿਮ ਲੀਗ ਦੇ ਹਸਤਾਖ਼ਰ ਕਰਵਾ ਲਏ ਸਨ। ਇਹ ਪਲੈਨ ਇਸ ਖਿੱਤੇ ਅੰਦਰ ਸਹੀ ਇਮਾਨਦਾਰ ਫੈਡਰਲ ਢਾਂਚਾ ਉਸਾਰਣ ਦਾ ਦਸਤਾਵੇਜ਼ ਸੀ। ਜਿਸ ਅਨੁਸਾਰ ਸਿਰਫ ਚਾਰ ਮਹਿਕਮੇ- ਰੱਖਿਆ (ਡਿਫੈਂਸ), ਵਿਦੇਸ਼ੀ ਮਾਮਲੇ, ਕਰੰਸੀ ਅਤੇ ਸੰਚਾਰ- ਕੇਂਦਰ ਨੂੰ ਦੇ ਕੇ ਬਾਕੀ ਸਾਰੇ ਅਧਿਕਾਰ ਸੂਬਿਆਂ ਨੂੰ ਸੌਂਪਣੇ ਸਨ।

ਆਪਣੇ ਆਪ ਨੂੰ ਸਮੁੱਚੇ ਇੰਡੀਆ ਦੀ ਵਾਹਦ ਪਾਰਟੀ ਪੇਸ਼ ਕਰਨ ਵਾਲੀ ਕਾਂਗਰਸ ਨੇ ਭਾਵੇ ਦਬਾ ਹੇਠ ਪਲੈਨ' ਉਤੇ ਹਸਤਾਖ਼ਰ ਕਰ ਦਿੱਤੇ ਸਨ ਪਰ ਅੰਦਰੋ-ਅੰਦਰੀ ਪਲੈਨ' ਨਾਲ ਸਹਿਮਤ ਨਹੀਂ ਸੀ। ਉਸ ਅੰਦਰ ਧੁਖਦਾ ਲਾਵਾ ਜ਼ਲਦੀ ਹੀ ਫੁੱਟ ਕੇ ਬਾਹਰ ਆ ਗਿਆ, ਜਦੋਂ ਨਹਿਰੂ ਨੇ ਕੁੱਝ ਦਿਨਾਂ ਬਾਅਦ ਹੀ ਬੰਬਈ ਵਿਚ ਹੋਈ ਪ੍ਰੈਸ ਕਾਂਗਰਸ ਵਿਚ ਕਹਿ ਦਿੱਤਾ ਕਿ ਉਹਨਾਂ ਦੀ ਪਾਰਟੀ ਇਸ ਪਲੈਨ ਉਤੇ ਭਵਿੱਖ ਵਿਚ ਅਮਲ ਕਰਨ ਲਈ ਪ੍ਰਤੀਬਧ ਨਹੀਂ। ਬਾਅਦ ਵਿਚ ਜਿਨਾਹ ਵੀ ਲੱਤ ਚੁੱਕ ਗਿਆ ਤੇ ਪਲੈਨ' ਦਾ ਭੋਗ ਪੈ ਗਿਆ।

ਸੰਨ 1947 ਵਿਚ ਕਾਂਗਰਸ ਦੇ ਸਾਹਮਣੇ ਵੱਡੀ ਚੁਨੌਤੀ ਸੀ ਕਿ ਉਹ ਫੈਡਰਲ ਢਾਂਚੇ ਜਿਸ ਅੰਦਰੇ ਕਮਜ਼ੋਰ ਕੇਂਦਰ ਖੜ੍ਹਾ ਹੁੰਦਾ ਸੀ, ਉਸ ਉਤੇ ਮੋਹਰ ਲਾਵੇ ਜਾਂ ਇਸਨੂੰ ਰੱਦ ਕਰਕੇ ਦੇਸ਼ ਦੀ ਤਕਸੀਮ (ਵੰਡ) ਸਵੀਕਾਰ ਕਰੇ। ਕਾਂਗਰਸ ਨੇ ਜ਼ਾਹਰਾ ਤੌਰ 'ਤੇ, ਪਾਰਟੀ ਹਾਈ ਕਮਾਨ ਵਿੱਚ ਮਤਾ ਪਾ ਕੇ ਮਜ਼ਬੂਤ ਕੇਂਦਰ ਤੇ ਏਕਾਤਮਕ-ਰਾਜ ਪ੍ਰਬੰਧ ਖੜ੍ਹਾ ਕਰਨ ਲਈ ਦੇਸ਼ ਦੀ ਵੰਡ ਪ੍ਰਵਾਨ ਕਰ ਲਈ।

ਡਾ. ਧਰਮਵੀਰ ਗਾਂਧੀ ਠੀਕ ਪੇਸ਼ ਕਰਦਾ ਹੈ ਕਿ ਫੈਡਰਲ ਢਾਂਚੇ ਦੇ ਖ਼ਾਤਮੇ ਨਾਲ ਹੀ ਸੰਨ 1947 ਵਿਚ ਪੰਜਾਬ ਦੀ ਹਿੱਕ ਉਤੇ ਵੰਡ ਦੀ ਲਹੂ-ਭਿੱਜੀ ਲਕੀਰ ਖਿੱਚੀ ਗਈ। ਦਸ ਲੱਖ ਬੇਕਸੂਰ ਪੰਜਾਬੀਆਂ ਨੂੰ ਜਾਨਾਂ ਗਵਾਉਣੀਆਂ ਪਈਆਂ, 80 ਲੱਖ ਘਰੋਂ ਬੇਘਰ ਹੋਏ। ਪਰ ਡਾ. ਗਾਂਧੀ ਤੇ ਹੋਰ ਸੁਲਝੇ ਵਿਚਾਰਵਾਨ ਵੀ ਸਧਾਰਨ ਲੋਕਾਂ ਵਾਂਗ ਉਸ ਵੱਡੀ ਤਬਾਹੀ ਨੂੰ ਹਿੰਦੂ-ਮੁਸਲਮਾਨ ਧਾਰਮਿਕ ਫਿਰਕਿਆਂ ਦੀ ਆਪਸੀ ਫਿਰਕਾਪ੍ਰਸਤ ਲੜਾਈ ਦੇ ਖਾਤੇ ਵਿਚ ਹੀ ਪਾਈ ਜਾਂਦੇ ਹਨ ਅਤੇ ਭੁਲ ਜਾਂਦੇ ਹਨ ਕਿ ਇਸ ਬਰਬਾਦੀ ਪਿਛੇ ਹਿੰਦੂ ਨੇਸ਼ਨ' ਤੇ ਮੁਸਲਮਾਨ ਨੇਸ਼ਨ' ਬਣਾਉਣ ਦੀ ਵੱਡੀ ਸਿਆਸਤ ਸਰਗਰਮ ਸੀ। ਇਸ ਰਾਜਨੀਤੀ ਨੇ ਤਾਂ ਇਕ ਫਿਰਕੇ ਅੰਦਰ ਦੂਜੇ ਫਿਰਕੇ ਵਿਰੁੱਧ ਜ਼ਹਿਰ ਭਰੀ ਤੇ ਆਪਣੇ ਆਪਣੇ ਮਿਥੇ ਇਲਾਕੇ ਖਾਲੀ ਕਰਾਉਣ ਲਈ ਮਾਰ-ਕਾਟ ਸ਼ੁਰੂ ਕਰਵਾਈ। ਇਸ ਖ਼ੂਨ-ਖਰਾਬੇ ਕਰਵਾਉਣ ਵਿਚ ਮੁੱਖ ਰੋਲ ਸਿਆਸਤ ਦਾ ਸੀ ਅਤੇ ਉਹੀ ਰੋਲ ਰਾਜਨੀਤੀ ਅੱਜ ਵੀ ਕਰ ਰਹੀ ਹੈ। ਅਜਿਹੀ ਉਕਸਾਊ ਰਾਜਨੀਤੀ ਧਰਮ ਨੂੰ ਸਿਆਸੀ ਹਥਿਆਰ' ਦੇ ਤੌਰ 'ਤੇ ਵਰਤਦੀ ਹੈ। ਉਸ ਸੰਨ 1947 ਦੀ ਵੱਡੀ ਸਿਆਸੀ ਟੱਕਰ ਵਿਚ ਛੋਟਾ ਜਿਹਾ ਸਿੱਖ ਭਾਈਚਾਰਾ ਵੀ ਵਿਚੇ ਹੀ ਵਿਲੇਟਿਆ ਗਿਆ। ਇਸੇ ਹੀ ਅਭੁੱਲ ਦਰਦ ਵਿਚੋਂ ਸਿੱਖ ਭਾਈਚਾਰੇ ਅੰਦਰੋਂ ਅਜੇ ਵੀ ਕੂਕ ਉਠਦੀ ਰਹਿੰਦੀ ਹੈ 'ਅਸੀ ਤਾਂ ਐਵੇਂ ਹੀ ਮਾਰੇ ਗਏਤ ਸਾਨੂੰ ਕੀ ਮਿਲਿਆ ?'

ਖੈਰ, ਉਸ ਕਲਿਹਣੀ 1947 ਦੀ ਵੰਡ ਨੇ ਪੰਜਾਬ ਨੂੰ ਹਮੇਸ਼ਾ ਲਈ ਹਿੰਦੁਸਤਾਨ-ਪਾਕਿਸਤਾਨ ਦਰਮਿਆਨ ਜੰਗਾਂ-ਜੁੱਧਾਂ ਦਾ ਥੀਏਟਰ ਬਣਾ ਦਿੱਤਾ। ਉਪ-ਮਹਾਂਦੀਪ ਵਿਚ ਹਥਿਆਰਾਂ ਦੀ ਦੌੜ ਸ਼ੁਰੂ ਹੋਈ ਤੇ ਦੋਨੋਂ ਮੁਲਕਾਂ ਨੇ ਵੱਡੀ ਤਬਾਹੀ ਲਈ ਐਟਮੀ ਬੰਬ ਤੱਕ ਤਿਆਰ ਕਰ ਲਏ। ਦਰਬਾਰ ਸਾਹਿਬ 'ਤੇ ਜੂਨ 1984 ਵਿਚ ਭਾਰਤੀ ਫੌਜ ਦਾ ਹਮਲਾ ਵੀ ਬਹੁਗਿਣਤੀ ਅਧਾਰਤ ਰਾਸ਼ਟਰਵਾਦ ਦੇ ਅਮਲ 'ਚੋਂ ਹੀ ਨਿਕਲਿਆ ਅਤੇ 400 ਸਾਲ ਪੁਰਾਣੀ ਬਾਬਰੀ ਮਸੀਤ ਵੀ ਇਸੇ ਸਿਆਸਤ ਨੇ ਤੋੜੀ।

ਦਰਅਸਲ ਸੰਨ 1947 ਵਿਚ ਕਾਂਗਰਸ ਦੇ ਸਾਹਮਣੇ ਵੱਡੀ ਚਨੌਤੀ ਸੀ ਕਿ ਉਹ ਫੈਡਰਲ ਢਾਂਚੇ ਜਿਸ ਅੰਦਰੇ ਕਮਜ਼ੋਰ ਕੇਂਦਰ ਖੜ੍ਹਾ ਹੁੰਦਾ ਸੀ, ਉਸ ਉਤੇ ਮੋਹਰ ਲਾਵੇ ਜਾਂ ਇਸਨੂੰ ਰੱਦ ਕਰਕੇ ਦੇਸ਼ ਦੀ ਤਕਸੀਮ (ਵੰਡ) ਸਵੀਕਾਰ ਕਰੇ। ਕਾਂਗਰਸ ਨੇ ਜ਼ਾਹਰਾ ਤੌਰ 'ਤੇ, ਪਾਰਟੀ ਹਾਈ ਕਮਾਨ ਵਿੱਚ ਮਤਾ ਪਾ ਕੇ ਮਜ਼ਬੂਤ ਕੇਂਦਰ ਤੇ ਏਕਾਤਮਕ-ਰਾਜ ਪ੍ਰਬੰਧ ਖੜ੍ਹਾ ਕਰਨ ਲਈ ਦੇਸ਼ ਦੀ ਵੰਡ ਪ੍ਰਵਾਨ ਕਰ ਲਈ। ਪਰ ਪ੍ਰਚਾਰ ਵਜੋਂ ਵੰਡ ਦੀ ਦੋਸ਼ੀ ਮੁਸਲਿਮ ਲੀਗ ਨੂੰ ਹੀ ਪੇਸ਼ ਕਰਦੀ ਰਹੀ।

ਇਸੇ ਸਿਆਸੀ ਸਮਝ ਅਧੀਨ, ਆਜ਼ਾਦੀ ਤੋਂ ਬਾਅਦ ਕਾਂਗਰਸ ਨੇ ਅਜਿਹਾ ਸੰਵਿਧਾਨ ਘੜਿਆ ਜਿਹੜਾ ਸਿਰਫ਼ ਕਹਿਣ ਨੂੰ ਹੀ ਫੈਡਰਲ ਸੀ ਪਰ ਤੱਤ ਰੂਪ ਵਿਚ ਏਕਾਤਮਕ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਸੰਵਿਧਾਨ ਘੜਨੀ ਅਸੈਂਬਲੀ ਦਾ ਗਠਨ ਹੋਇਆ ਸੀ ਜਿਸਦੇ ਮੈਂਬਰ ਕਿਸੇ ਬੋਲੀ/ ਕਲਚਰ ਦੇ ਪ੍ਰਤੀਨਿਧ ਨਹੀਂ ਸਨ। ਉਨ੍ਹਾਂ ਦੀ ਚੋਣ ਤਾਂ 24 ਪ੍ਰਤੀਸ਼ਤ ਅਮੀਰ-ਪੂੰਜੀਪਤੀਆਂ ਵੋਟਰਾਂ ਵਿਚੋਂ ਹੀ ਹੋਈ ਸੀ ਜਿੰਨਾਂ ਵਿਚੋਂ ਚੌਥਾ ਹਿੱਸਾ ਮੈਂਬਰ ਪਾਕਿਸਤਾਨ ਬਨਣ ਤੋਂ ਬਾਅਦ ਬਾਹਰ ਨਿਕਲ ਗਏ। ਬਾਕੀ 292 ਮੈਬਰਾਂ ਨਾਲ 93 ਰਜਵਾੜਿਆਂ ਤੇ ਨਵਾਬਾਂ ਦੇ ਪ੍ਰਤੀਨਿਧ ਜੋੜ ਦਿੱਤੇ ਗਏ। ਅਜ਼ਾਦੀ' ਤੋਂ ਬਾਅਦ, ਅਸੈਂਬਲੀ ਦਾ ਮੁੜ ਗਠਨ ਨਹੀਂ ਹੋਇਆ। ਉਸੇ ਟੁੱਟੀ-ਭੱਜੀ ਅਸੈਂਬਲੀ ਤੋਂ ਹੀ ਨਹਿਰੂ-ਪਟੇਲ ਨੇ ਆਪਣੀ ਮਨ ਮਰਜ਼ੀ ਨਾਲ ਤਿਆਰ ਕਰਵਾਏ ਸੰਵਿਧਾਨ ਉਤੇ ਮੋਹਰ ਲਵਾ ਲਈ। ਤਕਰੀਬਨ 300 ਆਰਟੀਕਲ ਅੰਗਰੇਜ਼ਾਂ ਦੇ ਬਣਾਏ ਸੰਨ 1935 ਦੇ ਇੰਡੀਅਨ ਐਕਟ ਵਿਚੋਂ ਜਿਉਂ ਦੀ ਤਿਉਂ, ਕੌਮਾ-ਬਿੰਦੀ ਬਦਲੇ ਬਗੈਰ ਨਵੇਂ ਸੰਵਿਧਾਨ ਵਿਚ ਸ਼ਾਮਲ ਕਰ ਲਏ, ਜਿਸ ਕਰਕੇ ਬਹੁਤਾ ਅੰਗਰੇਜ਼ੀ ਸਰਕਾਰ ਵਾਲਾ ਰਾਜ-ਪ੍ਰਬੰਧ ਅਜੇ ਵੀ ਇੰਡੀਆ ਵਿਚ ਚੱਲ ਰਿਹਾ।

ਟੁੱਟੀ-ਭੱਜੀ ਅਸੈਂਬਲੀ ਤੋਂ ਹੀ ਨਹਿਰੂ-ਪਟੇਲ ਨੇ ਆਪਣੀ ਮਨ ਮਰਜ਼ੀ ਨਾਲ ਤਿਆਰ ਕਰਵਾਏ ਸੰਵਿਧਾਨ ਉਤੇ ਮੋਹਰ ਲਵਾ ਲਈ।

ਬਾਅਦ ਵਿਚ ਸਮੇਂ-ਸਮੇਂ ਤੇ ਸੰਵਿਧਾਨ ਵਿਚ ਕੀਤੀਆਂ ਤਰਮੀਮਾਂ ਤੇ ਅੰਦਰੋਂ-ਅੰਦਰੀ ਕਾਨੂੰਨਾਂ ਦੀ ਤੋੜ-ਮਰੋੜੀ ਨੇ ਇਸ ਨੂੰ ਪੂਰਨ ਰੂਪ ਵਿਚ ਏਕਾਤਮਕ ਬਣਾ ਦਿੱਤਾ। ਇਸ ਸਬੰਧ ਵਿਚ ਗੁਰੂ ਨਾਨਕ ਯੂਨੀਵਰਸਿਟੀ ਦੇ ਸਾਬਕਾ ਉਪ-ਕੁਲਪਤੀ ਕਰਮ ਸਿੰਘ ਗਿੱਲ ਵੱਲੋਂ ਸਰਕਾਰੀਆ ਕਮਿਸ਼ਨ ਕੋਲ ਪੇਸ਼ ਕੀਤੇ ਖੋਜ-ਭਰਪੂਰ ਦਸਤਾਵੇਜ਼ ਨੂੰ ਵਾਚਣ ਦੀ ਜ਼ਰੂਰਤ ਹੈ।

1950ਵਿਆਂ ਵਿਚ ਹੀ ਸੰਵਿਧਾਨ ਘੜਨ ਵਾਲੀ ਅਸੈਂਬਲੀ ਦੇ ਮੈਂਬਰ ਕੇ. ਐਮ. ਮੁਨਸ਼ੀ ਨੇ ਕਹਿ ਦਿੱਤਾ ਕਿ ਭਾਰਤੀ ਸੰਵਿਧਾਨ "ਬਰਾਏ ਨਾਮ ਹੀ ਫੈਡਰਲ ਹੈ ਪਰ ਇਸ ਦੀਆਂ ਅਹਿਮ ਧਾਰਾਵਾਂ ਏਕਾਤਮਕ ਸਰਕਾਰ ਵਾਲੀਆਂ ਹਨ।" ਇਸੇ ਤਰਜ਼ 'ਤੇ ਇੰਡੀਆ ਦੇ ਚੀਫ ਜਸਟਿਸ ਰਹੇ ਗਜਿੰਦਰਾ ਗੈਡਕਰ ਨੇ ਕਿਹਾ ਸੀ "ਸੰਵਿਧਾਨ ਸਹੀ ਅਰਥਾਂ ਵਿਚ ਫੈਡਰਲ ਨਹੀਂ ਕਿਹਾ ਜਾ ਸਕਦਾ।"

ਸੰਵਿਧਾਨ ਘੜਨੀ ਅਸੈਂਬਲੀ ਅੰਦਰ ਚੱਲੀਆਂ ਬਹਿਸਾਂ ਦੌਰਾਨ ਹੀ ਬਹੁਤੇ ਮੈਂਬਰਾਂ ਨੇ ਇਹ ਕਹਿ ਦਿੱਤਾ ਸੀ ਕਿ ਸੰਵਿਧਾਨ ਸਮੁੱਚੇ ਤੌਰ 'ਤੇ ਕੇਂਦਰੀਕਰਨ ਵੱਲ ਸੰਕੇਤਕ ਹੈ ਜਿਸਨੇ ਸੂਬਿਆਂ ਨੂੰ ਮਿਉਂਸਿਪਲ ਕਮੇਟੀਆਂ ਬਣਾ ਦੇਣਾ ਹੈ।

ਡਾ. ਧਰਮਵੀਰ ਗਾਂਧੀ ਠੀਕ ਲਿਖਦਾ ਹੈ ਕਿ ਇੰਦਰਾ ਗਾਂਧੀ ਵੇਲੇ ਕੇਂਦਰੀਕਰਨ ਦੀ ਪ੍ਰਕਿਰਿਆ ਚਰਮ ਸੀਮਾ ਉਤੇ ਸੀ। ਉਸਨੇ ਸਿਰਫ ਐਮਰਜੈਂਸੀ ਹੀ ਨਹੀਂ ਲਗਾਈ, ਸਗੋਂ 19 ਸੂਬਿਆਂ ਦੀਆਂ ਸਰਕਾਰਾਂ ਨੂੰ ਮਨਮਾਨੀ ਤਰੀਕੇ ਨਾਲ ਡੇਗਿਆ ਤੇ ਆਪਣੇ ਚਹੇਤਿਆਂ ਦੇ ਰਾਜ ਭਾਗ ਕਾਇਮ ਕੀਤੇ। ਦੇਸ਼ ਵਿਚ ਸਭ ਤੋਂ ਪਹਿਲਾਂ ਕਰਨਲ ਰਘਬੀਰ ਸਿੰਘ ਦੀ ਪੈਪਸੂ ਅੰਦਰ ਸਰਕਾਰ ਨੂੰ ਤੋੜ ਕੇ ਕੇਂਦਰੀ ਰਾਜ ਥੋਪਿਆ ਗਿਆ। ਕੇਰਲਾ ਵਿਚ ਨਮੂਦਰੀਪਾਦ ਦੀ ਸਰਕਾਰ ਤਾਂ ਕਈ ਸਾਲਾਂ ਬਾਅਦ ਸੰਨ 1959 ਵਿਚ ਸੁੱਟੀ ਗਈ ਸੀ।

ਵਖਰੇਵਿਆਂ ਭਰੇ ਤੇ ਭਿੰਨ-ਭਿੰਨ ਕੌਮੀਅਤਾਂ ਵਾਲੇ ਉਪ-ਮਹਾਂਦੀਪ ਨੂੰ ਇਕ ਕੇਂਦਰੀ ਧੁਰੇ ਦੇ ਦੁਆਲੇ ਬੰਨ੍ਹ ਕੇ ਰੱਖਣ ਲਈ ਕਾਂਗਰਸੀ ਨੇਤਾਵਾਂ ਨੇ ਸੰਵਿਧਾਨ ਨੂੰ ਧਾਰਮਿਕ ਪੱਧਰ ਤੇ ਪਵਿੱਤਰ ਦਸਤਾਵੇਜ਼' ਤੌਰ ਤੇ ਪੇਸ਼ ਕੀਤਾ। ਅਤੇ ਸੰਵਿਧਾਨ ਦੇ ਨਾਮ 'ਤੇ ਹੀ ਸਿੱਖ ਘੱਟਗਿਣਤੀ ਅਤੇ ਆਪਣੇ ਹੱਕਾਂ ਦੀ ਮੰਗ ਕਰਦੇ ਹੋਰ ਭਾਈਚਾਰਿਆਂ ਨੂੰ ਰਾਜਸੱਤਾ ਦੀ ਦੁਰਵਰਤੋਂ ਨਾਲ ਦਰੜਿਆ ਤੇ ਦਬਾਇਆ ਅਤੇ ਉਹਨਾਂ ਨੂੰ ਦੇਸ਼ ਧਰੋਹੀ ਤੇ ਜਮਹੂਰੀਅਤ ਵਿਰੋਧੀ' ਗਰਦਾਨਿਆ। ਖੱਬੇ-ਪੱਖੀ ਚਿੰਤਕ ਵੀ ਕੇਂਦਰੀਵਾਦੀ ਸਿਆਸਤ ਦੇ ਹੱਕ ਵਿਚ ਭੁਗਤੇ ਤੇ ਉਹਨਾਂ ਨੇ ਕੇਂਦਰ ਦੇ ਧੱਕੇ-ਧੌਂਸ ਲਈ ਵਿਚਾਰਧਾਰਕ ਪਲੇਟਫਾਰਮ ਵੀ ਪ੍ਰਦਾਨ ਕੀਤਾ।

ਪੰਜਾਬ ਅੱਜ ਇਸ ਮੁਕਾਮ ਤੇ ਪਹੁੰਚ ਗਿਆ ਕਿ ਕਿਸੇ ਵੇਲੇ ਖੇਤਰੀਵਾਦ ਦਾ ਵੱਡਾ ਅਲੰਬਰਦਾਰ ਰਿਹਾ ਸ਼੍ਰੋਮਣੀ ਅਕਾਲੀ ਦਲ ਵੀ ਫੈਡਰਲ ਢਾਂਚੇ ਦੇ ਪ੍ਰੋਗਰਾਮ ਤੋਂ ਕਿਨਾਰਾ ਕਰ ਗਿਆ ਹੈ।

ਫੈਡਰਲ ਢਾਂਚੇ ਦੇ ਕੁਚਲਣ ਪਿਛੇ ਪੱਛਮੀ ਤਰਜ਼ ਦਾ ਨੇਸ਼ਨ ਸਟੇਟ' ਮਾਡਲ ਹੈ, ਜਿਹੜਾ ਵੱਖ-ਵੱਖ ਕੌਮੀਅਤਾਂ ਅਤੇ ਉਹਨਾਂ ਦੀਆਂ ਵੱਖਰੀਆਂ ਪਹਿਚਾਣਾਂ ਨੂੰ ਦਰੜ ਕੇ ਇਕ ਵੱਡੀ ਸੰਯੁਕਤ ਕੌਮ, ਨੇਸ਼ਨ' ਤਿਆਰ ਕਰਦਾ ਹੈ। ਇਸ ਦੇ ਨਾਲ ਚੋਣ ਪ੍ਰਬੰਧ ਵੀ ਜੁੜਿਆ ਹੋਇਆ ਜਿਹੜਾ ਬਹੁਗਿਣਤੀ ਤੇ ਘੱਟ ਗਿਣਤੀ ਫਿਰਕਿਆਂ ਦੇ ਪਾੜੇ ਨੂੰ ਖੜ੍ਹਾ ਕਰਦਾ ਤੇ ਵਧਾਉਂਦਾ ਹੀ ਰਹਿੰਦਾ ਤੇ ਉਹਨਾਂ ਨੂੰ ਅਖੀਰ ਟੱਕਰਵਾਦੀ ਬਣਾ ਦਿੰਦਾ। ਇਸ ਸਬੰਧ ਵਿਚ ਡਾਰਕ ਸਾਈਡ ਆਫ ਡੈਮੋਕਰੇਸੀ' ਦੇ ਲੇਖਕ ਤੇ ਕੈਲੇਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਮਾਈਕਲ ਮਾਨ ਦੇ ਕਥਨ ਵਾਚਣਯੋਗ ਹਨ।

ਬਾਕੀ ਸਫ਼ਾ 26 'ਤੇ

Personalized Service-Committed To Quality

Solutions Financial Mortgage Company



Purchase & Refinance Your Home Loans

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

Cell 312-608-0006

1701 E. Lake Avenue #280, Glenview, IL 60025- Office: 847-834-0100 Fax: 847-834-0106

AMRIK P. SINGH
Mortgage Loan Originator
NMLS # 232904

Illinois Residential Mortgage Licensee.

Email: asingh@solutionsfn.com
Web: www.solutionsfn.com


# ਗੁਰਦੁਆਰਾ ਸਾਹਿਬ ਬੌਗ ਰੋਡ ਯੂਬਾ ਸਿਟੀ ਵਿੱਖੇ ਵਿਸਾਖੀ ਪੁਰਬ ਧੂਮ ਧਾਮ ਨਾਲ ਮਨਾਇਆ



**ਯੂਬਾ ਸਿਟੀ/ਹੁਸਨ ਲੜੋਆ ਬੰਗਾ:** ਗੁਰਦੁਆਰਾ ਸਾਹਿਬ ਬੌਗ ਰੋਡ ਯੂਬਾ ਸਿਟੀ ਵਿੱਖੇ ਸੰਤ ਜਵਾਲਾ ਸਿੰਘ ਜੀ ਦੀ ਬਰਸੀ ਅਤੇ ਵਿਸਾਖੀ ਪੁਰਬ ਬੜੀ ਸਰਧਾ ਅਤੇ ਧੂਮ ਧਾਮ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਲੰਘੇ ਵੀਰਵਾਰ ਨੂੰ ਸਮੂਹ ਥਿਆੜਾ ਪਰਿਵਾਰ ਸ. ਮਹਿੰਦਰ ਸਿੰਘ ਥਿਆੜਾ ਸਰਦਾਰਨੀ ਮੋਹਨ ਕੌਰ ਜੀ ਦੇ ਪਰਿਵਾਰ ਜੂਨੀਅਰ ਥਿਆੜਾ, ਹਰਮਨ ਥਿਆੜਾ ਸਮੂਹ ਥਿਆੜਾ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਈ। ਨਿਸਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਥਿਆੜਾ ਪਰਿਵਾਰ ਅਤੇ ਸੰਗਤਾਂ ਦੇ ਭਾਰੀ ਇਕੱਠ ਨਾਲ ਅਰੰਭ ਹੋਈ ਉਪਰੰਤ ਸੰਗਤਾਂ ਦੇ ਭਾਰੀ ਇਕੱਠ ਵਿੱਚ 10:00 ਵਜੇ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਅਰਦਾਸ ਉਪਰੰਤ ਗੁਰਦਆਿਰਾ ਸਾਹਿਬ ਵੱਲੋਂ ਸ.ਮਹਿੰਦਰ ਸਿੰਘ ਥਿਆੜਾ, ਜੂਨੀਅਰ ਥਿਆੜਾ ਅਤੇ ਹਰਮਨ ਥਿਆੜਾ ਨੂੰ ਸਿਰਪਾਉ ਦੇ ਕੇ ਨਿਵਾਜਿਆ ਗਿਆ। ਗੁਰੂਘਰ ਦੇ ਹਜੂਰੀ ਕੀਰਤਨੀਏ ਭਾਈ ਜੋਗਿੰਦਰ ਸਿੰਘ ਜੀ ਡੇਹਰਾਦੂਨ ਵਾਲੇ ਅਤੇ ਭਾਈ ਮਨਜੀਤ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਦੇ ਕੀਰਤਨ ਨਾਲ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ।ਵਿਸਾਖੀ ਪੁਰਬ ਦੀਆਂ ਖੁਸੀਆਂ ਵਿੱਚ ਸਰਬਜੀਤ ਸਿੰਘ ਥਿਆੜਾ ਵੱਲੋਂ ਗੁਰਦੁਆਰਾ ਸਾਹਿਬ ਦੀ ਪੂਰੀ ਇਮਾਰਤ ਨੂੰ ਰੰਗ ਕਰਵਉਣ ਅਤੇ ਨਵੀਆਂ ਟਾਇਲਾਂ ਲਗਵਉਣ ਦੀ ਸੇਵਾ ਵੀ ਲਈ ਗਈ । ਯੂਬਾ ਸਿਟੀ ਦੇ ਸਿੱਖ ਪਤਵੰਤਿਆਂ ਦਿਲਬਾਗ ਬੈਂਸ, ਰਣਜੀਤ ਕੰਦੋਲਾ, ਹਰਬੰਸ ਸਿੰਘ ਪੰਮਾ, ਜਸਵੰਤ ਬੈਂਸ, ਜੋਗਾ ਸਿੰਘ ਥਿਆੜਾ, ਸਾਬ੍ਹੀ ਸਿੰਘ, ਗੁਰਚਰਨ ਰੰਧਾਵਾ, ਹਰਜੀਤ ਗਿੱਲ, ਰਵਿੰਦਰ ਸਹੋਤਾ, ਜਸਵਿੰਦਰ ਹੀਰ, ਅਜੈਬ ਮੱਲ੍ਹੀ, ਜਸਪ੍ਰੀਤ ਥਿਆੜਾ, ਪਾਲਾ ਗਿੱਲ ਅਤੇ ਹੋਰਨਾਂ ਨੇ ਵੀ ਹਾਜ਼ਰੀ ਭਰੀ। ਇਸ ਦੌਰਾਨ ਸਮੂਹ ਥਿਆੜਾ ਵੱਲੋਂ ਸੰਗਤਾਂ ਨੂੰ ਜੀ ਆਇਆਂ ਕਹਿੰਦਿਆਂ ਸਭਨਾਂ ਦਾ ਧੰਨਵਾਦ ਕੀਤਾ। ਸਟੇਜ ਸੈਕਟਰ ਦੀ ਸੇਵਾ ਸ.ਹਰਬੰਸ ਸਿੰਘ ਪੰਮਾ ਵੱਲੋਂ ਨਿਭਾਈ ਗਈ ।


Non Profit

PCS SACRAMENTO Presents (USA)

Since 1990

29ਵਾਂ ਵਿਸਾਖੀ ਮੇਲਾ

Visakhi Mela





Featuring : Songs, Gidha & Bhangra, Dances, Skits and Much More

Celebration On

Saturday 5th May 2018

at 3:00 P.M.

Performing Art Centre

Sheldon High School

8333 Kingsbridge Drive, Sacramento CA 95829

Spcl. Appearance Bhangra & Gidda

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੇਹਲ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੰਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੱਤੀ, ਮਨਜੀਤ ਢਿਲੋਂ (ਮੋਡੇਸਟੋ), ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਬਲਦੇਵ ਗਰੇਵਾਲ, ਗੁਰਪਾਲ ਤੱਖਰ, ਗੁਰਮਿੰਦਰ ਗੁਰੀ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ (ਰੋਹਿਤ), ਇੰਡੀਆ ਹਾਊਸ ਆਫ਼ ਗਰੋਸਰੀ, ਇੰਡੀਆ ਮਾਰਕੀਟ (ਕਸ਼ਮੀਰ ਸਿੰਘ), ਇੰਡੀਆ ਬਜ਼ਾਰ (ਜੈ ਰਾਮ ਗੌਡ) ਪੰਜਾਬੀ ਬਜ਼ਾਰ (ਗੁਰਮਿੰਦਰ ਗੁਰੀ), ਸਟਾਰ ਆਫ ਇੰਡੀਆ, ਬੱਗਾ ਜਿਊਲਰਜ਼ (ਜੌਨੀ), ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇਮੀਗ੍ਰੇਸ਼ਨ ਟੈਕਸ ਸਰਵਿਸ), ਦੇਸੀ ਬਜ਼ਾਰ, ਜਸਵੀਰ ਸਿੰਘ ਰਾਣਾ (Seven-Elevan) ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ, ਸਮੋਸਾ ਗਾਰਡਨ।

For More Information Please Contact : Participation: Rashpal Pharwala (916) 880-0531, Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

punjabiculturalsociety

This organization is committed to preserving and promoting the rich culture of Punjab. Our main goal is to inspire children brought up in the west to learn about their ancestral culture and values.


## ਕਾਬੁਲ ਵਿੱਚ ਦੋ ਆਤਮਘਾਤੀ ਹਮਲਿਆਂ 'ਚ 10 ਪੱਤਰਕਾਰਾਂ ਸਮੇਤ 25 ਹਲਾਕ

**ਕਾਬੁਲ/ਬਿਊਰੋ ਨਿਊਜ਼:** ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਸੋਮਵਾਰ ਨੂੰ ਹੋਏ ਦੋ ਧਮਾਕਿਆਂ 'ਚ 25 ਵਿਅਕਤੀਆਂ ਦੀ ਮੌਤ ਹੋ ਗਈ, ਜਿਨ੍ਹਾਂ 'ਚ ਦਸ ਪੱਤਰਕਾਰ ਵੀ ਸ਼ਾਮਲ ਹਨ। ਇਹ ਪੱਤਰਕਾਰ ਇੱਥੇ ਹੋਏ ਇੱਕ ਧਮਾਕੇ ਮਗਰੋਂ ਹਾਲਾਤ ਦੀ ਕਵਰੇਜ ਕਰਨ ਆਏ ਸਨ ਕਿ ਉਹ ਆਤਮਘਾਤੀ ਹਮਲੇ ਦਾ ਸ਼ਿਕਾਰ ਹੋ ਗਏ। ਇਸ ਤੋਂ ਕੁੱਝ ਘੰਟੇ ਬਾਅਦ ਕੰਧਾਰ ਦੇ ਦੱਖਣੀ ਸੂਬੇ 'ਚ ਆਤਮਘਾਤੀ ਹਮਲਾਵਰ ਨੇ ਵਿਦੇਸ਼ੀ ਫੌਜੀ ਦਸਤਿਆਂ ਦੇ ਵਾਹਨ 'ਤੇ ਹਮਲਾ ਕਰ ਦਿੱਤਾ, ਜਿਸ 'ਚ ਮਦਰੱਸੇ 'ਚ ਪੜ੍ਹਨ ਵਾਲੇ 11 ਬੱਚਿਆਂ ਦੀ ਮੌਤ ਹੋ ਗਈ। ਅਫਗਾਨ ਪੱਤਰਕਾਰ ਸੁਰੱਖਿਆ ਕਮੇਟੀ (ਏਐੱਫਜੇਐਸਸੀ) ਨੇ ਕਿਹਾ ਕਿ ਪੱਤਰਕਾਰਾਂ 'ਤੇ ਹੋਇਆ ਇਹ ਹੁਣ ਤੱਕ ਦਾ ਸਭ ਤੋਂ ਭਿਆਨਕ ਹਮਲਾ ਸੀ, ਜਿਸ 'ਚ ਅੱਠ ਪੱਤਰਕਾਰਾਂ ਦੀ ਮੌਤ ਹੋ ਗਈ ਹੈ।

ਸ਼ਿਕਾਗੋ ਸਲਾਨਾ ਅਖੰਡ ਕੀਰਤਨ ਸਮਾਗਮ ਅਤੇ ਰੈਣ ਸਬਾਈ ਕੀਰਤਨ

# 1978 ਦੇ ਸ਼ਹੀਦੀ ਸਾਕੇ ਦੀ 40ਵੀਂ ਵਰ੍ਹੇਗੰਢ

## 24 ਮਈ ਵੀਰਵਾਰ ਤੋਂ 27 ਮਈ ਐਤਵਾਰ 2018

ਅੰਮ੍ਰਿਤਸਰ ਸਾਹਿਬ ਵਿਖੇ 1978 ਦੀ ਵਿਸਾਖੀ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾ ਸਹਾਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸਮੂਹ ਸਿੰਘਾਂ ਦੀ 40ਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ ਕਰਵਾਇਆ ਜਾ ਰਿਹਾ ਹੈ।


SHAHEED JATHEDAR BHAI FAUJA SINGH JI
13TH APRIL 1978


SHAHEED JATHEDAR BHAI AMRIK SINGH JI
13TH APRIL 1978


SHAHEED JATHEDAR BHAI RANBIR SINGH JI
13TH APRIL 1978


SHAHEED BHAI RAGHBIR SINGH JI
13TH APRIL 1978


SHAHEED BHAI AVTAR SINGH JI
13TH APRIL 1978


SHAHEED BHAI DARSHAN SINGH JI
13TH APRIL 1978


SHAHEED BHAI DHARAMBIR SINGH JI
13TH APRIL 1978


SHAHEED BHAI PYARA SINGH JI
13TH APRIL 1978


SHAHEED BHAI KEWAL SINGH JI
13TH APRIL 1978


SHAHEED BHAI HARI SINGH JI
13TH APRIL 1978


SHAHEED BHAI HARBHAJAN SINGH JI
13TH APRIL 1978


SHAHEED BHAI GURDIAL SINGH JI
13TH APRIL 1978


SHAHEED BHAI GURCHARAN SINGH JI
13TH APRIL 1978

### ਪ੍ਰੋਗਰਾਮ

**24 ਮਈ, 2018 ਦਿਨ ਵੀਰਵਾਰ**
ਸ਼ਾਮ : 6:30 ਵਜੇ ਤੋਂ 9:00 ਵਜੇ ਤੱਕ
ਭਾਈ ਜੁਝਾਰ ਸਿੰਘ ਜੀ ਦੇ ਗ੍ਰਹਿ ਵਿਖੇ
(ਫ਼ੋਨ 224-619-5344)

**25 ਮਈ, 2018 ਦਿਨ ਸ਼ੁੱਕਰਵਾਰ**
ਸਵੇਰੇ : 06:00 ਵਜੇ ਤੋਂ 10:00 ਵਜੇ ਤੱਕ
ਆਸਾ ਦੀ ਵਾਰ
ਭਾਈ ਪਰਮਿੰਦਰ ਸਿੰਘ ਸਿੰਘ ਜੀ
ਮੋਗਾ ਦੇ ਗ੍ਰਹਿ ਵਿਖੇ
(ਫ਼ੋਨ 847-345-7858)

**25 ਮਈ, 2018 ਦਿਨ ਸ਼ੁੱਕਰਵਾਰ**
ਸ਼ਾਮ : 6:30 ਵਜੇ ਤੋਂ 9:00 ਵਜੇ ਤੱਕ
ਗੁਰਦੁਆਰਾ ਸਾਹਿਬ ਪੈਲਾਟਾਈਨ,
1280 ਵਿਨੈਟਕਾ ਸਟਰੀਟ, ਪੈਲਾਟਾਈਨ

**26 ਮਈ, 2018 ਦਿਨ ਸ਼ਨਿੱਚਰਵਾਰ**
ਸਵੇਰੇ : 06:00 ਵਜੇ ਤੋਂ 11:00 ਵਜੇ ਤੱਕ ਆਸਾ ਦੀ ਵਾਰ
ਗੁਰਦੁਆਰਾ ਸਾਹਿਬ ਪੈਲਾਟਾਈਨ,
1280 ਵਿਨੈਟਕਾ ਸਟਰੀਟ, ਪੈਲਾਟਾਈਨ, ਇਲਿਨਾਇਸ

**26 ਮਈ, 2018 ਦਿਨ ਸ਼ਨਿੱਚਰਵਾਰ,** ਰੈਣ ਸਬਾਈ ਕੀਰਤਨ
ਸ਼ਾਮ : 7:00 ਵਜੇ ਤੋਂ ਐਤਵਾਰ ਸਵੇਰੇ 05:00 ਵਜੇ ਤੱਕ
ਗੁਰਦੁਆਰਾ ਸਾਹਿਬ ਪੈਲਾਟਾਈਨ,
1280 ਵਿਨੈਟਕਾ ਸਟਰੀਟ, ਪੈਲਾਟਾਈਨ, ਇਲਿਨਾਇਸ

13 ਅਪ੍ਰੈਲ 1978 ਵਿਸਾਖੀ ਵਾਲੇ ਦਿਨ ਜਾਗਤ-ਜੋਤ, ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਬੇਅਦਬੀ ਨਾ ਸਹਾਰਦੇ ਹੋਏ ਨਕਲੀ ਨਿਰੰਕਾਰੀਆਂ ਦੀਆਂ ਗੋਲੀਆਂ ਦਾ ਸਾਹਮਣਾ ਕਰਦੇ ਹੋਏ ਸੂਰਬੀਰ ਯੋਧੇ ਸ਼ਹੀਦੀਆਂ ਪ੍ਰਾਪਤ ਕਰ ਗਏ। ਆਓ ਉਨ੍ਹਾਂ ਨੂੰ ਯਾਦ ਕਰਦੇ ਹੋਏ ਬਿਖ਼ਰ ਚੁੱਕੇ ਪੰਥ ਨੂੰ ਇਕੱਠਾ ਕਰੀਏ। ਇਹ ਸਾਡੀ ਇਕ ਸੱਚੀ ਸ਼ਰਧਾਂਜਲੀ ਹੋਵੇਗੀ।

**ਨੋਟ: ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ।**

**847-571-8193, 847-845-2025, 847-756-0531, 224-704-3282**

**ਬੇਨਤੀ ਕਰਤਾ: ਸਮੂੰਹ ਇਲਾਕਾ ਨਿਵਾਸੀ ਸਾਧ ਸੰਗਤ ਤੇ SRS ਸ਼ਿਕਾਗੋ**

# ਨਿਊਯਾਰਕ ਦੀ 31ਵੀਂ ਸਿੱਖ ਪਰੇਡ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਕੀਤੀ ਗਈ ਸ਼ਮੂਲੀਅਤ ਦੀਆਂ ਯਾਦਗਾਰੀ ਤਸਵੀਰਾਂ






































# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ

# ਵਿਸਾਖੀ ਟੂਰਨਾਮੈਂਟ

## Punjabi Family Picnic And Open Kabaddi

**ਅਮਰੀਕਾ ਵਿੱਚ ਸ਼ੈਂਟਰਲ ਕੈਲੀਫੋਰਨੀਆਂ ਦੇ ਸ਼ਹਿਰ ਸਨਵਾਕੀਨ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ 2018 ਦੀ ਵਿਸਾਖੀ ਨੂੰ ਸਮਰਪਿਤ**

## 12 ਮਈ ਨੂੰ ਫੈਮਲੀ ਪਿਕਨਿਕ ਅਤੇ 13 ਮਈ 2018 ਨੂੰ ਉਪਨ ਕਬੱਡੀ ਤੇ ਹੋਰ ਖੇਡਾਂ

**ਇਸ ਟੂਰਨਾਮੈਂਟ ਵਿੱਚ ਸਾਮਲ ਹੋਣ ਲਈ ਸਮੂੰਹ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਖੁੱਲਾ ਸੱਦਾ ਦਿੱਤਾ ਜਾਂਦਾ ਹੈ।**

ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਸਨਵਾਕੀਨ ਸਕੂਲ ਦੀਆਂ ਖੁਲੀਆਂ ਗਰਾਊਡਾ ਅਤੇ ਪਾਰਕਾ ਵਿੱਚ 12 ਅਤੇ 13 ਮਈ 2018 ਨੂੰ ਅੱਠਵਾਂ ਅਮਰੀਕਨ ਵਿਸਾਖੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ 12 ਮਈ, ਦਿਨ ਸ਼ਨੀਵਾਰ ਦੀ ਪਰਿਵਾਰਕ ਪਿਕਨਿਕ ਵਿੱਚ ਦੌੜਾ, ਚਾਟੀ ਰੇਸ਼, ਮਿਊਜ਼ੀਕਲ ਚੇਅਰ, ਵਧੀਆਂ ਪੁਸ਼ਾਕ ਮੁਕਾਬਲੇ ਤੋਂ ਇਲਾਵਾ ਪੰਜਾਬ ਦੀਆਂ ਪੁਰਾਤਨ ਖੇਡਾਂ ਜਿਵੇ ਘੋੜਾ ਕਬੱਡੀ, ਖੋ-ਖੋ, ਸ਼ੱਕਰ ਭਿੱਜੀ, ਗੁੱਲੀ ਡੰਡਾ, ਬਾਂਦਰ ਕੀਲਾ, ਬੰਟੇ, ਰੁਮਾਲ ਚੁੱਕਣਾ ਅਤੇ ਤਿੰਨ ਟੰਗੀ ਦੌੜ (ਸਪੈਸਲ ਮਾਂ-ਧੀ) ਨੂੰ ਵੀ ਫੈਮਲੀ ਪਿਕਨਿਕ ਵਜੋਂ ਉਤਸਾਹਿਤ ਕੀਤਾ ਜਾਵੇਗਾ। 13 ਮਈ, ਦਿਨ ਐਤਵਾਰ ਨੂੰ ਉਪਨ ਕਬੱਡੀ, ਰੱਸਾਕਸੀ, ਭਾਰ ਚੁੱਕਣਾ, ਗੋਲਾ ਸੁੱਟਣਾ, ਕੁਸਤੀਆਂ ਤੋਂ ਇਲਾਵਾ ਬੱਚਿਆ ਅਤੇ ਔਰਤਾ ਦੀਆਂ ਹੋਰ ਬਹੁਤ ਸਾਰੀਆਂ ਖੇਡਾਂ ਮੁੱਖ ਅਕਰਸ਼ਣ ਹੋਣਗੀਆਂ। ਹੋਰ ਜਾਣਕਾਰੀ ਲੈਣ ਲਈ ਪ੍ਰਬੰਧਕਾ ਨਾਲ ਸੰਪਰਕ ਕਰੋ।





Family Fun Gidha and Boliyan

13 ਮਈ 2018, ਦਿਨ ਐਤਵਾਰ

## ਉਪਨ ਕਬੱਡੀ

ਰੱਸਾਕਸੀ, ਦੌੜਾ, ਕੁਸਤੀਆਂ, ਭਾਰ ਚੁਕਣਾ ਆਦਿਕ। ਇਸ ਤੋਂ ਇਲਾਵਾ ਦਿਲਦਾਰ ਬ੍ਰਦਰਜ਼ ਮਿਊਜ਼ੀਕਲ ਗਰੁੱਪ, ਲੋਕ ਪ੍ਰਸਿੱਧ ਗਾਇਕ ਧਰਮਵੀਰ ਥਾਂਦੀ, ਕਮਲਜੀਤ ਬੈਨੀਪਾਲ ਅਤੇ ਹੋਰ ਬਹੁਤ ਸਾਰੇ ਕਲਾਕਾਰ ਵਿਸ਼ੇਸ਼ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਨਗੇ।

ਉਪਨ ਕਬੱਡੀ ਅਤੇ ਉਮਰ ਅੰਡਰ 21 ਸਾਲ



ਬਾਬਿਆ ਵੱਲੋਂ ਰੱਸਾਕਸ਼ੀ ਦੇ ਮੁਕਾਬਲੇ ਹੋਣਗੇ।



**ਸਟੇਜ਼ ਹੋਸਟ: ਬੀਬੀ ਆਸ਼ਾਂ ਸਰਮਾਂ**




ਜੋਤ ਰਣਜੀਤ


ਧਰਮਵੀਰ ਥਾਂਦੀ

**Vaiskhi Tournament 2018**

WILL BE HELD AT THE SAN JOAQUIN SCHOOL'S PLAY GROUNDS. HELD BY THE GURU NANAK SPORTS CLUB OF SAN JOAQUIN AND KERMAN, CALIFORNIA. THE EVENT WILL BE HELD ON MAY 12 AND 13 2018 (SATURDAY AND SUNDAY).

**ਇਨਾਮ**

ਉਪਨ ਕਬੱਡੀ ਦੀਆਂ ਜੇਤੂ ਟੀਮਾਂ ਨੂੰ ਟਰਾਫੀਆਂ ਸਮੇਤ ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 11000 ਡਾਲਰ, ਦੂਜੇ ਸਥਾਨ 'ਤੇ ਟੀਮ ਨੂੰ 10000 ਡਾਲਰ, ਤੀਜੇ ਸਥਾਨ 'ਤੇ ਟੀਮ ਨੂੰ 9000 ਡਾਲਰ ਅਤੇ ਚੌਥੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 8000 ਡਾਲਰ ਦੇ ਨਕਦ ਇਨਾਮ ਦਿੱਤੇ ਜਾਣਗੇ।

**12 ਮਈ 2018 ਦਿਨ ਸ਼ਨੀਵਾਰ ਪਰਿਵਾਰਿਕ ਪਿਕਨਿਕ**

ਜਿਸ ਵਿੱਚ 'ਕਰਮਨ ਪੰਜਾਬੀ ਸਕੂਲ, ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀ ਦੇ ਬੱਚੇ ਗਿੱਧੇ ਅਤੇ ਭੰਗੜੇ ਦਾ ਸ਼ਾਨਦਾਰ ਪ੍ਰਦਰਸ਼ਨ ਕਰਨਗੇ ਇਸ ਤੋਂ ਇਲਾਵਾ ਬਾਹਰੋਂ ਹੋਰ ਸੰਸਥਾਵਾਂ ਤੇ ਸਕੂਲਾ ਦੇ ਬੱਚੇ ਵੀ ਹਿੱਸਾ ਲੈਣਗੇ। ਸਪੋਰਟਸ਼ ਕਲੱਬ ਵੱਲੋ 4.0 ਜੀ ਪੀ ਏ ਗਰੇਡ ਵਾਲੇ ਬੱਚਿਆ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਸ਼ਪੈਸ਼ਲ ਔਰਤਾਂ ਅਤੇ ਬੱਚਿਆ ਲਈ ਬਹੁਤ ਸਾਰੀਆਂ ਹੋਰ ਪੁਰਾਤਨ ਅਤੇ ਨਵੀਆਂ ਖੇਡਾਂ ਅਤੇ ਗੀਤ-ਸੰਗੀਤ ਦਾ ਉਚਿੱਚਾ ਪ੍ਰਬੰਧ ਹੋਵੇਗਾ।

ਇਸ ਸਮੇਂ ਗਾਇਕਾ ਜੋਤ ਰਣਜੀਤ, ਪ੍ਰਸਿੱਧ ਲੋਕ ਗਇਕ ਧਰਮਵੀਰ ਥਾਂਦੀ, ਦਿਲਦਾਰ ਬ੍ਰਦਰਜ਼ ਅਤੇ ਹੋਰ ਕਲਾਕਾਰ ਹਾਜ਼ਰੀਨ ਦੇ ਮੰਨੋਰੰਜ਼ਨ ਲਈ ਵਿਸ਼ੇਸ਼ ਗਾਇਕੀ ਦੇ ਰੰਗ ਬੰਨਣਗੇ। ਚਾਹ, ਪਕੌੜੇ, ਗਰਮ ਜਲੇਬੀਆਂ ਅਤੇ ਹੋਰ ਸ਼ੁਆਦਿਸਟ ਲੰਗਰਾਂ ਦਾ ਫਰੀ ਪ੍ਰਬੰਧ ਹੋਵੇਗਾ।


ਦਿਲਦਾਰ ਮਿਊਜ਼ੀਕਲ ਗਰੁੱਪ ਫਰਿਜ਼ਨੋ ਵੱਲੋਂ ਮੰਨੋਰੰਜ਼ਨ ਹੋਵੇਗਾ।


ਜੀ.ਐਚ.ਜੀ.ਅਕੈਡਮੀ, ਫਰਿਜ਼ਨੋ


ਕਰਮਨ ਪੰਜਾਬੀ ਸਕੂਲ, ਕਰਮਨ




ਬੀਬੀਆਂ ਦੀ ਚਾਟੀ ਦੌੜ ਅਤੇ ਰੱਸ਼ਾਕਸੀ

## More Information:

**Gurbinder S. Dhaliwal (559) 281-4697, Mohan S. Badesha (559) 248-6694, Simple Aulakh (559) 217-5465 .**

Gurdarshan Brar (559) 974-0952, Dalvir Chaudry (209) 675-8764, Mintu Dhaliwal 559-994-0396, Rupinder Kang (559) 709-0353, Avtar S. Grewal (559) 352-6025, Sukhi Randhawa (559) 698-4876, Gurbax Sidhu (559) 217-5486, Parmjit Mander: (559) 709-3580, Deep Billan (559) 217-1441, Raj Dhaliwal (559) 217-4974, Ajit Badesha (559) 706-2143, Ranmegh Dhesi (559) 577-3875, Sharanjit Singh Dhillon (559) 829-4465, Gurmit Samra (559) 917-0209, Messi Pehalwan (559) 347-4009.

**Near Location: Guru Nanak Sikh Temple, 8695 Main Street, San Joaquin, CA - 93660.**

**ਟੂਰਨਾਮੈਂਟ ਸਮੇਂ ਕਾਰ ਪਾਰਕਿੰਗ, ਸ਼ਖਤ ਸਕਿਉਰਟੀ, ਔਰਤਾਂ ਅਤੇ ਬੱਚਿਆ ਦੇ ਬੈਠਣ ਤੋਂ ਇਲਾਵਾ ਮੁਫਤ ਲੰਗਰਾਂ ਦਾ ਪ੍ਰਬੰਧ ਹੋਵੇਗਾ।**

Scan for Directions

Media Sponsor: Kulwant Ubhi Dhalian & Neeta Machhike. Special Thanks to All Media sponsers. Photography By: Jeet Gill - www.Mogavideo.com


jus punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com



Raja SWEETS & CATERING
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

**ਪੰਜਾਬੀ ਢਾਬਾ**

**Now Open**

Indiana
1480 N State Road 1, Cambridge City, IN 47327. 70
Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



**Free Buffet**
over 100 gallons
open 6am to midnight

**Phone: 765-478-6300**

**Serving Around the World Community Since 1994**
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

# ਸਿੱਖ ਨੌਜਵਾਨਾਂ ਦੀ ਨਵੀਂ ਜਥੇਬੰਦੀ ਕਾਇਮ ਹੋਣ ਦੀ ਆਸਾਰ

## ਉਦੇਸ਼ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਤੱਕ ਹੀ ਸੀਮਤ

- ਨਵੀਂ ਜਥੇਬੰਦੀ ਲਈ ਨੌਜਵਾਨਾਂ ਦੀ ਸੂਚੀ ਜਾਰੀ
- ਜਥੇਬੰਦੀ ਤਮਾਮ ਰਾਜਸੀ ਪਾਰਟੀਆਂ ਤੋਂ ਸਤਿਕਾਰਤ ਦੂਰੀ ਅਤੇ ਨੇੜਤਾ ਬਣਾ ਕੇ ਰੱਖੇਗੀ

**ਚੰਡੀਗੜ੍ਹ/ਕਰਮਜੀਤ ਸਿੰਘ:**
ਪੰਥ ਅਤੇ ਪੰਜਾਬ ਦੇ ਭਵਿੱਖ ਪ੍ਰਤੀ ਚੇਤੰਨ ਤੇ ਫਿਕਰਮੰਦ ਕੁਝ ਨੌਜਵਾਨਾਂ ਦੇ ਪਿਛਲੇ ਦਿਨੀਂ ਚੰਡੀਗੜ੍ਹ ਵਿੱਚ ਹੋਏ ਗੈਰ-ਰਸਮੀ ਇਕੱਠ ਵਿੱਚ ਪੰਥ ਦੀ ਅਜੋਕੀ ਹਾਲਤ ਅਤੇ ਇਸ ਹਾਲਤ ਨੂੰ ਬਦਲਣ ਲਈ ਠੋਸ ਅਤੇ ਸੰਜੀਦਾ ਸੁਝਾਵਾਂ ਉਤੇ ਵਿਚਾਰ ਕੀਤਾ ਗਿਆ। ਸਾਰੇ ਨੌਜਵਾਨਾਂ ਨੇ ਦੋ ਦਿਨ ਦੀ ਗੰਭੀਰ ਵਾਰਤਾਲਾਪ ਪਿੱਛੋਂ ਇਹ ਸਾਂਝਾ ਸਿੱਟਾ ਕੱਢਿਆ ਕਿ ਇਸ ਸਮੇਂ ਸਿੱਖਾਂ ਦੀ ਕੋਈ ਵੀ ਰਾਜਨੀਤਿਕ ਪਾਰਟੀ ਜਾਂ ਕੋਈ ਵੀ ਜਥੇਬੰਦੀ, ਜਾਂ ਕੋਈ ਵੀ ਸੰਸਥਾ ਸਿੱਖ ਜਜ਼ਬਿਆਂ ਦੀ ਅਤੇ ਸਿੱਖ ਦਰਦ ਦੀ ਅਤੇ ਸਿੱਖ ਹਿੱਤਾਂ ਦੀ ਹਕੀਕੀ ਰੂਪ ਵਿੱਚ ਨੁਮਾਇੰਦਗੀ ਨਹੀਂ ਕਰਦੀ। ਮਿੱਠੀ ਹਉਮੈ ਦਾ ਵਾਸਾ ਸਾਰੀਆਂ ਜਥੇਬੰਦੀਆਂ ਵਿੱਚ ਪਿਛਲੇ ਲੰਮੇ ਅਰਸੇ ਤੋਂ ਲਗਾਤਾਰ ਕਾਇਮ ਹੈ ਅਤੇ ਅੱਜ ਵੀ ਹਾਲਤ ਜਿਉਂ ਦੀ ਤਿਉਂ ਬਣੀ ਹੋਈ ਹੈ। ਹਾਂ, ਇਹ ਗੱਲ ਦਰੁਸਤ ਹੈ ਕਿ ਇਹ ਸਾਰੀਆਂ ਜਥੇਬੰਦੀਆਂ ਸਿੱਖ ਹਿੱਤਾਂ ਦੀ ਰਾਖੀ ਲਈ ਭਰਪੂਰ ਨੁਮਾਇਸ਼ ਜ਼ਰੂਰ ਕਰਦੀਆਂ ਹਨ ਅਤੇ ਇਕ ਤੋਂ ਵੱਧ ਅੱਗੇ ਜਾ ਕੇ ਏਕਤਾ ਲਈ ਉਤਸ਼ਾਹ ਤੇ ਕੀਰਨੇ ਵੀ ਪ੍ਰਗਟ ਕਰਦੀਆਂ ਰਹਿੰਦੀਆਂ ਹਨ।

ਮੀਟਿੰਗ ਦੌਰਾਨ ਇੱਕ ਨੌਜਵਾਨ ਉਠਿਆ ਅਤੇ ਉਸਨੇ ਸਿੱਖ ਪੰਥ ਵਿੱਚ ਆਈ ਇੱਕ ਨਵੀਂ ਤਬਦੀਲੀ ਦੇ ਤਿੰਨ ਰੂਪੋਸ਼ ਨੁਕਤਿਆਂ ਨੂੰ ਸਤਹਿ ਉਤੇ ਲਿਆ ਕੇ ਹੈਰਾਨ ਕਰ ਦਿੱਤਾ। ਇੱਕ ਨੁਕਤਾ ਇਹ ਦੱਸਿਆ ਗਿਆ ਕਿ 'ਨਾਨਕ ਸ਼ਾਹ ਫਕੀਰ' ਨੂੰ ਰੋਕਣ ਵਿੱਚ ਸਾਰਾ ਰੋਲ, ਗੁੱਸਾ ਅਤੇ ਰੋਸ ਅਸਲ ਵਿੱਚ ਨੌਜਵਾਨਾਂ ਦਾ ਹੀ ਸੀ। ਬਾਕੀ ਸਾਰੇ ਉਨ੍ਹਾਂ ਪਿੱਛੇ ਪਿਛਲੱਗ ਬਣਨ ਲਈ ਮਜਬੂਰ ਹੋਏ। ਇਥੋਂ ਤੱਕ ਕਿ ਸਕੂਲਾਂ ਦੇ ਬੱਚੇ ਵੀ ਇਸ ਰੋਸ ਵਿੱਚ ਸ਼ਾਮਿਲ ਹੋਏ। ਹੋਰ ਤਾਂ ਹੋਰ ਪਹਿਲੀ ਵਾਰ ਵੱਡੀ ਗਿਣਤੀ ਵਿੱਚ ਲੜਕੀਆਂ ਨੇ ਵੀ ਆਪਣਾ ਰੋਸ ਪ੍ਰਗਟ ਕੀਤਾ। ਦੂਜਾ, ਇਸ ਵਾਰ ਵਿਸਾਖੀ ਦੇ ਮੌਕੇ 'ਤੇ ਇਸ ਪਵਿੱਤਰ ਤਿਉਹਾਰ ਨੂੰ ਮਨਾਉਣ ਲਈ ਜਿਸ ਕਿਸਮ ਦਾ ਉਤਸ਼ਾਹ ਤੇ ਜਜ਼ਬਾ ਪਾਇਆ ਗਿਆ ਉਹ ਪਹਿਲਾਂ ਬਹੁਤ ਘੱਟ ਪਾਇਆ ਗਿਆ ਸੀ। ਤੀਜਾ, ਪਹਿਰੇਦਾਰ ਸਮੇਤ ਦੋ ਅਖਬਾਰਾਂ ਨੇ ਵਿਸਾਖੀ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਛੁੱਟੀ ਕੀਤੀ ਅਤੇ ਅਖਬਾਰਾਂ ਨਾ ਛਾਪਣ ਦਾ ਫੈਸਲਾ ਕੀਤਾ।

ਮੀਟਿੰਗ ਦੌਰਾਨ ਜਦੋਂ ਇਹ ਸਵਾਲ ਕੀਤਾ ਗਿਆ ਕਿ ਇਨ੍ਹਾਂ ਤਿੰਨਾਂ ਨੁਕਤਿਆਂ ਦੇ ਵੱਡੇ ਅਰਥ ਕੀ ਹੋ ਸਕਦੇ ਹਨ? ਤਾਂ ਇੱਕ ਹੋਰ ਨੌਜਵਾਨ ਨੇ ਬਹਿਸ ਨੂੰ ਅੱਗੇ ਤੋਰਦਿਆਂ ਇਹ ਤਰਕ ਪੇਸ਼ ਕੀਤਾ ਕਿ ਹੁਣ ਸਮਾਂ ਆ ਗਿਆ ਹੈ ਕਿ ਨੌਜਵਾਨਾਂ ਨੂੰ ਅਤੇ ਸਿਰਫ ਨੌਜਵਾਨਾਂ ਨੂੰ ਹੀ ਖਾਲਸਾ ਪੰਥ ਦੀ ਵਾਗਡੋਰ ਸੰਭਾਲਣ ਲਈ ਅੱਗੇ ਆਉਣਾ ਪਵੇਗਾ। ਇਤਿਹਾਸ ਨੇ ਉਨ੍ਹਾਂ ਲਈ ਇਹ ਰਾਹ ਆਪ ਮੁਹਾਰੇ ਹੀ ਪੱਧਰਾ ਕਰ ਦਿੱਤਾ ਹੈ। ਜਦੋਂ ਇੱਕ ਸਵਾਲ ਹੋਰ ਆਇਆ ਕਿ ਨੌਜਵਾਨ ਤਾਂ ਭੀੜ ਦੀ ਤਰ੍ਹਾਂ ਹਨ, ਇਕ ਕਾਫਲੇ ਦੀ ਤਰ੍ਹਾਂ ਹਨ ਅਤੇ ਉਨ੍ਹਾਂ ਕੋਲ ਕੋਈ ਸੰਗਠਨ ਜਾਂ ਜਥੇਬੰਦੀ ਹੀ ਨਹੀਂ, ਉਨ੍ਹਾਂ ਕੋਲ ਮੰਜ਼ਿਲ ਤਾਂ ਹੈ ਪਰ ਰਸਤਾ ਹੀ ਨਹੀਂ, ਉਨ੍ਹਾਂ ਕੋਲ ਗੁਰਬਾਣੀ ਤਾਂ ਹੈ ਪਰ ਇਤਿਹਾਸ ਨਹੀਂ ਤਾਂ ਅਜਿਹੇ ਨੌਜਵਾਨ ਕਿਸ ਤਰ੍ਹਾਂ ਅਗਵਾਈ ਕਰ ਸਕਦੇ ਹਨ? ਇਹ ਵਿਚਾਰ ਵੀ ਸਾਹਮਣੇ ਆਇਆ ਕਿ ਜਾਗਦੀਆਂ ਜ਼ਮੀਰਾਂ ਵਰਗੇ ਨੌਜਵਾਨ ਸਾਰੀਆਂ ਵੱਖ-ਵੱਖ ਪਾਰਟੀਆਂ ਵਿੱਚ ਅਤੇ ਜਥੇਬੰਦੀਆਂ ਵਿੱਚ ਇੱਕ ਤਰ੍ਹਾਂ ਨਾਲ ਕੈਦ ਭੁਗਤ ਰਹੇ ਹਨ ਅਤੇ ਉਨ੍ਹਾਂ ਉਤੇ ਕਾਬਜ਼ ਲੀਡਰ ਹੀ ਸਾਰੇ ਫੈਸਲੇ ਕਰਦੇ ਹਨ। ਨੌਜਵਾਨਾਂ ਨੂੰ ਤਾਂ ਕੇਵਲ 'ਲੀਡਰਾਂ ਦੇ ਹਿੱਤਾਂ' ਲਈ ਹੀ ਵਰਤਿਆ ਜਾਂਦਾ ਹੈ, ਭਾਵੇਂ ਕਿਹਾ ਇਹੋ ਜਾਂਦਾ ਹੈ ਕਿ ਇਸ ਵਿੱਚ ਪੰਥ ਦੇ ਹਿੱਤ ਹਨ। ਇਹ ਦਲੀਲ ਵੀ ਦਿੱਤੀ ਗਈ ਕਿ ਹੁਣ ਤੱਕ ਜਿੰਨੇ ਵੀ ਲੀਡਰ ਉੱਚੇ ਅਹੁਦਿਆਂ 'ਤੇ ਸੁਸ਼ੋਭਿਤ ਹਨ, ਉਨ੍ਹਾਂ ਨੇ ਦੂਜੀ ਕਤਾਰ ਦਾ ਕੋਈ ਨੇਤਾ ਹੀ ਉਭਰਨ ਨਹੀਂ ਦਿੱਤਾ। ਇਥੋਂ ਤੱਕ ਕਿ ਇਹੋ ਜਿਹੇ ਨੌਜਵਾਨ ਕਿਸੇ ਹੱਦ ਤੱਕ ਬਾਦਲ ਦਲ ਵਿੱਚ ਵੀ ਮੌਜੂਦ ਹਨ। ਪਰ ਇਤਿਹਾਸ ਦਾ ਕਿੰਨਾ ਵੱਡਾ ਦਰਦਨਾਕ ਵਿਅੰਗ ਹੈ ਕਿ ਗੈਰ-ਅੰਮ੍ਰਿਤਧਾਰੀ ਉਸ ਜਥੇਬੰਦੀ ਦੀ ਅਗਵਾਈ ਕਰ ਰਿਹਾ ਹੈ ਅਤੇ ਅਕਾਲ ਤਖਤ ਸਮੇਤ ਕਿਸੇ ਵਿੱਚ ਵੀ ਇਹ ਜੁਰਅਤ ਨਹੀਂ ਕਿ ਉਸ ਵਿਅਕਤੀ ਦੀ ਪੁੱਛਗਿੱਛ ਕੀਤੀ ਜਾਵੇ। ਇਥੋਂ ਤੱਕ ਫਖਰ-ਏ-ਕੌਮ ਵੀ ਉਸ ਨੂੰ ਪੁੱਛਣ ਤੋਂ ਡਰਦਾ ਹੈ। ਸਾਰੇ ਨੌਜਵਾਨਾਂ ਦਾ ਆਪਣੀਆਂ ਆਪਣੀਆਂ ਜਥੇਬੰਦੀਆਂ ਵਿੱਚ ਸਾਹ ਘੁੱਟ ਰਿਹਾ ਹੈ। ਜਦੋਂ ਉਨ੍ਹਾਂ ਨਾਲ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦਾ ਇਹੋ ਜਵਾਬ ਹੁੰਦਾ ਹੈ ਕਿ ਉਨ੍ਹਾਂ ਕੋਲ ਹੋਰ ਕੋਈ ਰਸਤਾ ਵੀ ਤਾਂ ਨਹੀਂ, ਇਸ ਲਈ ਉਨ੍ਹਾਂ ਦੀ ਤਕਦੀਰ ਵਿੱਚ ਇਥੇ ਹੀ ਹਰ ਰੋਜ਼ ਜਿਉਣਾ-ਮਰਣਾ ਲਿਖਿਆ ਹੋਇਆ ਹੈ। ਇਸ ਲਈ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਜਗਦੀਆਂ ਮਘਦੀਆਂ ਜ਼ਮੀਰਾਂ ਵਾਲਿਆਂ ਨੂੰ ਇੱਕ ਮੰਚ ਉਤੇ ਲਿਆਂਦਾ ਜਾਵੇ। ਮੀਟਿੰਗ ਵਿੱਚ ਸਹਿਮਤੀ ਹੋਈ ਕਿ ਨੌਜਵਾਨ ਇਕੱਠੇ ਹੋਣ ਅਤੇ ਇੱਕ ਜਥੇਬੰਦੀ ਕਾਇਮ ਕੀਤੀ ਜਾਵੇ ਪਰ ਇੱਕ ਸੁਝਾਅ ਇਹ ਆਇਆ ਕਿ ਜਥੇਬੰਦੀ ਕਾਇਮ ਕਰਨ ਦੀ ਅਜੇ ਕਾਹਲੀ ਨਾ ਕੀਤੀ ਜਾਵੇ, ਅਜੇ ਸਿਰਫ ਇਕੱਠੇ ਹੀ ਹੋਇਆ ਜਾਵੇ।

ਇੱਕ ਨੌਜਵਾਨ ਨੇ ਸਵਾਲ ਕੀਤਾ ਕਿ ਜੇ ਨੌਜਵਾਨ ਇਕੱਠੇ ਹੋ ਵੀ ਜਾਣ, ਜਥੇਬੰਦੀ ਵੀ ਕਾਇਮ ਹੋ ਜਾਵੇ ਤਾਂ ਫਿਰ ਕੀ ਸਿੱਖਾਂ ਦੀਆਂ ਰਾਜਨੀਤਿਕ ਪਾਰਟੀਆਂ ਅਤੇ ਜਥੇਬੰਦੀਆਂ, ਜਿਨ੍ਹਾਂ ਉਤੇ ਵੱਡੇ ਵੱਡੇ ਖੁੰਢ ਅਤੇ ਧਨੰਤਰ ਲੀਡਰ ਬੈਠੇ ਹੋਏ ਹਨ ਅਤੇ ਜੋ ਪੂਰੀ ਤਰ੍ਹਾਂ ਖੜੋਤ ਵਾਲੀ ਜ਼ਿੰਦਗੀ ਦੇ ਪਹਿਰੇਦਾਰ ਬਣ ਚੁੱਕੇ ਹਨ, ਕੀ ਉਹ ਇਸ ਨਵੀਂ ਜਥੇਬੰਦੀ ਵਿੱਚ ਨਵੇਂ ਨਵੇਂ ਢੰਗ ਤਰੀਕਿਆਂ ਨਾਲ ਅਤੇ ਚਲਾਕੀਆਂ ਨਾਲ ਰੁਕਾਵਟ ਨਹੀਂ ਬਣਨਗੇ? ਮੀਟਿੰਗ ਵਿੱਚ ਇਸ ਗੱਲ 'ਤੇ ਸਹਿਮਤੀ ਪ੍ਰਗਟ ਕੀਤੀ ਗਈ ਕਿ ਸਥਾਪਿਤ ਲੀਡਰਾਂ ਵਿੱਚ ਜਿਨ੍ਹਾਂ ਅੰਦਰ ਕਦੇ ਜਜ਼ਬਿਆਂ ਦਾ ਦਰਿਆ ਵਗਦਾ ਸੀ ਉਹ ਹੁਣ ਸੁੱਕ ਗਿਆ ਹੈ। ਉਹ ਜਿਹੜੇ ਕਦੇ ਬਹਾਰਾਂ ਦਾ ਪੈਗਾਮ ਲੈ ਕੇ ਆਏ ਸੀ, ਉਹ ਪਤਝੜ ਦੀ ਰੁੱਤ ਵਿੱਚ ਬਦਲ ਗਏ ਹਨ। ਭਾਵੇਂ ਉਹ ਇਸ ਗੱਲ ਨੂੰ ਸਵੀਕਾਰ ਨਾ ਕਰਨ ਪਰ ਉਨ੍ਹਾਂ ਦੇ ਕੁਮਲਾਏ ਹੋਏ ਚਿਹਰਿਆਂ 'ਤੇ ਇਹ ਹਾਰੀ ਦਾਸਤਾਨ ਪੜ੍ਹੀ ਜਾ ਸਕਦੀ ਹੈ। ਜਦੋਂ ਇਹ ਸਵਾਲ ਸਾਹਮਣੇ ਆਇਆ ਕਿ ਭਾਵੇਂ ਇਹ ਆਗੂ ਹੁਣ ਖੜੋਤ ਵਿੱਚ ਹਨ ਪਰ ਫਿਰ ਵੀ ਕੀ ਨਵੀਂ ਜਥੇਬੰਦੀ ਦੀ ਤਰੱਕੀ ਲਈ ਉਹ ਕੋਈ ਵੀ ਰੋਲ ਅਦਾ ਨਹੀਂ ਕਰਨਗੇ? ਇਸ ਸਵਾਲ ਦਾ ਇਹ ਜਵਾਬ ਦਿੱਤਾ ਗਿਆ ਕਿ ਉਹ ਕੇਵਲ ਸਲਾਹਕਾਰ ਹੋਣੇ ਚਾਹੀਦੇ ਹਨ। ਉਨ੍ਹਾਂ ਦੀ ਸਲਾਹ ਉਤੇ ਅਮਲ ਕਰਨਾ ਹੈ ਜਾਂ ਨਹੀਂ, ਇਸ ਦਾ ਫੈਸਲਾ ਨਵੀਂ ਜਥੇਬੰਦੀ ਦੀ ਲੀਡਰਸ਼ਿਪ ਕਰੇਗੀ। ਨੌਜਵਾਨਾਂ ਉਤੇ ਉਨ੍ਹਾਂ ਦੀਆਂ ਸਲਾਹਵਾਂ ਬਾਰੇ ਕੋਈ ਬੰਦਿਸ਼ ਨਹੀਂ ਹੋਵੇਗੀ।

ਇੱਕ ਹੋਰ ਨੌਜਵਾਨ ਨੇ ਸੰਤ ਜਰਨੈਲ ਸਿੰਘ ਦੀ ਰਣਨੀਤੀ ਅਤੇ ਦੈਵੀ ਰਾਜਨੀਤੀ ਦਾ ਗੰਭੀਰ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਧਰਮਯੁੱਧ ਦੌਰਾਨ ਇੱਕ ਅਜਿਹਾ ਸਮਾਂ ਵੀ ਆਇਆ ਜਦੋਂ ਸਾਰੀ ਕੌਮ ਦੇ ਨੌਜਵਾਨ ਉਨ੍ਹਾਂ ਦੀ ਅਗਵਾਈ ਵਿੱਚ ਇਕੱਠੇ ਹੋ ਗਏ। ਉਸ ਸਮੇਂ ਅਨੇਕ ਵਿਰੋਧੀ ਮੰਚ ਉਤੇ ਆਏ। ਇਥੋਂ ਤੱਕ ਕਿ ਪਾਰਟੀ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਦੀ ਵੀ ਪੁੱਛ ਪ੍ਰਤੀਤ ਨਹੀਂ ਸੀ ਰਹਿ ਗਈ। ਧਰਮਯੁੱਧ ਮੋਰਚੇ ਲਈ ਗ੍ਰਿਫਤਾਰੀਆਂ ਦੇਣ ਵਾਲੇ ਨੌਜਵਾਨਾਂ ਲਈ ਖਿੱਚ ਅਤੇ ਪਿਆਰ ਦਾ ਕੇਂਦਰ ਸੰਤ ਜਰਨੈਲ ਸਿੰਘ ਹੀ ਸਨ। ਸਭ ਰਵਾਇਤੀ ਲੀਡਰ ਹਾਸ਼ੀਏ 'ਤੇ ਚਲੇ ਗਏ ਸਨ। ਨੌਜਵਾਨਾਂ ਦੀ ਸਾਰੀ ਦੀ ਸਾਰੀ ਪੀੜ੍ਹੀ ਨੇ ਰਵਾਇਤੀ ਲੀਡਰਾਂ ਨੂੰ ਇੱਕ ਤਰ੍ਹਾਂ ਨਾਲ ਰੱਦ ਕਰ ਦਿੱਤਾ ਸੀ। ਉਹ ਕੇਵਲ ਪਿਛਲੱਗ ਹੀ ਰਹਿ ਗਏ ਸਨ। ਇੱਕ ਨੌਜਵਾਨ ਨੇ ਸੁਝਾਅ ਦਿੱਤਾ ਕਿ ਪੰਥ ਦੀ ਵਰਤਮਾਨ ਲੀਡਰਸ਼ਿਪ ਨੂੰ ਭਾਵੇਂ ਰੱਦ ਨਾ ਕੀਤਾ ਜਾਵੇ ਪਰ ਹਾਲ ਦੀ ਘੜੀ ਉਨ੍ਹਾਂ ਤੋਂ ਇੱਕ ਸਤਿਕਾਰ ਵਾਲੀ ਦੂਰੀ ਜ਼ਰੂਰ ਬਣਾ ਲਈ ਜਾਵੇ।

ਮੀਟਿੰਗ ਦੌਰਾਨ ਜੁਝਾਰੂ ਲਹਿਰ ਦੇ ਇੱਕ ਨੌਜਵਾਨ ਨੇ ਜੋ ਉਸ ਦੌਰ ਦੇ ਉਤਰਾਵਾਂ-ਚੜ੍ਹਾਵਾਂ ਉਤੇ ਗੰਭੀਰ ਖੋਜ ਕਰ ਰਿਹਾ ਸੀ, ਉਸ ਨੇ ਯਾਦ ਕਰਾਇਆ ਕਿ ਇੱਕ ਵੇਲਾ ਅਜਿਹਾ ਵੀ ਆਇਆ ਸੀ ਜਦੋਂ ਅਨੰਦਪੁਰ ਸਾਹਿਬ ਵਿੱਚ 21 ਤੋਂ ਵੱਧ ਸਿੱਖਾਂ ਦੀਆਂ ਜਥੇਬੰਦੀਆਂ ਨੇ ਮਤੇ ਰਾਹੀਂ ਇਹ ਐਲਾਨ ਕੀਤਾ ਕਿ ਕੌਮ ਦੀ ਤਕਦੀਰ ਦਾ ਅੰਤਿਮ ਫੈਸਲਾ ਅਤੇ ਕੇਂਦਰ ਨਾਲ ਗੱਲਬਾਤ ਕਰਨ ਦੇ ਸਾਰੇ ਅਧਿਕਾਰ ਕੇਵਲ ਤੇ ਕੇਵਲ ਖਾੜਕੂਆਂ ਕੋਲ ਹੀ ਹਨ। ਇ੍ਹਨਾਂ ਜਥੇਬੰਦੀਆਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਜਥੇਬੰਦੀ ਵੀ ਸ਼ਾਮਿਲ ਸੀ। ਇਸ ਨੌਜਵਾਨ ਨੇ ਤਰਕ ਪੇਸ਼ ਕੀਤਾ ਕਿ ਜੇ ਅੱਜ ਵੀ ਨੌਜਵਾਨ ਦ੍ਰਿੜਤਾ ਨਾਲ ਇੱਕ ਹੋ ਜਾਣ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਕਿਸੇ ਸਮੇਂ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ ਨੂੰ ਮਿਲੀ ਜ਼ਬਰਦਸਤ ਹਮਾਇਤ ਨਾਲੋਂ ਵੀ ਕਿਤੇ ਵੱਧ ਹਮਾਇਤ ਨੌਜਵਾਨਾਂ ਦੀ ਜਥੇਬੰਦੀ ਨੂੰ ਮਿਲ ਸਕਦੀ ਹੈ।

ਸਾਰੀ ਬਹਿਸ ਕਿਨਾਰੇ ਲੱਗਦੀ ਵੇਖ ਕੇ ਇੱਕ ਨੌਜਵਾਨ ਨੇ ਸਵਾਲ ਕਰ ਦਿੱਤਾ ਕਿ ਅੱਜ ਤੇ ਹੁਣੇ ਹੀ ਇਹ ਫੈਸਲਾ ਕੀਤਾ ਜਾਵੇ ਕਿ ਉਹ ਕਿਹੜੀਆਂ ਪੰਜ ਬੇਦਾਗ ਸ਼ਖਸੀਅਤਾਂ ਹਨ ਜਿਨ੍ਹਾਂ ਨੂੰ ਨੌਜਵਾਨਾਂ ਦੀ ਜਥੇਬੰਦੀ ਦਾ ਸਰਪ੍ਰਸਤ ਬਣਾਇਆ ਜਾਵੇ? ਇਸ ਨੁਕਤੇ ਉਤੇ ਕਈ ਘੰਟੇ ਬਹਿਸ ਹੋਈ ਅਤੇ ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਕੇਵਲ ਤਿੰਨ ਨਾਂਅ ਹੀ ਇਸ ਸੂਚੀ ਵਿੱਚ ਸ਼ਾਮਿਲ ਹੋ ਸਕੇ। ਇਨ੍ਹਾਂ ਵਿੱਚੋਂ ਭਾਈ ਦਲਜੀਤ ਸਿੰਘ, ਦੂਜੇ ਪਹਿਰੇਦਾਰ ਅਖਬਾਰ ਦੇ ਸੰਪਾਦਕ ਭਾਈ ਜਸਪਾਲ ਸਿੰਘ ਹੇਰਾਂ ਅਤੇ ਤੀਜੇ ਭਾਈ ਹਰਸਿਮਰਨ ਸਿੰਘ ਦੇ ਨਾਂਅ ਸ਼ਾਮਿਲ ਹਨ। ਇਸ ਗੱਲ 'ਤੇ ਸਰਬਸਹਿਮਤੀ ਹੋਈ ਕਿ ਭਾਈ ਦਲਜੀਤ ਸਿੰਘ ਹੀ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੂੰ ਨਾ ਕੇਵਲ ਗੁਰਬਾਣੀ, ਸਿੱਖ ਇਤਿਹਾਸ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੀ ਗੰਭੀਰ ਤੇ ਬਰੀਕ ਸਮਝ ਹੈ ਸਗੋਂ ਉਨ੍ਹਾਂ ਦੀ ਕੁਰਬਾਨੀ ਦੀ ਹਰ ਨੌਜਵਾਨ ਕਦਰ ਕਰਦਾ ਹੈ। ਦੂਜਾ ਭਾਈ ਜਸਪਾਲ ਸਿੰਘ ਹੇਰਾਂ ਹਨ, ਜਿਨ੍ਹਾਂ ਨੇ ਪਿਛਲੇ ਇੱਕ ਦਹਾਕੇ ਤੋਂ ਲੱਗਭਗ 2000 ਸੰਪਾਦਕੀਆਂ ਵਿੱਚ ਪੰਥਕ ਏਕਤਾ ਲਈ ਹਾਅ ਦਾ ਨਾਅਰਾ ਮਾਰਿਆ ਹੈ ਪਰ ਜਥੇਬੰਦੀਆਂ ਦੀ ਹਉਮੈ ਹਰ ਵਾਰ ਜੇਤੂ ਹੋ ਕੇ ਨਿਕਲਦੀ ਰਹੀ। ਭਾਈ ਹਰਸਿਮਰਨ ਸਿੰਘ ਨੇ ਇੱਕ ਦਰਜਨ ਕਿਤਾਬਾਂ ਲਿਖ ਕੇ ਪੰਥ ਨੂੰ ਸਿਧਾਂਤ ਰੂਪ ਵਿੱਚ ਜਗਾਉਣ ਦੀ ਕੋਸ਼ਿਸ਼ ਕੀਤੀ ਹੈ ਅਤ ਉਹ ਇੱਕੋ ਇੱਕ ਵਿਅਕਤੀ ਹੈ ਜਿਸਨੇ ਅਕਾਲ ਤਖਤ ਅਤੇ ਸਰਬੱਤ ਖਾਲਸਾ ਦੀ ਰੂਪਰੇਖਾ ਬਾਰੇ ਕੀਮਤੀ ਸੁਝਾਵਾਂ ਨਾਲ ਭਰਪੂਰ ਪੁਸਤਕ ਪੱਥ ਦੀ ਝੋਲੀ ਵਿੱਚ ਪਾਈ। ਇਹ ਤਿੰਨੇ ਵਿਅਕਤੀ ਸਿੱਖਾਂ ਦੇ ਅੰਤਰੀਵ ਤੇ ਭੁੱਲੇ ਵਿਸਰੇ ਦਰਦ ਦੀ ਅਗਵਾਈ ਕਰ ਸਕਦੇ ਹਨ, ਹਾਲ ਦੀ ਘੜੀ ਇਨ੍ਹਾਂ ਤਿੰਨਾਂ ਨੂੰ ਹੀ ਨੌਜਵਾਨਾਂ ਦੇ ਜਜ਼ਬਿਆਂ ਦਾ ਪ੍ਰਤੀਨਿਧ ਮੰਨਿਆ ਜਾ ਸਕਦਾ ਹੈ। ਇਹ ਹੀ ਨੌਜਵਾਨਾਂ ਦੀ ਰੂਹ ਦੇ ਹਾਣੀ ਹਨ ਅਤੇ ਇਨ੍ਹਾਂ ਨੇ ਹੀ ਅਮਲ ਵਿੱਚ ਇਹ ਰੋਲ ਨਿਭਾਇਆ ਹੈ। ਮੀਟਿੰਗ ਦੌਰਾਨ ਇਹ ਵੀ ਫੈਸਲਾ ਹੋਇਆ ਕਿ ਪਹਿਰੇਦਾਰ ਨੂੰ ਖਾਲਸਾ ਪੰਥ ਦਾ ਸਾਂਝਾ ਅਖਬਾਰ ਐਲਾਨਿਆ ਜਾਵੇ ਅਤੇ ਦੇਸ਼-ਵਿਦੇਸ਼ ਵਿੱਚ ਵਸਦੇ ਵੀਰਾਂ ਨੂੰ ਇਸ ਅਖਬਾਰ ਦੀ ਮਾਇਕ ਸਹਾਇਤਾ ਲਈ ਅਤੇ ਇਸ ਨੂੰ ਉੱਚ ਕੋਟੀ ਦਾ ਮਿਆਰੀ ਅਖਬਾਰ ਬਣਾਉਣ ਲਈ ਖੁੱਲ੍ਹੇ ਦਿਲ ਨਾਲ ਮਾਇਕ ਸਹਾਇਤਾ ਦਿੱਤੀ ਜਾਵੇ।

ਮੀਟਿੰਗ ਵਿੱਚ ਕੁੱਲ ਫੈਸਲੇ ਸਰਬਸੰਮਤੀ ਨਾਲ ਸਰਬਸੰਮਤੀ ਨਾਲ ਕੀਤੇ ਗਏ। ਮੀਟਿੰਗ ਨੇ ਐਲਾਨ ਕੀਤਾ ਕਿ ਜਥੇਬੰਦੀ ਦਾ ਉਦੇਸ਼ ਕੇਵਲ ਤੇ ਕੇਵਲ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿੱਚ ਇਨਕਲਾਬੀ ਸੁਧਾਰ ਕਰਨੇ ਹਨ ਅਤੇ ਇਸ ਦੇ ਸਰੂਪ ਨੂੰ ਪੰਥਕ ਸਰੂਪ ਬਣਾਇਆ ਜਾਵੇਗਾ। ਇਸ ਉਦੇਸ਼ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਇਹ ਨਵੀਂ ਜਥੇਬੰਦੀ ਹੀ ਪੰਥਕ ਉਮੀਦਵਾਰਾਂ ਦੀ ਚੋਣ ਕਰੇਗੀ ਅਤੇ ਉਨ੍ਹਾਂ ਨੂੰ ਜਿਤਾ ਕੇ ਇਸ ਸੰਸਥਾ ਵਿੱਚ ਭੇਜੇਗੀ। ਇਸ ਉਦੇਸ਼ ਲਈ ਤਮਾਮ ਜਥੇਬੰਦੀਆਂ ਤੇ ਸੁਹਿਰਦ ਵਿਅਕਤੀਆਂ ਦਾ ਸਹਿਯੋਗ ਲਿਆ ਜਾਵੇਗਾ ਪਰ ਅੰਤਿਮ ਫੈਸਲਾ ਕਰਨ ਦਾ ਅਧਿਕਾਰ ਕੇਵਲ ਤੇ ਕੇਵਲ ਜਥੇਬੰਦੀ ਕੋਲ ਹੀ ਹੋਵੇਗਾ। ਇਸ ਤੋਂ ਇਲਾਵਾ ਇਹ ਫੈਸਲਾ ਵੀ ਕੀਤਾ ਗਿਆ ਕਿ ਨਵੀਂ ਜਥੇਬੰਦੀ ਅਕਾਲ ਤਖਤ ਵੱਲੋਂ ਪ੍ਰਵਾਨਿਤ ਪੰਥਕ ਰਹਿਤ ਮਰਿਆਦਾ 'ਤੇ ਹੀ ਪਹਿਰਾ ਦੇਵੇਗੀ ਅਤੇ ਇਸੇ ਮਰਿਆਦਾ ਉਤੇ ਰਹਿ ਕੇ ਸਾਰੇ ਪੰਥ ਨੂੰ ਇਕੱਠਿਆਂ ਕਰੇਗੀ। ਰਾਗਮਾਲਾ ਅਤੇ ਦਸਮ ਗ੍ਰੰਥ ਵਰਗੇ ਮੁੱਦਿਆਂ ਬਾਰੇ ਕਿਸੇ ਵੀ ਫੈਸਲੇ ਨੂੰ ਉਸ ਸਮੇਂ ਤੱਕ ਅੱਗੇ ਪਾਇਆ ਜਾਵੇਗਾ ਜਦੋਂ ਤੱਕ ਪੰਥਕ ਹਸਤੀਆਂ ਦਾ ਰੌਸ਼ਨ-ਦਿਮਾਗ ਅਤੇ ਵਿਵੇਕ ਬੁੱਧ ਉੱਚੀ ਅਵਸਥਾ ਨੂੰ ਹਾਸਿਲ ਨਹੀਂ ਕਰ ਲੈਂਦੀ। ਸੰਤ ਸੰਪ੍ਰਦਾਵਾਂ, ਸਿੱਖਾਂ ਦੀਆਂ ਪਾਰਟੀਆਂ, ਸੰਸਥਾਵਾਂ ਤੇ ਸਿੱਖ ਪੰਥ ਵਿੱਚ ਸਤਿਕਾਰਤ ਵਿਅਕਤੀਆਂ ਦੀ ਨਾ ਹੀ ਅੰਨ੍ਹੇਵਾਹ ਹਮਾਇਤ ਕੀਤੀ ਜਾਵੇਗੀ ਅਤੇ ਨਾ ਹੀ ਅੰਨ੍ਹੇਵਾਹ ਵਿਰੋਧਤਾ ਕੀਤੀ ਜਾਵੇਗੀ। ਉਨ੍ਹਾਂ ਸਭਨਾਂ ਨੂੰ ਨਵੀਂ ਜਥੇਬੰਦੀ ਦੀ ਅਗਵਾਈ ਵਿੱਚ ਪੰਥਕ ਏਕਤਾ ਲਈ ਲਗਾਤਾਰ ਬੇਨਤੀਆਂ ਕਰਨ ਦਾ ਸਿਲਸਿਲਾ ਜਾਰੀ ਰਹੇਗਾ। ਇਸ ਤੋਂ ਇਲਾਵਾ ਅੰਮ੍ਰਿਤਸਰ, ਚੰਡੀਗੜ੍ਹ, ਪਟਿਆਲਾ, ਬਠਿੰਡਾ ਤੇ ਫਿਰੋਜ਼ਪੁਰ ਵਿੱਚ ਜਥੇਬੰਦੀ ਦੇ ਦਫਤਰ ਕਾਇਮ ਕੀਤੇ ਜਾਣਗੇ ਜਿਥੇ 35 ਤੋਂ ਹੇਠਾਂ ਨੌਜਵਾਨਾਂ ਦੀ ਭਰਤੀ ਕੀਤੀ ਜਾਵੇਗੀ ਅਤੇ ਚੰਡੀਗੜ੍ਹ ਵਿੱਚ ਇਸ ਜਥੇਬੰਦੀ ਦੀ ਵੈਬਸਾਇਟ ਕਾਇਮ ਕਰ ਕੇ ਦੁਨੀਆਂ ਭਰ ਦੇ ਨੌਜਵਾਨਾਂ ਨੂੰ ਖਾਲਸਾਈ ਝੰਡੇ ਹੇਠ ਇਕੱਠੇ ਕਰਨ ਦੀ ਅਤੇ ਮਿਲ-ਬੈਠਣ ਦੀ ਮੁਹਿੰਮ ਆਰੰਭ ਕੀਤੀ ਜਾਵੇਗੀ।

ਇਸ ਮੀਟਿੰਗ ਦਾ ਸਭ ਤੋਂ ਦਿਲਚਸਪ ਪਹਿਲੂ ਇਹ ਸੀ ਕਿ ਉਨ੍ਹਾਂ ਨੌਜਵਾਨਾਂ ਦੀ ਸੂਚੀ ਅਖੀਰ 'ਤੇ ਤਿਆਰ ਕੀਤੀ ਗਈ, ਜਿਨ੍ਹਾਂ ਨੌਜਵਾਨਾਂ ਨੇ ਨਵੀਂ ਜਥੇਬੰਦੀਆਂ ਦੇ ਨਿਯਮ, ਸੰਵਿਧਾਨ ਅਤੇ ਹੋਰ ਜ਼ਰੂਰੀ ਮਾਮਲੇ ਤੈਅ ਕਰਨੇ ਹਨ। ਇਨ੍ਹਾਂ ਨੌਜਵਾਨਾਂ ਦੇ ਕੁਝ ਨਾਂਅ ਇਸ ਪ੍ਰਕਾਰ ਹਨ : ਭਾਈ ਪਪਲਪ੍ਰੀਤ ਸਿੰਘ, ਭਾਈ ਸਰਬਜੀਤ ਸਿੰਘ ਘੁਮਾਣ, ਭਾਈ ਅਮਰੀਕ ਸਿੰਘ ਮੁਕੇਰੀਆਂ, ਭਾਈ ਪਰਮਜੀਤ ਸਿੰਘ ਗਾਜ਼ੀ, ਭਾਈ ਸੇਵਕ ਸਿੰਘ, ਭਾਈ ਪ੍ਰਭਜੋਤ ਸਿੰਘ, ਭਾਈ ਮਨਜੀਤ ਸਿੰਘ, ਭਾਈ ਨੋਬਲਪ੍ਰੀਤ ਸਿੰਘ, ਭਾਈ ਅਨਭੋਲ ਸਿੰਘ, ਭਾਈ ਸੁਖਵਿੰਦਰ ਸਿੰਘ 'ਸੱਥ', ਭਾਈ ਗੁਰਜੰਟ ਸਿੰਘ, ਭਾਈ ਰਾਜਪਾਲ ਸਿੰਘ, ਭਾਈ ਬਲਜੀਤ ਸਿੰਘ 'ਵੰਗਾਰ', ਭਾਈ ਜਗਸੀਰ ਸਿੰਘ ਸੰਧੂ, ਭਾਈ ਬਘੇਲ ਸਿੰਘ, ਭਾਈ ਖੁਸ਼ਹਾਲ ਸਿੰਘ, ਭਾਈ ਹਰਪ੍ਰੀਤ ਸਿੰਘ। ਇਨ੍ਹਾਂ ਨਾਵਾਂ ਤੋਂ ਇਲਾਵਾ ਕੁਝ ਹੋਰ ਨਾਂਅ ਵੀ ਸ਼ਾਮਿਲ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਅੰਤਿਮ ਫੈਸਲਾ ਕਰਨਾ ਬਾਕੀ ਹੈ। ਜਦੋਂ ਇਹ ਪੁੱਛਿਆ ਗਿਆ ਕਿ ਇਸ ਮੀਟਿੰਗ ਵਿੱਚ ਕੌਣ ਕੌਣ ਵਿਅਕਤੀ ਸ਼ਾਮਿਲ ਹੋਏ ਤਾਂ ਸਬੰਧਿਤ ਵਿਅਕਤੀ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਅਤੇ ਇਹ ਵੀ ਦੱਸਿਆ ਕਿ ਜਿਨ੍ਹਾਂ ਨਾਵਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਉਨ੍ਹਾਂ ਵਿੱਚੋਂ ਕੋਈ ਵੀ ਵਿਅਕਤੀ ਇਸ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਹੈ।

ਇਸ ਪੱਤਰਕਾਰ ਨੂੰ ਇਹ ਵੀ ਦੱਸਿਆ ਗਿਆ ਕਿ ਇਸ ਨਵੀਂ ਸੂਚੀ ਬਾਰੇ ਕਾਫੀ ਮਿਹਨਤ ਕੀਤੀ ਗਈ ਹੈ ਅਤੇ ਉਸ ਤੋਂ ਪਿੱਛੋਂ ਹੀ ਇਨ੍ਹਾਂ ਨੌਜਵਾਨਾਂ ਦੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਹੀ ਫੈਸਲਾ ਕੀਤਾ ਗਿਆ। ਉਸਨੇ ਇਹ ਵੀ ਦੱਸਿਆ ਕਿ ਇਹੋ ਹੀ ਨੌਜਵਾਨ ਹੋਰ ਨੌਜਵਾਨਾਂ ਨੂੰ ਸ਼ਾਮਿਲ ਕਰ ਕੇ ਨਵੀਂ ਜਥੇਬੰਦੀ ਬਾਰੇ ਫੈਸਲੇ ਕਰਨਗੇ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੌਜਵਾਨਾਂ ਦੀ ਸਹਿਮਤੀ ਲਈ ਗਈ ਹੈ ਤਾਂ ਉਨ੍ਹਾਂ ਨੇ ਨਾਂਹ ਵਿੱਚ ਜਵਾਬ ਦਿੱਤਾ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੌਜਵਾਨਾਂ ਨੂੰ ਇਕੱਠਿਆਂ ਕੌਣ ਕਰੇਗਾ ਤਾਂ ਉਨ੍ਹਾਂ ਕਿਹਾ ਕਿ ਇਕੱਠ 'ਪਹਿਰੇਦਾਰ' ਦੇ ਸੰਪਾਦਕ ਜਸਪਾਲ ਸਿੰਘ ਹੇਰਾਂ, ਭਾਈ ਦਲਜੀਤ ਸਿੰਘ, ਭਾਈ ਹਰਸਿਮਰਨ ਸਿੰਘ ਕਰ ਸਕਦੇ ਹਨ ਪਰ ਜੇ ਉਹ ਸਹਿਮਤ ਨਾ ਵੀ ਹੋਣ ਤਾਂ ਇਹ ਨੌਜਵਾਨ ਖੁਦ ਵੀ ਇਕੱਠੇ ਹੋ ਕੇ ਫੈਸਲੇ ਕਰ ਸਕਦੇ ਹਨ।

# ਨਵੇਂ ਬਣੇ ਵਜ਼ੀਰਾਂ 'ਚ ਮਨਭਾਉਂਦੇ ਬੰਗਲੇ ਲੈਣ ਦੀ ਹੋੜ

**ਚੰਡੀਗੜ੍ਹ/ਬਿਊਰੋ ਨਿਊਜ਼:**
ਆਪਣੇ ਮਨਪਸੰਦ ਵਿਭਾਗ ਨਾ ਮਿਲਣ ਤੋਂ ਸਤੇ ਪਏ ਨਵੇਂ ਬਣੇ ਮੰਤਰੀਆਂ ਦੇ ਰੋਹ ਨੂੰ ਦੇਖਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਮੰਤਰੀਆਂ ਨੂੰ ਉਨ੍ਹਾਂ ਦੀ ਸੀਨੀਅਰਤਾ ਅਨੁਸਾਰ ਸਰਕਾਰੀ ਬੰਗਲੇ ਦੇਣ ਦੀ ਨੀਤੀ ਸਖਤੀ ਨਾਲ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਹ ਜਾਣਕਾਰੀ ਮਿਲੀ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਦਫ਼ਤਰ ਨੂੰ ਕਿਹਾ ਹੈ ਕਿ ਸੀਨੀਅਰਤਾ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਕਿਸੇ ਵੀ ਮੰਤਰੀ ਦੀ ਬੇਨਤੀ ਨੂੰ ਤਰਜੀਹ ਨਾ ਦਿੱਤੀ ਜਾਵੇ।

ਇਸ ਤਰ੍ਹਾਂ ਕੁੱਝ ਮੰਤਰੀ ਜੋ ਮੁੱਖ ਮੰਤਰੀ ਦੇ ਕੋਟੇ ਵਿੱਚੋਂ ਸੈਕਟਰ ਦੋ ਅਤੇ ਸੈਕਟਰ ਸੱਤ ਵਿੱਚ ਸਥਿਤ ਬੰਗਲਿਆਂ ਉੱਤੇ ਨਜ਼ਰ ਟਿਕਾਈ ਬੈਠੇ ਸਨ, ਦੀਆਂ ਆਸਾਂ ਪੂਰੀਆਂ ਨਹੀਂ ਹੋਈਆਂ। ਨਤੀਜੇ ਵਜੋਂ 9 ਵਿੱਚੋਂ ਅੱਠ ਮੰਤਰੀਆਂ ਨੂੰ ਸੈਕਟਰ 39 ਵਿੱਚ ਬੰਗਲੇ ਅਲਾਟ ਕਰ ਦਿੱਤੇ ਗਏ ਹਨ। ਸਕੂਲ ਸਿੱਖਿਆ ਅਤੇ ਵਾਤਾਵਰਨ ਮੰਤਰੀ ਓਪੀ ਸੋਨੀ ਜੋ ਸੀਨਅਰਤਾ ਵਿੱਚ ਚੌਥੇ ਨੰਬਰ ਉੱਤੇ ਆਉਂਦੇ ਹਨ, ਨੂੰ ਸੈਕਟਰ 7 ਵਿੱਚ 69 ਨੰਬਰ ਆਲੀਸ਼ਾਨ ਬੰਗਲਾ ਮਿਲ ਗਿਆ ਹੈ। ਇਹ ਬੰਗਲਾ ਅਜੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਕੋਲ ਹੈ। ਉਨ੍ਹਾਂ ਕਿਹਾ ਹੈ ਕਿ ਉਹ ਬੰਗਲਾ ਖਾਲੀ ਕਰ ਦੇਣਗੇ।

ਰਾਣਾ ਗੁਰਜੀਤ ਸਿੰਘ ਤੋਂ ਇਲਾਵਾ ਨਵੇਂ ਬਣੇ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ, ਸੁਖਵਿੰਦਰ ਸਿੰਘ ਸਰਕਾਰੀਆ, ਗੁਰਪ੍ਰੀਤ ਸਿੰਘ ਕਾਂਗੜ, ਬਲਬੀਰ ਸਿੰਘ ਸਿੱਧੂ, ਵਿਜੈਇੰਦਰ ਸਿੰਗਲਾ, ਸੁੰਦਰ ਸ਼ਾਮ ਅਰੋੜਾ ਅਤੇ ਭਾਰਤ ਭੂਸ਼ਨ ਆਸ਼ੂ ਨੂੰ ਸੈਕਟਰ 39 ਵਿੱਚ ਬੰਗਲੇ ਅਲਾਟ ਹੋ ਗਏ ਹਨ ਅਤੇ ਇਨ੍ਹਾਂ ਨੂੰ ਅਗਲੇ ਮਹੀਨੇ ਇਨ੍ਹਾਂ ਦੀ ਮੁਰੰਮਤ ਬਾਅਦ ਕਬਜ਼ਾ ਮਿਲ ਜਾਵੇਗਾ।

# ਭਾਰਤੀ ਸਫਾਰਤਖਾਨੇ ਵਲੋਂ ਫਰਾਂਸ ਰਹਿੰਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਨਵੇਂ ਪਾਸਪੋਰਟ ਜਾਰੀ ਕਰਨ ਦਾ ਕੰਮ ਸ਼ੁਰੂ

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤੀ ਸਫਾਰਤਖਾਨੇ ਨੇ ਫਰਾਂਸ ਵਿੱਚ ਰਹਿੰਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਨਵੇਂ ਪਾਸਪੋਰਟ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਮਾਮਲਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ ਚੁੱਕਿਆ ਗਿਆ ਸੀ, ਜਿਸ ਮਗਰੋਂ ਇਹ ਪ੍ਰਕਿਰਿਆ ਸ਼ੁਰੂ ਹੋਈ ਹੈ। ਫਰਾਂਸ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਆਗੂਆਂ ਇਕਬਾਲ ਸਿੰਘ ਭੱਟੀ, ਚੀਮਾ ਬੇਗੋਵਾਲ, ਸੁਰਜੀਤ ਸਿੰਘ ਮਾਨਾ ਤੇ ਹਰਿੰਦਰਪਾਲ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰੇ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਇਹ ਮਾਮਲਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ ਚੁੱਕਿਆ, ਉਥੇ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਮਾਮਲਾ ਪ੍ਰਧਾਨ ਮੰਤਰੀ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ, ਜਿਸ ਦੇ ਨਤੀਜੇ ਵਜੋਂ ਇਹ ਮਸਲਾ ਹੱਲ ਹੋ ਸਕਿਆ। ਹੁਣ ਸਿੱਖ ਭਾਈਚਾਰੇ ਦੇ ਬੱਚਿਆਂ ਨੂੰ ਨਵੇਂ ਪਾਸਪੋਰਟ ਜਾਰੀ ਹੋ ਰਹੇ ਹਨ, ਬਲਕਿ ਸਫਾਰਤਖਾਨੇ ਨੇ ਇਹ ਵੀ ਭਰੋਸਾ ਦੁਆਇਆ ਹੈ ਕਿ ਉਨ੍ਹਾਂ ਪਰਿਵਾਰਾਂ ਨੂੰ ਵੀ ਨਵੇਂ ਪਾਸਪੋਰਟ ਜਾਰੀ ਕੀਤੇ ਜਾਣਗੇ, ਜਿਨ੍ਹਾਂ ਕੋਲ ਰਫਿਊਜੀ ਸਟੇਟਸ ਹੈ ਤੇ ਉਨ੍ਹਾਂ ਖ਼ਿਲਾਫ਼ ਭਾਰਤ ਵਿੱਚ ਕਿਸੇ ਵੀ ਤਰ੍ਹਾਂ ਦਾ ਕੇਸ ਦਰਜ ਨਹੀਂ ਹੈ।

ਜਨਮ ਦਿਵਸ 'ਤੇ ਵਿਸ਼ੇਸ਼

# ਪੰਥਕ ਨਾਇਕ ਜੱਸਾ ਸਿੰਘ ਰਾਮਗੜ੍ਹੀਆ : ਜੀਵਨ ਅਤੇ ਯੋਗਦਾਨ

**ਡਾ. ਗੁਰਮੀਤ ਸਿੰਘ**
ਰੀਡਰ, ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਿੱਖ ਇਤਿਹਾਸ ਦੇ ਨਾਇਕਾਂ ਵਿਚ ਜੱਸਾ ਸਿੰਘ ਰਾਮਗੜ੍ਹੀਆ ਅਜਿਹੇ ਜੋਧੇ ਸਨ ਕਿ ਉਸ ਵਲੋਂ ਕੀਤੇ ਕਾਰਨਾਮਿਆਂ ਦਾ ਜ਼ਿਕਰ ਕਰਦਿਆਂ ਅੱਜ ਹੈਰਾਨੀ ਹੁੰਦੀ ਹੈ ਕਿ ਕਿਵੇਂ ਉਸਨੇ ਮੁੱਠੀ ਭਰ ਸਿੰਘਾਂ ਦੀ ਮੱਦਦ ਨਾਲ ਵੱਖ-ਵੱਖ ਇਲਾਕਿਆਂ ਉੱਤੇ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਸਿੱਖ ਰਾਜ ਦੀ ਸਥਾਪਤੀ ਵਿਚ ਆਪਣਾ ਯੋਗਦਾਨ ਪਾਇਆ ਹੈ। ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਪਰਿਵਾਰ ਦਾ ਪਿਛੋਕੜ ਪੰਜਾਬ ਦੇ ਇਤਿਹਾਸ ਪਿੰਡ ਸੁਰ ਸਿੰਘ ਨਾਲ ਜੁੜਦਾ ਹੈ। ਅੰਮ੍ਰਿਤਸਰ ਜਿਲ੍ਹੇ ਦੀ ਤਹਿਸੀਲ ਪੱਟੀ ਵਿਚ ਪੈਂਦੇ ਇਸ ਪਿੰਡ ਨੂੰ ਸ਼ਹੀਦਾਂ ਅਤੇ ਫਕੀਰਾਂ ਦਾ ਪਿੰਡ ਕਿਹਾ ਜਾਂਦਾ ਹੈ। ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾਦਾ ਭਾਈ ਹਰਦਾਸ ਸਿੰਘ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਦੇ ਮੈਂਬਰ ਸਨ ਅਤੇ ਉਹ ਗੁਰੂ ਜੀ ਦੀ ਫੌਜ ਲਈ ਹੱਥਿਆਰ ਆਦਿ ਬਣਾਉਣ ਦਾ ਕੰਮ ਵੀ ਕਰਦਾ ਸੀ। ਹਰਦਾਸ ਸਿੰਘ ਦੇ ਦੋ ਪੁੱਤਰ ਸਨ ਭਗਵਾਨ ਸਿੰਘ ਤੇ ਸ. ਦਾਨ ਸਿੰਘ। ਜੱਸਾ ਸਿੰਘ, ਭਗਵਾਨ ਸਿੰਘ ਦਾ ਪੁੱਤਰ ਸੀ।

ਬਾਬਾ ਜੱਸਾ ਸਿੰਘ ਦਾ ਜਨਮ 5 ਮਈ 1723 ਉਸ ਸਮੇਂ ਹੋਇਆ ਜਦੋਂ ਪੰਜਾਬ ਵਿਚ ਮੁਗਲ ਹਕੂਮਤ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਤਹੱਈਆ ਕੀਤਾ ਹੋਇਆ ਸੀ। ਉਸਦੇ ਜੀਵਨ 'ਤੇ ਸੰਖੇਪ ਜਿਹੀ ਝਾਤ ਮਾਰਨ ਤੋਂ ਹੀ ਪਤਾ ਚੱਲ ਜਾਂਦਾ ਹੈ ਕਿ 'ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾਂ' ਦੇ ਅਖਾਣ ਨੂੰ ਉਸਨੇ ਆਪਣੀ ਜਿੰਦਗੀ ਦਾ ਅੰਗ ਬਣਾਇਆ ਹੋਇਆ ਸੀ। ਚੜ੍ਹਦੀ ਜਵਾਨੀ ਵਿਚ ਪਹਿਲੀ ਵਾਰ ਉਸਨੇ ਪੰਥਕ ਫੈਸਲੇ ਦੇ ਮੁਤਾਬਕ ਨਾਦਰ ਸ਼ਾਹ ਦੇ ਵਿਰੁੱਧ ਜ਼ਕਰੀਆ ਖਾਨ ਦੀ ਹਮਾਇਤ ਵਿਚ ਬਣੇ ਮੋਰਚੇ ਵਿਚ ਸ਼ਾਮਲ ਹੋ ਕੇ ਜੰਗ ਵਿਚ ਹਿਸਾ ਲਿਆ ਸੀ। ਇਸ ਤੋਂ ਪਿਛੋਂ ਉਹ ਮਰਦੇ ਦਮ ਤੱਕ ਜੰਗ ਦਰ ਜੰਗ ਦੇ ਅਮਲ ਵਿਚੋਂ ਗੁਜ਼ਰਦਾ ਗਿਆ ਅਤੇ ਜਿੱਤਾਂ ਦੇ ਝੰਡੇ ਗੱਡਦਾ ਗਿਆ ਸੀ।

ਬਾਬਾ ਜੱਸਾ ਸਿੰਘ ਦੀ ਜਿੰਦਗੀ ਵਿਚ ਪਹਿਲੀ ਜੰਗ ਜਿਥੇ ਉਸਦੀ ਬਹਾਦਰੀ ਦੀ ਪਰਖ ਸੀ ਉਥੇ ਇਸ ਜੰਗ ਵਿਚ ਉਸਦੇ ਪਿਤਾ ਦੀ ਸ਼ਹਾਦਤ ਵੀ ਹੋ ਗਈ ਸੀ ਜਿਸ ਨੇ ਉਸ ਦੇ ਸਿਦਕ ਨੂੰ ਵੀ ਸਿੱਖੀ ਦੀ ਤਿਖੀ ਧਾਰ 'ਤੇ ਮੁੱਢ ਵਿਚ ਹੀ ਪਰਖ ਲਿਆ ਸੀ। 1738 ਈਸਵੀ ਵਿਚ ਨਾਦਰ ਸ਼ਾਹ ਅਤੇ ਜ਼ਕਰੀਆ ਖਾਂ ਦੀਆਂ ਫੌਜਾਂ ਵਿਚ ਹੋਈ ਲੜਾਈ ਸਮੇਂ ਜੱਸਾ ਸਿੰਘ ਦੀ ਉਮਰ ਮਸਾਂ ਪੰਦਰਾਂ ਕੁ ਸਾਲਾਂ ਦੀ ਸੀ। ਇਸ ਜੰਗ ਵਿਚ ਵਿਖਾਈ ਬਹਾਦਰੀ ਕਰਕੇ ਛੋਟੀ ਉਮਰ ਵਿਚ ਹੀ ਉਸਨੇ ਵੱਡੇ ਲੀਡਰਾਂ ਵਾਲੇ ਗੁਣ ਗ੍ਰਹਿਣ ਕਰ ਲਏ ਸਨ। ਨਾਦਰ ਸ਼ਾਹ ਨਾਲ ਜ਼ਕਰੀਆ ਖਾਨ ਦੀ ਦੁਸ਼ਮਣੀ ਦਾ ਸਿੱਖਾਂ ਨੇ ਫਾਇਦਾ ਉਠਾਉਣਾ ਚਾਹਿਆ ਸੀ ਅਤੇ ਇਹ ਆਪਣੀ ਖਿੰਡੀ ਤਾਕਤ ਨੂੰ ਇਕੱਠਾ ਕਰਨ ਲੱਗੇ ਹੋਏ ਸਨ। ਜ਼ਕਰੀਆ ਖਾਨ ਦੀ ਸਿੱਖਾਂ ਨਾਲ ਸਾਂਝ ਥੋੜ੍ਹਾ ਚਿਰ ਹੀ ਰਹਿ ਸਕੀ। ਇਸ ਦੇ ਦੋ ਕਾਰਣ ਸਨ ਪਹਿਲਾ ਇਹ ਕਿ ਉਹ ਮਜਬੂਰੀ ਕਰਕੇ ਹੀ ਸਿੱਖਾਂ ਨੂੰ ਨਾਲ ਲੈ ਕੇ ਚੱਲ ਰਿਹਾ ਸੀ ਦੂਸਰਾ ਇਹ ਕਿ ਸਿੱਖਾਂ ਨੇ ਉਸ ਦੀ ਅਧੀਨਗੀ ਨੂੰ ਸਵੀਕਾਰ ਨਹੀਂ ਕੀਤਾ ਸੀ। ਬਲਕਿ ਸਿੱਖ ਆਪਣੇ ਆਪ ਨੂੰ ਮਜਬੂਤ ਕਰਦੇ ਜਾ ਰਹੇ ਸਨ। ਸਿੱਖ ਨਾਦਰ ਸ਼ਾਹ ਨਾਲ ਵੇਲਾ ਪਾ ਕੇ ਦੋ ਹੱਥ ਕਰਦੇ ਰਹਿੰਦੇ ਸਨ। ਬਾਬਾ ਜੱਸਾ ਸਿੰਘ ਨੇ ਇਸ ਸਮੇਂ ਦਾ ਸਭ ਤੋਂ ਵਧੇਰੇ ਲਾਭ ਉਠਾਇਆ ਸੀ। ਨਾਦਰ ਸ਼ਾਹ ਜਦੋਂ ਵੀ ਭਾਰਤ 'ਤੇ ਹਮਲਾ ਕਰਕੇ ਇਕੱਠੇ ਕੀਤੇ ਲੁੱਟ-ਮਾਰ ਦੇ ਸਮਾਨ ਨੂੰ ਲੈ ਕੇ ਲੰਘਦਾ ਸੀ ਤਾਂ ਸਿੱਖ ਉਸ 'ਤੇ ਟੁੱਟ ਪੈਂਦੇ ਸਨ। ਸਿੱਖਾਂ ਦੇ ਅਚਾਨਕ ਹਮਲਿਆਂ ਤੋਂ ਉਹ ਬੁਰੀ ਤਰ੍ਹਾਂ ਤੰਗ ਆ ਚੁੱਕਾ ਸੀ। ਦੁੱਖੀ ਹੋਏ ਨਾਦਰ ਸ਼ਾਹ ਨੇ ਸਿੱਖਾਂ ਬਾਰੇ ਜ਼ਕਰੀਆ ਖਾਨ ਤੋਂ ਪੁੱਛਿਆ ਸੀ ਕਿ ਹਮਲਾ ਕਰਨ ਵਾਲੇ ਲੋਕ ਕੌਣ ਹਨ ਤਾਂ ਜ਼ਕਰੀਆ ਖਾਨ ਨੇ ਕਿਹਾ ਸੀ "ਕਿ ਇਹ ਫਕੀਰਾਂ ਦਾ ਟੋਲਾ ਹੈ ਜੋ ਸਾਲ ਵਿਚ ਦੋ ਵਾਰ ਗੁਰੂ ਦੇ ਤਲਾਬ ਵਿਚ ਨਹਾਉਂਦੇ ਹਨ" ਨਾਦਰ ਸ਼ਾਹ ਦਾ ਅਗਲਾ ਸਵਾਲ ਸੀ ਕਿ ਇਹ ਰਹਿੰਦੇ ਕਿਥੇ ਹਨ ਤਾਂ ਜ਼ਕਰੀਆ ਖਾਨ ਨੇ ਕਿਹਾ ਕਿ "ਇਹ ਨਹੀਂ ਪਤਾ ਕਿ ਇਹ ਕਿਥੇ ਰਹਿੰਦੇ ਹਨ ਜਾਪਦਾ ਹੈ ਕਿ ਇਹ ਘੋੜਿਆਂ ਦੀਆਂ ਕਾਠੀਆਂ 'ਤੇ ਸੌਂਦੇ ਹਨ"।

ਜ਼ਕਰੀਆ ਖਾਨ ਦੀ ਕਹੀ ਇਹ ਗੱਲ ਬਾਬਾ ਜੱਸਾ ਸਿੰਘ ਦੇ ਜੀਵਨ 'ਤੇ ਪੂਰੀ ਤਰ੍ਹਾਂ ਢੁੱਕਦੀ ਹੈ ਉਸਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਤੋਂ ਪਤਾ ਚੱਲਦਾ ਹੈ ਕਿ ਉਹ ਕਦੇ ਵੀ ਟਿਕ ਕੇ ਬੈਠਣ ਵਾਲਾ ਨਹੀਂ ਸੀ। ਜ਼ਕਰੀਆ ਖਾਨ ਨੂੰ ਨਾਦਰ ਸ਼ਾਹ ਨੇ ਇਹ ਨਸੀਹਤ ਦਿੱਤੀ ਕਿ ਉਹ ਸਿੱਖਾਂ ਤੋਂ ਬਚ ਕੇ ਰਹੇ ਉਹ ਕਦੇ ਵੀ ਉਸਦੇ ਖਿਲਾਫ ਹੋ ਸਕਦੇ ਹਨ। ਜ਼ਕਰੀਆ ਖਾਨ ਦਾ ਆਪਣਾ ਡਰ ਵੀ ਸੀ ਜਿਸ ਕਰਕੇ ਉਸਨੇ ਸਿੱਖਾਂ ਨਾਲ ਕੀਤਾ ਸਮਝੌਤਾ ਤੋੜ ਦਿੱਤਾ ਤੇ ਉਹ ਸਿੱਖਾਂ ਦਾ ਵੈਰੀ ਬਣ ਗਿਆ ਸੀ। ਜ਼ਕਰੀਆ ਖਾਨ ਦੇ ਬੰਦਿਆਂ 'ਤੇ ਵੀ ਸਿੰਘਾਂ ਦੇ ਜਥੇ ਹਮਲੇ ਕਰਦੇ ਰਹਿੰਦੇ ਸਨ। 1745 ਈਸਵੀ ਵਿਚ ਜ਼ਕਰੀਆ ਖਾਨ ਦੀ ਮੌਤ ਹੋ ਗਈ ਅਤੇ ਇਸ ਤੋਂ ਪਿਛੋਂ ਉਸਦੇ ਪੁੱਤਰ ਸੱਤਾ ਹਥਿਆਉਣ ਲਈ ਆਪਸੀ ਲੜਾਈ ਵਿਚ ਉਲਝ ਗਏ ਸਨ ਜਿਸ ਦਾ ਸਿੱਖਾਂ ਨੂੰ ਫਾਇਦਾ ਹੋਇਆ। ਮੌਕਾ ਤਾੜ ਕੇ ਸਿੱਖਾਂ ਨੇ ਆਪਣੀ ਤਾਕਤ ਇਕੱਠੀ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਸਨ।

ਸਿੱਖਾਂ ਦੇ ਵੱਖ-ਵੱਖ ਜੱਥਿਆਂ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ 1748 ਈਸਵੀ ਵਿਚ ਦਲ ਖਾਲਸਾ ਕਾਇਮ ਕੀਤਾ। ਦਲ ਖਾਲਸੇ ਦੇ ਝੰਡੇ ਹੇਠ ਸਿੱਖਾਂ ਦੇ ਵੱਖ-ਵੱਖ ਜਥੇ ਇਕੱਠੇ ਹੋਣ ਲਈ ਰਜ਼ਾਮੰਦ ਹੋ ਗਏ ਸਨ। ਸਿੱਖਾਂ ਦੀ ਇਸ ਏਕਤਾ ਦਾ ਅਸਰ ਇਹ ਹੋਇਆ ਕਿ ਵੱਖ-ਵੱਖ ਇਲਾਕਿਆਂ ਵਿਚ ਰਹਿੰਦੇ ਸਿੱਖਾਂ ਨੇ ਪੰਜਾਬ ਵੱਲ ਪਰਤਣਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਸਿੱਖਾਂ ਦੇ ਵੱਖ-ਵੱਖ ਜੱਥਿਆਂ ਨੇ ਇਕੱਠੇ ਹੋ ਕੇ ਫੈਸਲਾ ਕੀਤਾ ਕਿ ਅੰਮ੍ਰਿਤਸਰ ਵਿਖੇ ਇਕ ਕਿਲਾ ਉਸਾਰਿਆ ਜਾਵੇ। ਇਸ ਕਿਲੇ ਦਾ ਨਾਂ ਰਾਮ ਰੌਣੀ ਰੱਖਿਆ ਗਿਆ ਸੀ। ਸਿੱਖਾਂ ਲਈ ਇਹ ਕਿਲ੍ਹਾ ਯੁੱਧਨੀਤਕ ਲੋੜ ਸੀ ਤੇ ਇਸ ਬਾਰੇ ਫੈਸਲਾ ਹੋਣ ਤੋਂ ਤੁਰੰਤ ਪਿਛੋਂ ਸਿੱਖ ਸੰਗਤਾਂ ਨੇ ਇਸ ਕਿਲ੍ਹੇ ਦੀ ਉਸਾਰੀ ਕਰ ਦਿੱਤੀ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਅੰਮ੍ਰਿਤਸਰ ਵਿਖੇ ਰਾਮ ਰੌਣੀ ਦੇ ਕਿਲ੍ਹੇ ਦੀ ਉਸਾਰੀ ਵਿਚ ਅਤਿਅੰਤ ਸੇਵਾ ਕੀਤੀ। ਕਿਉਂਕਿ ਕਿਲ੍ਹਿਆ ਦੀ ਮਹੱਤਤਾ ਦਾ ਉਸ ਨੂੰ ਚੰਗਾ ਅਨੁਭਵ ਹੋ ਚੁੱਕਾ ਸੀ। ਸਭ ਤੋਂ ਪਹਿਲਾ ਕਿਲ੍ਹਾ ਰਾਵੀ ਦੇ ਕੰਢੇ 'ਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਉਦਮ ਨਾਲ ਬਣਿਆ ਸੀ। ਦਲ ਖਾਲਸਾ ਸਿੱਖਾਂ ਦੀ ਕੋਈ ਇਕਜੁਟ ਜਥੇਬੰਦੀ ਨਹੀਂ ਸੀ ਕੇਵਲ ਸਾਂਝੇ ਪੰਥਕ ਮਸਲਿਆਂ ਲਈ ਸਿੱਖ ਦਲ ਖਾਲਸੇ ਦੇ ਰੂਪ ਵਿਚ ਇਕੱਠੇ ਹੁੰਦੇ ਸਨ। ਇਸ ਸਮੇਂ ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ ਵੀ ਆਪੋ ਆਪਣੇ ਇਲਾਕਿਆਂ ਵਿਚ ਸਰਗਰਮ ਸਨ ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ। ਇਨ੍ਹਾਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਜੱਸਾ ਸਿੰਘ ਦੇ ਨਾਂ 'ਤੇ ਰਾਮਗੜ੍ਹੀਆ ਮਿਸਲ ਵਜੋਂ ਜਾਣੀ ਜਾਂਦੀ ਹੈ। ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ ਮਿਸਲ ਦੀ ਲੜਾਈ ਜੱਸਾ ਸਿੰਘ ਆਹਲੂਵਾਲੀਆ ਦੀ ਮਿਸਲ ਨਾਲ ਅਕਸਰ ਹੁੰਦੀ ਰਹਿੰਦੀ ਸੀ। ਆਪਸੀ ਲੜਾਈ ਦਾ ਜੱਸਾ ਸਿੰਘ ਰਾਮਗੜ੍ਹੀਆ ਨੂੰ ਕਈ ਵਾਰ ਖਮਿਆਜ਼ਾ ਵੀ ਭੁਗਤਣਾ ਪਿਆ ਸੀ ਪਰ ਦ੍ਰਿੜ ਇਰਾਦੇ ਕਰਕੇ ਇਹ ਵੱਡੇ ਸੰਕਟਾਂ ਵਿਚੋਂ ਵੀ ਨਿਕਲ ਜਾਂਦਾ ਸੀ। ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਵਿਚ ਦੂਸਰੀ ਪਰਖ ਉਸਨੂੰ ਪੰਥ ਵਿਚੋਂ ਛੇਕਣ ਦੀ ਕਾਰਵਾਈ ਸੀ। ਜੇਕਰ ਕਿਸੇ ਵਿਅਕਤੀ ਨੂੰ ਉਸ ਵਲੋਂ ਨਾ ਕੀਤੇ ਗਏ ਗੁਨਾਹ ਬਦਲੇ ਸਜ਼ਾ ਦਿੱਤੀ ਜਾਵੇ ਤਾਂ ਉਸਦਾ ਦਰਦ ਵਧੇਰੇ ਦੁਖਦਾਇਕ ਹੁੰਦਾ ਹੈ। ਬਾਬਾ ਜੱਸਾ ਸਿੰਘ ਦੇ ਘਰ ਦਿਆਂ ਨੇ ਵੀ ਉਸਦੀ ਲੜਕੀ ਨੂੰ ਮਾਰ ਦਿੱਤਾ ਸੀ। ਬਾਬਾ ਜੱਸਾ ਸਿੰਘ ਸਿਪਾਹੀ ਹੋਣ ਕਰਕੇ ਆਪ ਘਰੋਂ ਬਾਹਰ ਹੀ ਰਹਿੰਦਾ ਸੀ, ਇਸ ਲਈ ਇਹ ਜ਼ਰੂਰੀ ਨਹੀਂ ਕਿ ਇਸ ਕਤਲ ਵਿਚ ਉਸ ਦਾ ਹੱਥ ਹੋਵੇ। ਇਥੇ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਉਸ ਨੂੰ ਉਸ ਵੇਲੇ ਪੰਥ ਵਿਚੋਂ ਛੇਕੇ ਜਾਣ ਦੀ ਇਸ ਕਾਰਵਾਈ ਪਿਛੇ ਇਕੋ ਇਕ ਕਾਰਣ ਇਹ ਨਹੀਂ ਸੀ। ਦਰਅਸਲ ਰਾਮ ਰੌਣੀ ਦਾ ਕਿਲ੍ਹਾ ਬਣ ਗਿਆ ਸੀ। ਇਸ 'ਤੇ ਕਬਜ਼ੇ ਨੂੰ ਲੈ ਕੇ ਵੀ ਉਸ ਸਮੇਂ ਅੰਦਰੋਂ-ਅੰਦਰ ਜਦੋਜਹਿਦ ਚੱਲ ਰਹੀ ਸੀ। ਪੰਥ ਵਿਚੋਂ ਛੇਕੇ ਜਾਣ ਕਰਕੇ ਬਾਬਾ ਜੱਸਾ ਸਿੰਘ ਨੂੰ ਰਾਮ ਰੌਣੀ ਦਾ ਕਿਲਾ ਛੱਡਣਾ ਪਿਆ ਸੀ।



ਅਜਿਹੇ ਸੰਕਟਾਂ ਵਿਚੋਂ ਵੱਡੇ ਜਿਗਰੇ ਵਾਲੇ ਹੀ ਨਿਕਲ ਸਕਦੇ ਹਨ। ਬਾਬਾ ਜੱਸਾ ਸਿੰਘ ਹੌਸਲਾ ਨਹੀਂ ਹਾਰਿਆ ਸਗੋਂ ਆਪਣੇ ਪੰਥ ਨਾਲ ਸਾਂਝ ਦੀਆਂ ਤੰਦਾਂ ਨੂੰ ਆਪਣੇ ਸੀਨੇ ਅੰਦਰ ਸਮੋ ਕੇ ਅੱਗੇ ਵਧਿਆ। ਉਹ ਆਪਣੇ ਚਾਰ ਭਰਾਵਾਂ ਸਮੇਤ ਜਲੰਧਰ ਦੇ ਹਾਕਮ ਅਦੀਨਾਬੇਗ ਪਾਸ ਚਲਾ ਗਿਆ ਸੀ। ਅਦੀਨਾ ਬੇਗ ਬਾਬਾ ਜੱਸਾ ਸਿੰਘ ਦੀ ਬਹਾਦਰੀ ਦਾ ਕਾਇਲ ਸੀ ਅਤੇ ਉਸ ਨੂੰ ਇਹ ਯਕੀਨ ਸੀ ਕਿ ਸਿੱਖਾਂ ਨੇ ਉਸ ਨੂੰ ਆਪਣੇ ਪੰਥ ਵਿਚੋਂ ਛੇਕਿਆ ਹੋਇਆ ਹੈ ਅਤੇ ਇਸ ਕਰਕੇ ਇਸ ਨੂੰ ਲੋੜ ਪੈਣ 'ਤੇ ਸਿੱਖਾਂ ਖਿਲਾਫ ਵਰਤਿਆ ਜਾ ਸਕਦਾ ਹੈ।

1748 ਈਸਵੀ ਵਿਚ ਮੀਰ ਮਨੂੰ ਲਾਹੌਰ ਦਾ ਗਵਰਨਰ ਬਣਿਆ ਸੀ। ਇਸੇ ਸਾਲ ਸਿੱਖਾਂ ਨੇ ਅਹਿਮਦ ਸ਼ਾਹ ਅਬਦਾਲੀ ਲੁੱਟਿਆ ਸੀ। ਮੀਰ ਮਨੂੰ ਨੇ ਸਿੱਖਾਂ ਪ੍ਰਤੀ ਸਖਤਾਈ ਵਾਲੀ ਨੀਤੀ ਲਾਗੂ ਕੀਤੀ। ਮੀਰ ਮਨੂੰ ਹਰ ਛੋਟੇ ਵੱਡੇ ਫੌਜਦਾਰ ਨੂੰ ਹਦਾਇਤਾਂ ਕਰ ਦਿੱਤੀਆ ਸਨ ਕਿ ਉਹ ਸਿੱਖਾਂ ਫੜੇ ਜਾਂ ਮਾਰ ਦੇਵੇ। ਅਦੀਨਾ ਬੇਗ ਨੇ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦਿਆਂ ਸਿੱਖਾਂ ਦਾ ਪਿਛਾ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਦੁਸ਼ਮਣ ਦੇ ਦਬਾਅ ਦਾ ਮੁਕਾਬਲਾ ਕਰਨ ਲਈ ਬਹੁਤ ਸਾਰੇ ਸਿੱਖ ਅੰਮ੍ਰਿਤਸਰ ਵਿਖੇ ਰਾਮ ਰੌਣੀ ਦੇ ਕਿਲ੍ਹੇ ਵਿਚ ਜਾ ਵੜੇ ਸਨ ਅਤੇ ਇਨ੍ਹਾਂ ਦੀ ਗਿਣਤੀ ਪੰਜ ਸੌ ਦੱਸੀ ਜਾਂਦੀ ਹੈ। ਅਦੀਨਾ ਬੇਗ ਨੇ ਸਿੱਖਾਂ ਨੂੰ ਆਪਣਿਆਂ ਹੱਥੋਂ ਮਰਵਾਉਣ ਦੀ ਸਕੀਮ ਬਣਾਈ ਸੀ ਪਰ ਇਹ ਉਸ ਲਈ ਉਲਟੀ ਪੈ ਗਈ। ਬਾਬਾ ਜੱਸਾ ਸਿੰਘ ਨੇ ਅਦੀਨਾ ਬੇਗ ਦੀ ਫੌਜ ਵਿਚ ਸ਼ਾਮਲ ਹੋਣ ਕਰਕੇ ਕਿਲ੍ਹੇ ਨੂੰ ਘੇਰਾ ਤਾਂ ਪਾ ਲਿਆ ਸੀ ਪਰ ਉਸ ਸਮੇਂ ਉਸਨੇ ਸੋਚਿਆ ਹੋਵੇਗਾ ਕਿ ਜਦੋਂ ਇਹ ਕਿਲ੍ਹਾ ਤਾਂ ਸਿੱਖਾਂ ਦਾ ਬਚਾਅ ਕਰਨ ਲਈ ਬਣਾਇਆ ਸੀ ਪਰ ਇਸ ਵਿਚ ਇਕੱਠੇ ਕੀਤੇ ਉਸਦੇ ਭਰਾ ਮਾਰ ਦਿੱਤੇ ਜਾਣਗੇ। ਉਸ ਨੇ ਆਪਣੇ ਪੰਥ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕਿਲੇ ਅੰਦਰ ਘਿਰੇ ਸਿੰਘਾਂ ਦੀ ਮੱਦਦ ਕਰਨ ਦਾ ਫੈਸਲਾ ਲਿਆ ਅਤੇ ਮੌਕਾ ਤਾੜ ਕੇ ਉਹ ਆਪਣੇ ਹੱਥੀਂ ਤਿਆਰ ਕੀਤੇ ਕਿਲ੍ਹੇ ਅਤੇ ਇਸ ਅੰਦਰ ਘਿਰੇ ਸਿੱਖਾਂ ਦੀ ਮੱਦਦ 'ਤੇ ਆ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਅਦੀਨਾ ਬੇਗ ਦੀ ਫੌਜ ਨੂੰ ਮੂੰਹ ਦੀ ਖਾਣੀ ਪਈ। ਜੱਸਾ ਸਿੰਘ ਵਲੋਂ ਕੀਤੀ ਮੱਦਦ ਦਾ ਸਿੱਖਾਂ 'ਤੇ ਇਹ ਅਸਰ ਹੋਇਆ ਕਿ ਉਨ੍ਹਾਂ ਨੇ ਉਸਨੂੰ ਮੁੜ ਪੰਥ ਵਿਚ ਸ਼ਾਮਲ ਕਰ ਲਿਆ। ਇਸ ਤੋਂ ਝਟ ਬਾਅਦ 'ਰਾਮ ਰਾਉਣੀ' ਦਾ ਨਾਂ ਬਦਲ ਕੇ 'ਰਾਮ-ਗੜ੍ਹ' ਰੱਖ ਦਿੱਤਾ ਗਿਆ ਤੇ ਬਾਬਾ ਜੱਸਾ ਸਿੰਘ ਨੂੰ ਉਸਦਾ ਕਿਲ੍ਹੇਦਾਰ ਥਾਪਿਆ ਗਿਆ। ਇਸ ਦੇ ਨਾਲ ਹੀ ਜੱਸਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਰਾਮਗੜੀਏ ਕਿਹਾ ਜਾਣ ਲੱਗਾ।

ਉਸਦੇ ਜੀਵਨ ਨਾਲ ਇਕ ਹੋਰ ਇਤਿਹਾਸਕ ਘਟਨਾ ਵੀ ਜੁੜੀ ਹੋਈ ਹੈ ਕਿ ਉਸਨੇ ਬ੍ਰਾਹਮਣਾਂ ਦੀਆਂ ਬਹੂ-ਬੇਟੀਆਂ ਨੂੰ ਹਮਲਾਵਰਾਂ ਦੇ ਕਬਜੇ ਵਿਚੋਂ ਛੁਡਾ ਕੇ ਉਨ੍ਹਾਂ ਦੇ ਘਰੋਂ-ਘਰੀ ਪਹੁੰਚਾਇਆ ਸੀ। ਉਸਦਾ ਸਮੁੱਚਾ ਜੀਵਨ ਜੰਗਾਂ ਅਤੇ ਯੁੱਧਾਂ ਵਿਚ ਲੰਘਿਆ ਸੀ।

ਬਾਬਾ ਜੱਸਾ ਸਿੰਘ ਦੀ ਅਗਵਾਈ ਵਾਲੀ ਸਿੱਖ ਲਹਿਰ ਦਾ ਮਕਸਦ ਕਿਸੇ ਕੇਂਦਰੀ ਰਾਜ ਜਾਂ ਸਾਮਰਾਜ ਦੀ ਸਥਾਪਨਾ ਕਰਨਾ ਨਹੀਂ ਸੀ ਬਲਕਿ ਇਸ ਲਹਿਰ ਨੇ ਸਿੱਖ ਸਿਧਾਂਤਾਂ ਅਨੁਸਾਰ ਤਾਕਤਾਂ ਵਿਕੇਂਦਰੀਕਰਨ ਨੂੰ ਅਮਲ ਵਿਚ ਲਾਗੂ ਕੀਤਾ ਸੀ। ਉਹ ਜਿਹੜੇ ਇਲਾਕੇ ਜਿੱਤਾਦਾ ਸੀ ਉਨ੍ਹਾਂ ਨੂੰ ਅੱਗੋਂ ਆਪਣੇ ਕਿਸੇ ਵਫਾਦਾਰ ਨੂੰ ਸੌਂਪ ਕੇ ਅਗਲੀ ਮੁਹਿੰਮ ਲਈ ਤੁਰ ਪੈਂਦਾ ਸੀ। ਉਸ ਨੇ ਸਹੀ ਅਰਥਾਂ ਵਿਚ ਤਾਕਤਾਂ ਦੇ ਵਿਕੇਂਦਰੀਕਰਨ ਦੀ ਨੀਤੀ ਨੂੰ ਵਿਹਾਰ ਵਿਚ ਲਾਗੂ ਕੀਤਾ ਸੀ। ਅਜੋਕੇ ਰਾਜਨੀਤਕ ਸਿਧਾਂਤਾਂ ਵਿਚ ਤਾਕਤ ਦੇ ਵਿਕੇਂਦਰੀਕਰਨ ਦੀ ਗੱਲ ਸਿੱਖ ਲਹਿਰ ਤੋਂ ਤਕਰੀਬਨ ਦੋ ਸਦੀਆ ਪਿਛੋਂ ਸ਼ੁਰੂ ਹੋਈ ਹੈ ਅਤੇ ਇਹ ਵੀ ਮੁੱਖ ਤੌਰ 'ਤੇ ਸਿਧਾਂਤਕ ਪੱਧਰ 'ਤੇ ਹੀ ਚੱਲ ਰਹੀ ਹੈ। ਇਸਤੋਂ ਵਿਲੱਖਣ ਰੂਪ ਵਿਚ ਸਿੱਖਾਂ ਨੇ ਤਾਕਤ ਦੇ ਵਿਕੇਂਦਰੀਕਰਨ ਦੇ ਸਿਧਾਂਤ ਨੂੰ ਵਿਹਾਰ ਵਿਚ ਲਾਗੂ ਕੀਤਾ ਸੀ। ਜੱਸਾ ਸਿੰਘ ਨੇ ਆਪਣੀਆਂ ਸ਼ਕਤੀਆਂ ਵੀ ਆਪਣੀ ਫੌਜ ਵਿਚ ਵੰਡੀਆਂ ਹੋਈਆਂ ਸਨ।

ਬਾਬਾ ਜੱਸਾ ਸਿੰਘ ਨੇ ਆਪਣੇ ਹੱਥੀ ਹਾਸਲ ਕੀਤੀ ਹਕੂਮਤ ਨੂੰ ਗੁਰੂ ਦੀ ਮਿਹਰ ਸਮਝ ਕੇ ਗੁਰੂ ਦੇ ਨਾਂ 'ਤੇ ਆਪਣੀ ਹਕੂਮਤ ਚਲਾਈ। ਉਸਦੀ ਇਹ ਹਕੂਮਤ ਭਾਵੇਂ ਥੋੜ੍ਹਾ ਚਿਰ ਹੀ ਰਹਿ ਸਕੀ ਪਰੰਤੂ ਇਹ ਦੁਨਿਆਵੀ ਹਕੂਮਤ ਦੇ ਬਰਾਬਰ ਨਵੀਂ ਉਸਰਨ ਵਾਲੀ ਸਿੱਖ ਹਕੂਮਤ ਦਾ ਇਕ ਛੋਟਾ ਜਿਹਾ ਨਮੂਨਾ ਸੀ ਜੋ ਅਗੋਂ ਸਿੱਖ ਰਾਜ ਦੇ ਰੂਪ ਵਿਚ ਵਿਕਸਤ ਹੋਇਆ ਜਿਸਨੇ ਭਵਿੱਖ ਵਿਚ ਹੋਰ ਨਿਖਰਵੇਂ ਰੂਪ ਵਿਚ ਦੁਨੀਆਂ ਦੇ ਸਾਹਮਣੇ ਪੇਸ਼ ਹੋਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਜ ਦੇ ਸੰਕਲਪ ਨੂੰ ਵਿਹਾਰ ਵਿਚ ਲਾਗੂ ਕਰਨ ਲਈ ਸਿੱਖਾਂ ਨੂੰ ਉਸ ਸੁਪਨੇ ਦੇ ਹਾਣ ਦਾ ਹੋਣਾ ਪਵੇਗਾ। ਇਸ ਪਾਸੇ ਵੱਲ ਜੱਸਾ ਸਿੰਘ ਰਾਮਗੜ੍ਹੀਆ ਨੇ ਕੁਝ ਪਹਿਲਕਦਮੀਆਂ ਕੀਤੀਆਂ ਸਨ ਜਿਸ ਕਰਕੇ ਉਹ ਸਿੱਖਾਂ ਦਾ ਸਤਿਕਾਰਤ ਆਗੂ ਬਣ ਗਿਆ ਸੀ।

## ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਦੇ ਮਾਮਲੇ 'ਚ ਵੀ ਵੱਡੇ ਬਾਦਲ ਨੂੰ ਨਜ਼ਰ ਆਉਂਦੀ ਹੈ ਬਦਲਾਲਊ ਸਿਆਸਤ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਤੇ ਹੋਰਨਾਂ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਦੇ ਮਾਮਲੇ ਦੀ ਜਾਂਚ ਲਈ ਕੈਪਟਨ ਸਰਕਾਰ ਵੱਲੋਂ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਬਣਾਏ ਕਮਿਸ਼ਨ ਦੇ ਕੁੱਝ ਖੁਲਾਸਿਆਂ ਦੇ ਮਾਮਲੇ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਦਲਾਖੋਰੀ ਦੀ ਸਿਆਸਤ ਦਾ ਰਾਗ ਅਲਾਪਿਆ ਹੈ। ਇੱਕ ਬਿਆਨ ਰਾਹੀਂ ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਅਤੇ ਉਨ੍ਹਾਂ (ਬਾਦਲਾਂ) ਖ਼ਿਲਾਫ ਆਪਣੀ ਪੁਰਾਣੀ ਸਿਆਸੀ ਅਤੇ ਨਿੱਜੀ ਬਦਲਾਖੋਰੀ ਵਾਲੀ ਨੀਤੀ ਉੱਤੇ ਚੱਲ ਰਹੇ ਹਨ। ਸਾਬਕਾ ਮੁੱਖ ਮੰਤਰੀ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਹਾਈ ਕੋਰਟ ਦੇ ਇਸ ਸਾਬਕਾ ਜੱਜ ਨੇ ਕਾਂਗਰਸ ਸਰਕਾਰ ਦੇ ਹੱਥਾਂ ਵਿਚ ਖੇਡਣ ਵਾਲਾ 'ਬਦਲੇਖੋਰੀ ਦਾ ਸੰਦ' ਬਣ ਕੇ ਮੁਲਕ ਵਿੱਚ ਨਿਆਂਪਾਲਿਕਾ ਦੀ ਸ਼ਾਨ ਨੂੰ ਘਟਾਇਆ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 28 ਮਈ ਨੂੰ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਇਸ ਰਿਪੋਰਟ ਨੂੰ ਜਨਤਕ ਕਰਨ ਕਰਕੇ ਸਾਰਾ ਮਾਮਲਾ ਸ਼ੱਕੀ ਹੋ ਗਿਆ ਹੈ ਕਿਉਂਕਿ ਇਹ ਸਮਾਂ ਰਾਜਨੀਤਕ ਪੱਖ ਤੋਂ ਅਹਿਮ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਪਤਾ ਚੱਲਦਾ ਹੈ ਕਿ ਇਹ ਅਖੌਤੀ ਰਿਪੋਰਟ ਅਤੇ ਇਸ ਦੇ ਲੇਖਕ ਦੀ ਮਾਨਸਿਕਤਾ ਦਾ ਕਿੰਨਾ ਸਿਆਸੀਕਰਨ ਹੋ ਚੁੱਕਾ ਹੈ। ਜ਼ਿਕਰਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਪੜਤਾਲੀਆ ਰਿਪੋਰਟ ਵਿੱਚ ਸਾਬਕਾ ਮੁੱਖ ਮੰਤਰੀ ਦੀ ਭੂਮਿਕਾ 'ਤੇ ਸਵਾਲ ਉਠਾਏ ਗਏ ਹਨ।

ਪ੍ਰਕਾਸ਼ ਸਿੰਘ ਬਾਦਲ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ 'ਤੇ ਦੋਸ਼ ਲਾਇਆ ਕਿ ਇਸ ਸਾਬਕਾ ਜੱਜ ਨੇ ਦੋਗਲੀਆਂ ਗੱਲਾਂ ਕਰਕੇ ਨਿਆਂਪਾਲਿਕਾਂ ਦੇ ਨਾਂ ਦੀ ਦੁਰਵਰਤੋਂ ਕੀਤੀ ਹੈ ਅਤੇ ਇਨਸਾਫ਼ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਕਮਿਸ਼ਨ ਦੀ ਵਰਤੋਂ ਸਿਰਫ ਕਾਂਗਰਸ ਭਵਨ ਵਿੱਚ ਤਿਆਰ ਕੀਤੇ ਇੱਕ ਸਿਆਸੀ ਦਸਤਾਵੇਜ ਉੱਤੇ ਦਸਤਖ਼ਤ ਕਰਵਾਉਣ ਲਈ ਕੀਤੀ ਗਈ ਹੈ। ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਆਗੂਆਂ ਵਿਰੁੱਧ ਆਪਣੀ ਬਦਲੇਖੋਰੀ ਅਤੇ ਟਕਰਾਅ ਵਾਲੀ ਤਬਾਹਕੁਨ ਨੀਤੀ ਤੋਂ ਕੁੱਝ ਨਹੀਂ ਸਿੱਖਿਆ ਹੈ।

## ਸਿੱਖ ਸੰਗਠਨ ਨੇ ਪ੍ਰੋ. ਸਾਈਬਾਬਾ ਦੇ ਹੱਕ ਵਿੱਚ ਆਵਾਜ਼ ਉਠਾਈ

**ਸਰੀ/ਬਿਊਰੋ ਨਿਊਜ਼:**
ਕੈਨੇਡਾ ਦੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਯੂ. ਐੱਸ.ਓ.) ਵੱਲੋਂ ਦਿੱਲੀ ਯੂਨੀਵਰਸਿਟੀ ਦੇ ਅਪਾਹਜ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਗਈ ਹੈ। ਦੱਸਣਯੋਗ ਹੈ ਕਿ ਲੱਕ ਤੋਂ ਹੇਠਾਂ 90 ਫ਼ੀਸਦੀ ਤੱਕ ਅਪਾਹਜ ਇਹ ਪ੍ਰੋਫੈਸਰ ਮਾਓਵਾਦੀਆਂ ਦਾ ਸਮਰਥਕ ਹੋਣ ਦੇ ਦੋਸ਼ਾਂ ਹੇਠ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਕੈਨੇਡਾ ਵਿੱਚ ਲਗਭਗ ਇੱਕ ਹਜ਼ਾਰ ਲੋਕਾਂ ਨੇ ਪਟੀਸ਼ਨ 'ਤੇ ਦਸਤਖ਼ਤ ਕਰਕੇ ਪ੍ਰੋਫੈਸਰ ਦੀ ਰਿਹਾਈ ਲਈ ਕੌਮਾਂਤਰੀ ਦਖ਼ਲ ਦੀ ਮੰਗ ਕੀਤੀ ਹੈ। 'ਰੈਡੀਕਲ ਦੇਸੀ' ਵੱਲੋਂ ਲਾਂਚ ਕੀਤੀ। ਡਬਲਿਯੂ.ਐੱਸ.ਓ.ਦੇ ਪ੍ਰਧਾਨ ਮੁਖਬੀਰ ਸਿੰਘ ਨੇ ਜਾਰੀ ਬਿਆਨ ਰਾਹੀਂ ਕਿਹਾ ਕਿ ਸਾਈਬਾਬਾ ਨੂੰ ਜੇਲ੍ਹ ਵਿੱਚ ਬੰਦੀ ਬਣਾ ਕੇ ਰੱਖਣਾ ਅਤੇ ਉਸ ਨਾਲ ਕੀਤਾ ਜਾ ਰਿਹਾ ਸਲੂਕ ਮੰਦਭਾਗਾ ਹੈ।

# ਕਾਂਗਰਸ ਨਾਲ ਸਾਂਝ ਬਣੀ ਸੀਪੀਐੱਮ ਦੀ ਮਜਬੂਰੀ

**ਕੇ.ਵੀ. ਪ੍ਰਸਾਦ***

ਹਫਤਾ ਪਹਿਲਾਂ ਕੌਮੀ ਸਿਆਸਤ ਵਿੱਚ ਉਸ ਸਮੇਂ ਚੋਖ਼ਾ ਜੋਸ਼ ਭਰ ਗਿਆ ਜਦੋਂ ਭਾਰਤੀ ਮਾਰਕਸਵਾਦੀ ਪਾਰਟੀ (ਸੀਪੀਐੱਮ) ਵਿੱਚ ਕਾਂਗਰਸ ਪ੍ਰਤੀ ਪਹੁੰਚ ਨੂੰ ਲੈ ਕੇ ਆਪਸ ਵਿੱਚ ਜਵਾਰਭਾਟੇ ਵਾਂਗ ਟਕਰਾ ਰਹੇ ਦੋ ਦ੍ਰਿਸ਼ਟੀਕੋਣ ਆਖ਼ਰ ਕਾਂਗਰਸ ਦੇ ਹੱਕ ਵਿੱਚ ਝੁਕ ਗਏ। ਕਰੀਬ ਪੰਜਾਹ ਵਰ੍ਹੇ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੀ ਕਾਂਗਰਸ ਨਾਲ ਮਿਲ ਕੇ ਚੱਲਣ ਦੀ ਇੱਛਾ ਖ਼ਿਲਾਫ਼ ਵੱਖਰੀ ਬਣੀ ਸੀਪੀਐੱਮ ਨੇ ਹੁਣ ਹੈਦਰਾਬਾਦ ਵਿੱਚ ਪਾਰਟੀ ਕਾਂਗਰਸ ਦੌਰਾਨ ਇਹ ਪੈਂਤੜਾ ਮੱਲਣ ਨੂੰ ਤਰਜੀਹ ਦਿੱਤੀ ਕਿ ਸਭ ਤੋਂ ਪੁਰਾਣੀ ਪਾਰਟੀ, ਕਾਂਗਰਸ ਨਾਲ ਪੂਰੀ ਤਰ੍ਹਾਂ ਸਹਿਮਤੀ 'ਤੇ ਪਹੁੰਚੇ ਬਗੈਰ ਸਿਆਸੀ ਗਠਜੋੜ ਨਹੀਂ ਕੀਤਾ ਜਾਵੇਗਾ। ਇਜਲਾਸ ਵਿੱਚ ਬਹਿਸ-ਮੁਹਾਬਿਸੇ ਦੌਰਾਨ ਸਾਬਕਾ ਜਨਰਲ ਸਕੱਤਰ ਪ੍ਰਕਾਸ਼ ਕਰਤ ਦੀ ਅਗਵਾਈ ਹੇਠ ਕੇਰਲਾ ਧਾਰਾ ਵਾਲੇ ਕੱਟੜਵਾਦੀਆਂ ਨੇ ਕਾਂਗਰਸ ਨਾਲ ਗੱਠਜੋੜ ਨਾ ਕਰਨ ਦੀ ਵਕਾਲਤ ਜ਼ੋਰ-ਸ਼ੋਰ ਨਾਲ ਕੀਤੀ ਜਦੋਂਕਿ ਵਿਹਾਰਕ ਬੰਗਾਲ ਧਾਰਾ ਵਾਲਿਆਂ ਨੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਦੀ ਅਗਵਾਈ ਵਿੱਚ ਉਨ੍ਹਾਂ ਦੀਆਂ ਦਲੀਲਾਂ ਦਾ ਵਿਰੋਧ ਕੀਤਾ ਅਤੇ ਇਹ ਸਹਿਮਤੀ ਬਣਾਉਣ ਵਿੱਚ ਕਾਮਯਾਬ ਰਹੇ ਕਿ ਤਿੰਨ ਸਾਲਾਂ ਬਾਅਦ ਹੋਣ ਵਾਲੀ ਅਗਲੀ ਪਾਰਟੀ ਕਾਂਗਰਸ ਤੱਕ ਮੌਜੂਦਾ ਸਿਆਸੀ ਪਹੁੰਚ ਜਾਰੀ ਰਹੇਗੀ।

ਉਪਰੋਕਤ ਪਹੁੰਚਾਂ ਦੇ ਪੇਸ਼ਕਾਰਾਂ ਲਈ ਇਹ ਮੁਕੰਮਲ ਰਾਜ਼ੀਨਾਮੇ ਦਾ ਪ੍ਰਗਟਾਵਾ ਹੈ, ਜਿੱਥੇ ਬਹਿਸ-ਮੁਬਾਹਿਸੇ ਦੇ ਪਹਿਲੇ ਦੌਰ ਵਿੱਚ ਬਹੁਗਿਣਤੀ 'ਕੇਰਲਾ ਪੱਖੀਆਂ' ਨੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਗੱਲ ਰੱਖੀ ਪਰ ਘੱਟਗਿਣਤੀ 'ਬੰਗਾਲ ਪੱਖੀ' ਅੰਤ ਤੱਕ ਆਪਣੀ ਦਲੀਲ 'ਤੇ ਅੜੇ ਰਹੇ। ਇਨ੍ਹਾਂ ਵਿੱਚੋਂ ਕੋਈ ਵੀ ਕੈਂਪ ਆਪਣੀ ਜਿੱਤ ਦਾ ਦਾਅਵਾ ਕਰ ਸਕਦਾ ਹੈ, ਪਰ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਏਕਤਾ ਕਾਇਮ ਰੱਖਦਿਆਂ ਆਪਣਾ ਫਾਰਮੂਲਾ ਮਨਾਉਣ ਵਿੱਚ ਕਾਮਯਾਬ ਰਹੇ।

ਹੈਦਰਾਬਾਦ ਪਾਰਟੀ ਕਾਂਗਰਸ ਹੋਣ ਤੱਕ ਬੰਗਾਲ ਧਾਰਾ ਵਾਲਿਆਂ ਨੂੰ ਪਾਰਟੀ ਅੰਦਰ ਪੋਲਿਟ ਬਿਓਰੋ ਤੋਂ ਸੈਂਟਰਲ ਕਮੇਟੀ ਤੱਕ, ਲਗਾਤਾਰ ਕਈ ਝਟਕੇ ਲੱਗ ਚੁੱਕੇ ਸਨ ਜਿਸ ਵਿੱਚ "ਕਾਂਗਰਸ ਨਾਲ ਮਿਲ ਕੇ ਚੱਲਣ" ਦੇ ਖ਼ਿਲਾਫ਼ ਵੋਟਾਂ ਪਾਈਆਂ। ਫੈਸਲਾਕੁਨ ਵਿਰੋਧ ਜ਼ਿਆਦਾਤਰ ਕੇਰਲਾ ਅਤੇ ਹੋਰ ਦੱਖਣੀ ਰਾਜਾਂ ਦੇ ਕਾਮਰੇਡਾਂ ਵੱਲੋਂ ਹੋਇਆ ਜਿਨ੍ਹਾਂ ਦਾ ਇਹ ਸੋਚਣਾ ਸੀ ਕਿ ਇਸ ਤਰ੍ਹਾਂ ਕਰਨਾ ਤਾਂ ਮਾਰਕਸੀ ਵਿਚਾਰਧਾਰਾ ਦੀ ਬੇਅਦਬੀ ਕਰਨ ਵਰਗੀ ਹੀ ਗੱਲ ਹੋਵੇਗੀ। ਆਖ਼ਰਕਾਰ, ਕੇਰਲਾ ਜੋ ਸੀਪੀਐੱਮ ਦੀ ਅਗਵਾਈ ਵਾਲੇ ਖੱਬੇ ਜਮਹੂਰੀ ਮੋਰਚੇ ਦਾ ਤੀਜਾ ਵੱਡਾ ਗੜ੍ਹ ਹੈ, ਵਿੱਚ ਸੀਪੀਐੱਮ ਦੀ ਅਗਵਾਈ ਵਾਲੇ ਖੱਬੇ ਜਮਹੂਰੀ ਮੋਰਚੇ (ਐੱਲਡੀਐੱਫ) ਦਾ ਹਮੇਸ਼ਾ ਕਾਂਗਰਸ ਦੀ ਅਗਵਾਈ ਵਾਲੇ ਸੰਯੁਕਤ ਜਮਹੂਰੀ ਮੋਰਚੇ (ਯੂਡੀਐੱਫ) ਨਾਲ ਹਰ ਵਾਰ ਸਿੱਧਾ ਮੁਕਾਬਲਾ ਹੁੰਦਾ ਆ ਰਿਹਾ ਹੈ।

ਕਾਂਗਰਸ ਨਾਲ ਮਿਲ ਕੇ ਚੱਲਣ ਦੇ ਵਿਰੋਧ ਨੂੰ 2017 ਦੀਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਲੋਂ ਕੀਤੇ ਗਏ ਤਜਰਬੇ ਦੀ ਅਸਫਲਤਾ ਨੇ ਹੋਰ ਬਲ ਬਖ਼ਸ਼ਿਆ। ਇਹ ਚੋਣ ਸਮਝੌਤਾ ਯੇਚੁਰੀ ਦੀ ਅਗਵਾਈ ਹੇਠ ਸੀਪੀਐੱਮ ਅਤੇ ਰਾਹੁਲ ਦੀ ਅਗਵਾਈ ਵਿੱਚ ਕਾਂਗਰਸ ਦਰਮਿਆਨ ਹੋਇਆ ਸੀ। ਇਹ ਸਮਝੌਤਾ ਉਸ ਪਾਰਟੀ, ਭਾਵ ਸੀਪੀਐੱਮ ਲਈ ਸੋਚ ਤੋਂ ਬਾਹਰੀ ਗੱਲ ਸੀ ਜਿਸ ਨੇ 1970 ਵਿਆਂ ਵਿੱਚ ਪੱਛਮੀ ਬੰਗਾਲ ਅੰਦਰ ਇਸ ਸਭ ਤੋਂ ਪੁਰਾਣੀ ਪਾਰਟੀ (ਕਾਂਗਰਸ) ਖ਼ਿਲਾਫ਼ ਵੱਡੀ ਲੜਾਈ ਲੜੀ ਸੀ। ਜਿਵੇਂ ਜਿਵੇਂ ਦਿਨ ਬੀਤਦੇ ਗਏ ਅਤੇ ਕਾਮਰੇਡ ਹੈਦਰਾਬਾਦ ਵਿੱਚ ਜੁੜਨੇ ਸ਼ੁਰੂ ਹੋਏ, ਕੱਟੜਵਾਦੀਆਂ ਲਈ ਹਾਲਤ ਨਾਟਕੀ ਢੰਗ ਨਾਲ ਬਦਲ ਗਏ। ਭਾਰਤੀ ਜਨਤਾ ਪਾਰਟੀ ਨੇ ਤ੍ਰਿਪੁਰਾ ਵਿਚ ਸੀਪੀਐੱਮ



ਸਰਕਾਰ ਨੂੰ ਤਿੰਨ ਦਹਾਕਿਆਂ ਬਾਅਦ ਉਖੇੜ ਦਿੱਤਾ ਹੋਇਆ ਸੀ। ਇਸ ਉੱਤਰ-ਪੂਰਬੀ ਰਾਜ ਵਿੱਚ ਪਾਰਟੀ ਨੂੰ ਲੱਗੇ ਜ਼ਬਰਦਸਤ ਧੱਕੇ ਦਾ ਭਾਵ ਇਹ ਸੀ ਕਿ ਪਾਰਟੀ ਕੋਲ ਹੁਣ ਕੇਵਲ ਕੇਰਲਾ ਦਾ ਆਪਣਾ ਆਖ਼ਰੀ ਗੜ੍ਹ ਬਚਾਉਣ ਦਾ ਮੌਕਾ ਬਚਿਆ ਹੈ ਜਦੋਂਕਿ ਹੋਰ ਥਾਵਾਂ ਉਪਰ ਖੱਬੇ ਪੱਖੀ ਆਮ ਕਰ ਕੇ ਅਤੇ ਸੀਪੀਐੱਮ ਨੇ ਖਾਸ ਕਰ ਕੇ ਆਪਣਾ ਬਹੁਤ ਸਾਰਾ ਸਿਆਸੀ ਆਧਾਰ ਗੁਆ ਲਿਆ ਹੈ। ਹੈਦਰਾਬਾਦ ਇਜਲਾਸ ਸਮੇਂ ਪਾਰਟੀ ਕੋਲ ਬਹੁਤ ਘੱਟ ਤਰਜੀਹਾਂ ਬਚੀਆਂ ਸਨ, ਜਿਸ ਕਰ ਕੇ ਕੱਟੜਵਾਦੀ ਨੁੱਕਰੇ ਲੱਗ ਗਏ। ਆਮ ਚੋਣਾਂ ਵਿੱਚ ਇੱਕ ਸਾਲ ਰਹਿ ਗਿਆ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ, ਦੋਵਾਂ ਦੀ ਅਗਵਾਈ ਹੇਠ ਭਾਜਪਾ ਪੂਰੇ ਭਾਰਤ ਅੰਦਰ ਆਪਣੇ ਪੈਰ ਪਾਸਾਰ ਰਹੀ ਹੈ। ਹੁਣ ਮੁੱਖ ਵਿਰੋਧੀ ਸਪੱਸ਼ਟ ਹਨ। ਸਵਾਲ ਇਹ ਹੈ ਕਿ ਇਸ ਚੁਣੌਤੀ ਦਾ ਬਿਹਤਰੀਨ ਢੰਗ ਨਾਲ ਮੁਕਾਬਲਾ ਕਿਵੇਂ ਕਰਨਾ ਹੈ।

ਕਾਂਗਰਸ ਤੋਂ ਬਗੈਰ ਧਰਮ ਨਿਰਪੱਖ ਅਤੇ ਲੋਕਤੰਤਰੀ ਤਾਕਤਾਂ ਨੂੰ ਨਾਲ ਲੈ ਕੇ ਤੀਜਾ ਬਦਲ ਪੇਸ਼ ਕਰਨਾ ਅਮਲ ਵਿੱਚ ਆਉਣ ਯੋਗ ਨਹੀਂ ਹਾਲਾਂਕਿ ਸੀਪੀਐੱਮ ਆਪਣੇ ਸੰਘਰਸ਼ ਦੌਰਾਨ ਮਿਲੀਆਂ ਕੁਝ ਸੀਮਤ ਸਫਲਤਾਵਾਂ ਨੂੰ ਲੈ ਕੇ ਆਸ਼ਾਵਾਦੀ ਹੈ। ਇਹ ਸਫਲਤਾਵਾਂ ਮਹਾਰਾਸ਼ਟਰ ਵਿੱਚ ਮੁੰਬਈ ਅਤੇ ਮੱਧ ਪ੍ਰਦੇਸ਼ ਵਿੱਚ ਮੰਦਸੌਰ ਵਿਖੇ ਕਿਸਾਨਾਂ ਵੱਲੋਂ ਕੀਤੇ ਪ੍ਰਦਰਸ਼ਨ, ਝਾਰਖੰਡ ਵਿੱਚ ਆਦਿਵਾਸੀਆਂ ਜਾਂ ਹੋਰ ਕਈ ਥਾਵਾਂ ਉਪਰ ਹੋਏ ਅਜਿਹੇ ਲੋਕ ਸੰਘਰਸ਼, ਆਦਿ ਹਨ। ਇਨ੍ਹਾਂ ਨੂੰ ਕੌਮੀ ਪੱਧਰ ਤੱਕ ਲਿਜਾਣ ਲਈ ਵੱਡੇ ਉਪਰਾਲਿਆਂ ਦੀ ਲੋੜ ਹੈ।

ਸੀਪੀਐੱਮ ਦੀ ਇਸ ਤੋਂ ਪਹਿਲੀ, 21ਵੀਂ ਕਾਂਗਰਸ ਵਾਂਗ ਹੁਣ ਵੀ ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਨੂੰ ਆਪਣਾ ਕੇਂਦਰੀ ਨਿਸ਼ਾਨਾ ਮਿਥਿਆ ਹੈ ਅਤੇ ਨਵ-ਉਦਾਰਵਾਦੀ ਨੀਤੀਆਂ ਦੇ ਵਿਸਥਾਰ, ਹਿੰਦੂਤਵ ਦਾ ਏਜੰਡਾ ਅੱਗੇ ਵਧਾਉਣ ਅਤੇ ਸੰਵਿਧਾਨ ਦੇ ਲੋਕਤੰਤਰਿਕ ਧਰਮ ਨਿਰਪੱਖ ਢਾਂਚੇ ਨੂੰ ਖੋਰਾ ਲਾਉਣ ਲਈ ਵੀ ਇਸੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਕਾਂਗਰਸ ਵੱਲੋਂ ਨਵ-ਉਦਾਰਵਾਦੀ ਨੀਤੀਆਂ ਨੂੰ ਅੱਗੇ ਵਧਾਉਣ ਉਪਰ ਮਤਭੇਦ ਭਾਵੇਂ ਬਰਕਰਾਰ ਹਨ, ਪਰ ਇਸ ਦੀ ਭਾਜਪਾ ਦੀਆਂ ਅਜਿਹੀਆਂ ਨੀਤੀਆਂ ਨਾਲ ਤੁਲਨਾ ਖਤਮ ਹੋ ਗਈ ਹੈ। ਸੀਪੀਐੱਮ ਦਾ ਕਹਿਣਾ ਹੈ ਕਿ ਆਰਐੱਸਐੱਸ ਦੀ ਅਗਵਾਈ ਹੇਠ ਭਾਜਪਾ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਤੋਰ ਰਹੀ ਹੈ ਅਤੇ ਦਲਿਤਾਂ ਤੇ ਘੱਟ-ਗਿਣਤੀਆਂ ਉਪਰ ਹਮਲੇ ਜਾਰੀ ਹਨ, ਜਿਨ੍ਹਾਂ ਨੂੰ ਸਭ ਸੰਭਵ ਸਿਆਸੀ ਢੰਗਾਂ ਨਾਲ ਰੋਕਿਆ ਜਾਣਾ ਚਾਹੀਦਾ ਹੈ।

ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਦੀ ਚੁਣੌਤੀ ਦੇ ਟਾਕਰੇ ਲਈ ਸਾਰੀਆਂ ਧਰਮ ਨਿਰਪੱਖ ਤੇ ਲੋਕਤੰਤਰਿਕ ਤਾਕਤਾਂ ਨੂੰ ਇਕਮੁੱਠ ਕਰ ਕੇ ਤਿੰਨ ਪੜਾਵੀ ਰਣਨੀਤੀ ਉਪਰ ਸਹਿਮਤੀ ਬਣਾਉਣ ਦੀ ਲੋੜ ਹੈ- ਸਹਿਮਤੀ ਵਾਲੇ ਮੁੱਦਿਆਂ ਉਪਰ ਸੰਸਦ ਵਿੱਚ ਸਹਿਯੋਗ, ਸੰਸਦ ਦੇ ਬਾਹਰ ਫਿਰਕੂ ਚੁਣੌਤੀ ਦੇ ਮੁਕਾਬਲੇ ਲਈ ਲੋਕ ਸ਼ਕਤੀ ਜੁਟਾਉਣਾ ਅਤੇ ਸਾਰੇ ਵਰਗਾਂ, ਲੋਕਪੱਖੀ ਸੰਗਠਨਾਂ ਸਮੇਤ ਟਰੇਡ ਯੂਨੀਅਨਾਂ, ਬੁੱਧੀਜੀਵੀਆਂ, ਅਕਾਦਮੀਸ਼ਨਾਂ ਤੇ ਕਲਾਕਾਰਾਂ ਨੂੰ ਲੈ ਸਾਂਝੇ ਐਕਸ਼ਨ ਕਰਨਾ। ਸਿਆਸੀ ਮਤੇ ਦਾ ਨਿਚੋੜ ਇਉਂ ਹੈ: "ਇਉਂ ਮੁੱਖ ਕਾਰਜ ਸਾਰੀਆਂ ਧਰਮ ਨਿਰਪੱਖ ਤੇ ਲੋਕਤੰਤਰਿਕ ਤਾਕਤਾਂ ਨੂੰ ਇਕੱਠਿਆਂ ਕਰ ਕੇ ਭਾਜਪਾ ਅਤੇ ਇਸ ਦੇ ਭਾਈਵਾਲਾਂ ਨੂੰ ਹਰਾਉਣਾ ਹੈ। ਪਰ ਅਜਿਹਾ ਕਾਂਗਰਸ ਪਾਰਟੀ ਨਾਲ ਸਿਆਸੀ ਗੱਠਜੋੜ ਕੀਤੇ ਬਗੈਰ ਕਰਨਾ ਹੋਵੇਗਾ।" (ਇਹ ਵਾਕ ਇਸ ਵਾਕ ਨੂੰ ਕੱਟ ਕੇ ਸ਼ਾਮਲ ਕੀਤੇ ਗਿਆ: "ਉਂਜ, ਅਜਿਹਾ ਕਾਂਗਰਸ ਪਾਰਟੀ ਨਾਲ ਕੋਈ ਸਮਝੌਤਾ ਜਾਂ ਚੋਣ ਮੁਹਾਜ਼ ਬਣਾਏ ਬਗੈਰ ਕਰਨਾ ਹੋਵੇਗਾ।")

ਹੁਣ ਆਉਂਦਾ ਹੈ ਅਮਲੀ ਪੱਖ ਕਿ ਇਹ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ। ਸੀਪੀਐੱਮ ਦੀ ਅਗਵਾਈ ਹੇਠ ਖੱਬੀਆਂ ਪਾਰਟੀਆਂ ਮਹਿਸੂਸ ਕਰ ਰਹੀਆਂ ਹਨ ਕਿ ਤ੍ਰਿਪੁਰਾ ਵਿੱਚ ਹਾਰ ਤੋਂ ਬਾਅਦ ਇਸ ਰਾਜ ਦੀਆਂ ਦੋਵੇਂ ਲੋਕ ਸਭਾ ਸੀਟਾਂ ਉਪਰ ਕਬਜ਼ਾ ਬਣਾਈ ਰੱਖਣਾ ਵੱਡੀ ਚੁਣੌਤੀ ਹੈ। ਪੱਛਮੀ ਬੰਗਾਲ ਵਿੱਚ 2014 ਦੀਆਂ ਆਮ ਚੋਣਾਂ ਦੌਰਾਨ ਸੀਪੀਐੱਮ ਸਿਰਫ ਦੋ ਲੋਕ ਸਭਾ ਸੀਟਾਂ ਉਪਰ ਹੀ ਜਿੱਤ ਹਾਸਲ ਕਰ ਸਕੀ ਜਦੋਂਕਿ ਕਾਂਗਰਸ ਨੇ 4 ਸੀਟਾਂ ਜਿੱਤੀਆਂ ਸਨ। ਭਾਜਪਾ ਸੂਬੇ ਅੰਦਰ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਪਾਰਟੀ ਦੀ ਮੁੱਖ ਵਿਰੋਧੀ ਧਿਰ ਵਜੋਂ ਉੱਭਰੀ ਜਦੋਂਕਿ ਸੀਪੀਐੱਮ ਅਤੇ ਕਾਂਗਰਸ ਨੂੰ ਇਸ ਤੋਂ ਪਿਛਲੇ ਸਥਾਨ ਮਿਲੇ।

ਹੁਣ ਖੱਬੇ ਫਰੰਟ ਲਈ ਅਸਲੀ ਚੋਣ ਅਖਾੜਾ ਕੇਰਲਾ ਹੋਵੇਗਾ ਜਿੱਥੇ ਉਸ ਨੂੰ ਕਾਂਗਰਸ ਦੀ ਅਗਵਾਈ ਵਾਲੇ ਯੂਡੀਐੱਫ ਨਾਲ ਸਿੱਧਾ ਮੁਕਾਬਲਾ ਕਰਨਾ ਹੋਵੇਗਾ। ਇਥੇ ਆਰਐੱਸਐੱਸ ਦੀ ਹਮਾਇਤ ਪ੍ਰਾਪਤ ਭਾਜਪਾ ਤੀਜੇ ਨੰਬਰ 'ਤੇ ਕਾਫੀ ਪਿਛਾਂਹ ਹੈ। ਦੇਸ਼ ਦੇ ਹੋਰ ਸਾਰੇ ਹਿੱਸਿਆਂ ਵਿੱਚ ਵੀ ਸੀਪੀਐੱਮ ਆਪਣੇ ਉਮੀਦਵਾਰ ਆਪਣੀ ਹਾਜ਼ਰੀ ਦਿਖਾਉਣ ਖਾਤਰ ਖੜ੍ਹੇ ਕਰੇਗੀ ਅਤੇ ਜਿੱਥੇ ਇਸ ਦਾ ਕੋਈ ਦਾਅਵਾ ਜਾਂ ਆਧਾਰ ਨਹੀਂ, ਉੱਥੇ ਧਰਮ ਨਿਰਪੱਖ ਪਾਰਟੀਆਂ ਲਈ ਚੋਣ ਮੁਹਿੰਮ ਦਾ ਵਾਅਦਾ ਕਰੇਗੀ।

ਖੇਤਰੀ ਪਾਰਟੀਆਂ ਵਿੱਚੋਂ ਕੁਝ ਭਾਜਪਾ ਨਾਲ ਹਨ। ਬਾਕੀਆਂ ਨਾਲ ਸੀਪੀਐੱਮ ਅਤੇ ਖੱਬੇਪੱਖੀ ਪਹਿਲਾਂ ਵਾਂਗ ਆਪਣਾ ਤਾਲਮੇਲ ਜਾਰੀ ਰੱਖ ਸਕਦੇ ਹਨ, ਜਿਵੇਂ ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ, ਬਿਹਾਰ ਵਿੱਚ ਰਾਸ਼ਟਰੀ ਜਨਤਾ ਦਲ ਅਤੇ ਤਾਮਿਲਨਾਡੂ ਵਿੱਚ ਡੀਐੱਮਕੇ ਆਦਿ। ਇਹ ਖੇਤਰੀ ਪਾਰਟੀਆਂ ਆਪੋ-ਆਪਣੇ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਚੁਣੌਤੀ ਦੇਣ ਦੇ ਸਮਰੱਥ ਹਨ।

ਭਾਜਪਾ ਨੂੰ ਹਰਾਉਣ ਦੇ ਇਕ ਨੁਕਾਤੀ ਏਜੰਡੇ ਉਪਰ ਵਿਰੋਧੀ ਪਾਰਟੀਆਂ ਦੀ ਇਕਮੁੱਠਤਾ ਦੀ ਵਿਸ਼ਾਲ ਤਸਵੀਰ ਪੇਸ਼ ਕਰਨ ਦੇ ਬਾਵਜੂਦ ਕਾਂਗਰਸ ਨਾਲ ਸੀਟਾਂ ਦਾ ਲੈਣ-ਦੇਣ ਜਾਂ ਖੁੱਲ੍ਹੀ ਸਮਝ ਬਣਾਉਣਾ ਅਜੇ ਦੂਰ ਦੀ ਗੱਲ ਹੈ। ਬਿਨਾਂ ਸ਼ੱਕ 2015 ਦੀ ਪਾਰਟੀ ਲਾਈਨ ਉਪਰ ਬਹੁਤ ਘੱਟ ਤਰਜੀਹਾਂ ਹੋਣ ਦੇ ਬਾਵਜੂਦ ਪਾਰਟੀ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਪੱਛਮੀ ਬੰਗਾਲ ਵਿੱਚ ਸਭ ਤੋਂ ਪੁਰਾਣੀ ਪਾਰਟੀ (ਕਾਂਗਰਸ) ਨਾਲ ਅਣਚਾਹਿਆ ਸਮਝੌਤਾ ਕਰ ਕੇ ਬਹੁਤ ਸਾਰੇ ਸਿਆਸੀ ਮਾਹਿਰਾਂ ਨੂੰ ਹੈਰਾਨ ਕਰ ਦਿੱਤਾ ਸੀ। ਹੁਣ ਜਦੋਂ 2019 ਦੀਆਂ ਆਮ ਚੋਣਾਂ ਨੇੜੇ ਆ ਰਹੀਆਂ ਹਨ, ਕੌਣ ਜਾਣਦਾ ਹੈ ਕਿ ਵੱਖ ਵੱਖ ਪਾਰਟੀਆਂ ਕਿਵੇਂ ਇਕਜੁੱਟ ਹੋਣਗੀਆਂ। ਆਖ਼ਿਰਕਾਰ, ਇਹ ਕਹਾਵਤ ਵੀ ਤਾਂ ਹੈ- ਸਿਆਸਤ ਸੰਭਾਵਨਾਵਾਂ ਦੀ ਕਲਾ ਹੈ।

*ਲੇਖਕ 'ਦਿ ਟ੍ਰਿਬਿਊਨ' ਦਾ ਕਾਰਜਕਾਰੀ ਸੰਪਾਦਕ ਹੈ।

### ਹਾਸ ਵਿਅੰਗ

# ਬੋਲੋ ਚਮਚਿਆਂ ਦੀ ਜੈ

**ਬਲਦੇਵ ਸਿੰਘ ਆਜ਼ਾਦ**

ਅੱਜ ਦਾ ਯੁੱਗ ਚਮਚਿਆਂ ਦਾ ਯੁੱਗ ਹੈ। ਇਨ੍ਹਾਂ ਨੂੰ ਲੱਭਣ ਲਈ ਤੁਹਾਨੂੰ ਤਿੰਨ ਸੈੱਲਾਂ ਵਾਲੀ ਬੈਟਰੀ ਜਗਾਉਣ ਦੀ ਕੋਈ ਲੋੜ ਨਹੀਂ ਪੈਂਦੀ। ਇਹ ਤੁਹਾਨੂੰ ਹਰ ਥਾਂ ਹਰਲ-ਹਰਲ ਫਿਰਦੇ ਵਿਖਾਈ ਦੇ ਹੀ ਦਿੰਦੇ ਹਨ। ਲੀਡਰਾਂ ਤੇ ਅਫਸਰਾਂ ਦੀਆਂ ਕਾਰਾਂ ਦੀਆਂ ਬਾਰੀਆਂ ਖੋਲ੍ਹਣ ਵਾਲੇ, ਸਮਾਗਮਾਂ ਵਿੱਚ ਉਨ੍ਹਾਂ ਦੇ ਗਲ ਵਿੱਚ ਰੰਗ-ਬਿਰੰਗੇ ਹਾਰ ਪਾਉਣ ਵਾਲੇ ਅਤੇ ਉਨ੍ਹਾਂ ਅੱਗੇ ਦੋਵੇਂ ਹੱਥ ਜੋੜ ਹੀਂ...ਹੀਂ... ਹੀਂ.. ਕਰਨ ਵਾਲੇ ਸਭ ਚਮਚੇ ਹੀ ਹੁੰਦੇ ਹਨ। ਇਹ ਲੋਕਾਂ ਸਾਹਮਣੇ ਆਪਣੇ ਸਾਹਿਬ ਦੀ ਐਸੀ ਗੁੱਡੀ ਚੜ੍ਹਾਉਂਦੇ ਨ ਕਿ ਇੱਕ ਵਾਰ ਤਾਂ ਬਹਿਜਾ-ਬਹਿਜਾ ਕਰਾ ਦਿੰਦੇ ਹਨ। ਇਸ ਖ਼ੁਸ਼ੀ ਦੇ ਆਲਮ ਵਿੱਚ ਸਾਹਿਬ ਲੋਕ ਇਨ੍ਹਾਂ ਚਮਚਿਆਂ ਨੂੰ ਦਿਲ ਖੋਲ੍ਹ ਕੇ ਤਿਲ-ਫੁੱਲ ਭੇਟ ਕਰਦੇ ਹਨ। ਇਸ ਤਰ੍ਹਾਂ ਦੋਵੇਂ ਧਿਰਾਂ ਹੀ ਕੁਝ ਨਾ ਕੁਝ ਖੱਟ ਜਾਂਦੀਆਂ ਹਨ। ਸਾਹਿਬ ਲੋਕਾਂ ਦੀ ਚਮਚੀ ਵਾਲਾ ਝੱਸ ਪੂਰਾ ਹੋ ਜਾਂਦਾ ਹੈ ਅਤੇ ਚਮਚਿਆਂ ਨੂੰ ਚਮਚੀ ਮਾਰਨ ਕਰਕੇ ਚੇਅਰਮੈਨੀਆਂ, ਪ੍ਰਧਾਨਗੀਆਂ, ਸਕੱਤਰੀਆਂ, ਕੋਟੇ, ਤਰੱਕੀਆਂ, ਪਲਾਟ, ਘਾਲੇ-ਮਾਲੇ ਕਰਨ ਦੇ ਅਧਿਕਾਰ, ਨੋਟ ਕਮਾਉਣ ਵਾਲੀਆਂ ਸੀਟਾਂ ਆਦਿ ਪ੍ਰਾਪਤ ਹੋ ਜਾਂਦੀਆਂ ਹਨ। ਲੋਕਾਂ ਦੇ ਭਾਰੀ ਇਕੱਠ ਵਿੱਚ ਇੱਕ ਚਮਚਾ ਨੇਤਾ ਜੀ ਦੀ ਚਮਚੀ ਮਾਰ ਰਿਹਾ ਸੀ, "ਇਲਾਕਾ ਨਿਵਾਸੀ ਭੈਣੋਂ ਅਤੇ ਭਰਾਓ, ਤੁਸੀਂ ਬਹੁਤ ਹੀ ਭਾਗਾਂ ਵਾਲੇ ਹੋ, ਜਿਨ੍ਹਾਂ ਨੂੰ ਸ਼੍ਰੀ ਕਟੂਆ ਲਾਲ ਵਰਗੇ ਸੱਚੇ-ਸੁੱਚੇ, ਇਮਾਨਦਾਰ ਤੇ ਦੂਰਅੰਦੇਸ਼ ਨੇਤਾ ਮਿਲੇ ਹਨ। ਇਨ੍ਹਾਂ ਦੇ ਰੋਮ-ਰੋਮ ਵਿੱਚ ਲੋਕ ਭਲਾਈ ਦੀ ਭਾਵਨਾ ਭਰੀ ਹੋਈ ਹੈ। ਇਹ ਹਰ ਸਮੇਂ ਲੋਕਾਂ ਦੀ ਬਿਹਤਰੀ ਲਈ ਹੀ ਸਕੀਮਾਂ ਘੜਦੇ ਰਹਿੰਦੇ ਹਨ।



ਤੁਹਾਡੀ ਸਭ ਦੀ ਭਲਾਈ ਹਿੱਤ ਇਨ੍ਹਾਂ ਨੇ ਹੁਣ ਇੱਕ ਨਵਾਂ ਮਾਸਟਰ ਪਲਾਨ ਤਿਆਰ ਕੀਤਾ ਹੈ। ਜਦੋਂ ਇਹ ਲਾਗੂ ਹੋ ਗਿਆ, ਤਾਂ ਤੁਸੀਂ ਸਭ ਉਸੇ ਵੇਲੇ ਸਵਰਗਾਂ ਦੇ ਵਾਸੀ ਬਣ ਜਾਓਗੇ। ਤੁਸੀਂ ਪੂਰੀ ਤਰ੍ਹਾਂ ਚੈਨ ਦੀ ਜ਼ਿੰਦਗੀ ਬਤੀਤ ਕਰਿਆ ਕਰੋਗੇ। ਤੁਹਾਡੇ ਬੱਚੇ ਵੱਡੇ-ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹੋ ਜਾਣਗੇ! ਤੁਸੀਂ ਰੰਗ-ਬਿਰੰਗੀਆਂ ਕਾਰਾਂ 'ਤੇ ਝੂਟੇ ਲਿਆ ਕਰੋਗੇ। ਆਲੀਸ਼ਾਨ ਕੋਠੀਆਂ ਵਿੱਚ ਰਿਹਾ ਕਰੋਗੇ। ਧਰ-ਧਰ ਭੁੱਲਿਆ ਕਰੋਗੇ ਅਤੇ ਇਹ ਸਭ ਸਾਡੇ ਹਰਮਨ ਪਿਆਰੇ ਨੇਤਾ ਸ਼੍ਰੀ ਕਟੂਆ ਲਾਲ ਜੀ ਦੀ ਅਪਾਰ ਕ੍ਰਿਪਾ ਕਰਕੇ ਹੀ ਹੋਵੇਗਾ। ਸਾਡੇ ਨੇਤਾ ਕੈਸਾ ਹੋ-ਕਟੂਆ ਲਾਲ ਜੈਸਾ ਹੋ। ਸ਼੍ਰੀ ਕਟੂਆ ਲਾਲ ਜੀ ਕੀ ਜੈ, ਸ਼੍ਰੀ ਕਟੂਆ ਲਾਲ ਜੀ ਕੀ ਜੈ... ।" ਉਸ ਚਮਚੇ ਨੇ ਨੇਤਾ ਜੀ ਦੀ ਐਸੀ ਚਮਚੀ ਮਾਰੀ ਕਿ ਪੰਡਾਲ ਵਿੱਚ ਬੈਠੇ ਸਭ ਸਰੋਤੇ ਜੋਸ਼ ਵਿੱਚ ਆ ਕੇ ਉੱਚੀ-ਉੱਚੀ ਨਾਅਰੇ ਲਾਉਣ ਲੱਗ ਪਏ। "ਵੇਖ, ਸਾਲਾ ਬਿੱਲ ਬਤੌਰੀ ਜਿਹਾ ਕਿੱਡੇ-ਕਿੱਡੇ ਝੂਠ ਮਾਰੀ ਜਾ ਰਿਹੈ। ਕਟੂਏ ਲਾਲ ਵਰਗਾ ਭ੍ਰਿਸ਼ਟ, ਭੈੜਾ ਅਤੇ ਨਿਕੰਮਾ ਬੰਦਾ ਮੈਂ ਹੁਣ ਤੱਕ ਨਹੀਂ ਵੇਖਿਆ। ਲੋਕਾਂ ਨੂੰ ਤਾਂ ਇਹ ਪਿਛਲੇ ਕਈ ਸਾਲਾਂ ਤੋਂ ਵੇਚ-ਵੇਚ ਕੇ ਖਾਈ ਜਾ ਰਿਹੈ ਤੇ ਕਟੂਏ ਦਾ ਇਹ ਚਮਚਾ ਇਹਨੂੰ ਬੇਹੱਦ ਇਮਾਨਦਾਰ ਨੇਤਾ ਕਹਿ-ਕਹਿ ਕੇ ਵਡਿਆਈ ਜਾ ਰਿਹੈ। ਅਖੇ ਇਹਦੇ ਮਾਸਟਰ ਪਲਾਨ ਦੇ ਲਾਗੂ ਹੋ ਜਾਣ ਦੇ ਨਾਲ ਤੁਸੀਂ ਸਵਰਗਾਂ ਦੇ ਵਾਸੀ ਬਣ ਜਾਓਗੇ। ਝੂਠ ਮਾਰਨ ਲੱਗਿਆਂ ਬੰਦੇ ਨੂੰ ਕੁਝ ਨਾ ਕੁਝ ਜ਼ਰੂਰ ਸੋਚ ਲੈਣਾ ਚਾਹੀਦੈ...।"

"ਭਰਾ ਜੀ, ਇਹ ਚਮਚਾ ਸ਼੍ਰੀ ਕਟੂਆ ਲਾਲ ਜੀ ਦਾ ਮੁੱਖ ਬੁਲਾਰਾ ਹੈ। ਇਸ ਕਰਕੇ ਇਹਨੇ ਤਾਂ ਕਟੂਏ ਦੀ ਤਾਰੀਫ਼ ਕਰਨੀ ਹੀ ਹੋਈ। ਇਹ ਤਾਰੀਫ਼ ਕਿਸੇ ਨੂੰ ਚੰਗੀ ਲੱਗੇ ਜਾਂ ਭੈੜੀ ਲੱਗੇ-ਇਸ ਨਾਲ ਇਹਦਾ ਕੋਈ ਵਾਸਤਾ ਨਹੀਂ ਹੈ। ਇਨ੍ਹਾਂ ਸੇਵਾਵਾਂ ਬਦਲੇ ਹੀ ਸ਼੍ਰੀ ਕਟੂਆ ਲਾਲ ਨੇ ਆਪਣੇ ਇਸ ਚਮਚੇ ਨੂੰ ਚੇਅਰਮੈਨੀ ਬਖ਼ਸ਼ੀ ਹੈ। ਇਹ ਚਮਚਾ ਲੋਕਾਂ ਤੋਂ ਸ਼੍ਰੀ ਕਟੂਆ ਲਾਲ ਦੇ ਨਾਂ 'ਤੇ ਜਿੰਨੇ ਮਰਜ਼ੀ ਰੁਪਏ ਲੈ ਲਵੇ, ਇਹ ਇਹਦੀ ਆਪਣੀ ਹਿੰਮਤ ਹੈ। ਇਸ ਸਮੇਂ ਇਸ ਚਮਚੇ ਕੋਲ ਕੋਠੀਆਂ, ਕਾਰਾਂ, ਬਹਾਰਾਂ, ਮੌਜਾਂ ਹਨ ਤੇ ਇਹ ਸਭ ਚਮਚੀ ਮਾਰਨ ਕਰਕੇ ਹੀ ਹੈ...ਬੋਲੋ ਚਮਚੀ ਮਾਰਾਂ ਦੀ... ਜੈ...।"

"ਵੱਖ-ਵੱਖ ਵਿਭਾਗਾਂ ਦੇ ਦਫ਼ਤਰਾਂ ਵਿੱਚ ਚਮਚੇ ਆਪਣੀ ਹੋਂਦ ਅਕਸਰ ਹੀ ਵਿਖਾਉਂਦੇ ਹਿੰਦੇ ਹਨ। ਇੱਕ ਬਾਬੂ ਚਾਹ ਪਾਰਟੀ ਦੌਰਾਨ ਆਪਣੇ ਅਫਸਰ ਦੀ ਚਮਚੀ ਮਾਰਨ ਵਿੱਚ ਲੀਨ ਸੀ, "ਪਿਆਰੇ ਦੋਸਤੋ, ਆਪਾਂ ਬਹੁਤ ਹੀ ਲੱਕੀ ਹਾਂ, ਜਿਨ੍ਹਾਂ ਨੂੰ ਬਹੁਤ ਹੀ ਐਕਸਪਰਟ ਸਾਹਿਬ ਮਿਲੇ ਹਨ। ਇਨ੍ਹਾਂ ਦੀ ਲਗਨ, ਮਿਹਨਤ ਅਤੇ ਦਿਆਨਤਦਾਰੀ ਕਰਕੇ ਆਪਣੇ ਦਫ਼ਤਰ ਦੀ ਲੋਕਾਂ ਵਿੱਚ ਖ਼ੂਬ ਚਰਚਾ ਹੈ। ਜਿਹੜਾ ਵੀ ਵਿਜ਼ਟਰ ਇੱਕ ਵਾਰ ਆਪਣੇ ਸਾਹਿਬ ਨੂੰ ਮਿਲ ਲੈਂਦਾ ਹੈ, ਉਹ ਸਦਾ ਵਾਸਤੇ ਇਨ੍ਹਾਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਸਾਨੂੰ ਸਭ ਨੂੰ ਵਰਮਾ ਜੀ ਦੀ ਕਾਰਜ ਕੁਸ਼ਲਤਾ 'ਤੇ ਬੇਹੱਦ ਮਾਣ ਹੈ...।"

"ਬੜੀ ਚਮਚੀ ਮਾਰ ਰਿਹੈ ਯਾਰ ਅੱਜ ਤਾਂ ਗੋਇਲ ਆਪਣੇ ਬੌਸ ਦੀ।" ਇੱਕ ਬਾਬੂ ਧੀਮੀ ਸੁਰ ਵਿੱਚ ਬੋਲਦਾ ਹੈ।

"ਹੈ ਕਮਲਾ, ਚਮਚੀ ਮਾਰੇ ਵੀ ਕਿਉਂ ਨਾ? ਇਸੇ ਚਮਚੀ ਮਾਰਨ ਕਰਕੇ ਤਾਂ ਬੌਸ ਨੇ ਇਸ ਨੂੰ ਨੋਟ ਕਮਾਉਣ ਵਾਲੀ ਸੀਟ ਦੇ ਰੱਖੀ ਹੈ। ਬਾਕੀ ਸਾਰੀਆਂ ਮੁਰਗੀਆਂ ਬੌਸ ਕੋਲ ਇਸੇ ਗੋਇਲ ਦੇ ਰਾਹੀਂ ਹੀ ਫਸਦੀਆਂ ਹਨ। ਇਸ ਵਿੱਚੋਂ ਬਣਦਾ ਹਿੱਸਾ ਇਹਨੂੰ ਵੀ ਮਿਲਦਾ ਰਹਿੰਦੈ। ਨਾਲੇ ਹੁਣ ਇਸ ਚਮਚੇ ਦੀ ਪ੍ਰਮੋਸ਼ਨ ਵੀ ਡਿਊ ਹੈ। ਜਿੰਨੀ ਵੱਧ ਚਮਚੀ ਮਾਰੇਗਾ, ਓਨੀ ਹੀ ਛੇਤੀ ਇਹਦੀ ਪ੍ਰਮੋਸ਼ਨ ਹੋਵੇਗੀ...।" _ਜਾ ਬਾਬੂ ਪਹਿਲੇ ਮੂਹਰੇ ਸ਼ੀਸ਼ਾ ਕਰਦਾ ਹੈ। ਕਿਵੇਂ ਹੋ ਭਾਈ ਸਾਹਿਬ? ਬੜੀ ਛੇਤੀ ਗੰਭੀਰ ਜਿਹੇ ਹੋ ਗਏ ਓ! ਇਹ ਤਾਂ ਤੁਹਾਨੂੰ ਅਜੇ ਸੈਂਪਲ-ਨਮੂਨਾ ਹੀ ਵਿਖਾਇਆ ਹੈ। ਚਮਚੇ ਤਾਂ ਹਰ ਪਿੰਡ, ਹਰ ਸ਼ਹਿਰ, ਹਰ ਦਫ਼ਤਰ ਅਤੇ ਹਰ ਵਿਭਾਗ ਵਿੱਚ ਕੱਛੂਕੁੰਮੇ ਵਾਂਗ ਆਪੋ-ਆਪਣੀਆਂ ਸਿਰੀਆਂ ਕੱਢ ਕੇ ਮੌਕੇ ਦੀ ਤਾਕ ਵਿੱਚ ਤਿਆਰ-ਬਰ-ਤਿਆਰ ਬੈਠੇ ਹਨ। ਜਦੋਂ ਤੁਹਾਡਾ ਇਨ੍ਹਾਂ ਨਾਲ ਵਾਹ ਪਵੇਗਾ, ਤੁਸੀਂ ਆਪੇ ਹੀ ਇਨ੍ਹਾਂ ਤੋਂ ਜਾਣੂ ਹੋ ਜਾਓਗੇ। ਅਖੇ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ।

## ਲੰਗਰ 'ਤੇ ਜੀਐੱਸਟੀ ਤੋਂ ਰਾਹਤ ਬਾਰੇ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਦੀ ਸ਼੍ਰੋਮਣੀ ਕਮੇਟੀ ਵੱਲੋਂ ਕਰੜੀ ਨਿੰਦਾ

**ਅੰਮ੍ਰਿਤਸਰ/ਬਿਊਰੋ ਨਿਊਜ਼:** ਧਾਰਮਿਕ ਅਸਥਾਨਾਂ ਦੇ ਲੰਗਰਾਂ ਦੀ ਰਸਦ ਨੂੰ ਜੀਐੱਸਟੀ ਤੋਂ ਰਾਹਤ ਨਾ ਦਿੱਤੇ ਜਾਣ ਸਬੰਧੀ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਨਿੰਦਾ ਕਰਦਿਆਂ ਆਖਿਆ ਕਿ ਕੇਂਦਰ ਸਰਕਾਰ ਨੂੰ ਇਹ ਮਾਮਲਾ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿੱਚ ਮੁੜ ਵਿੱਤ ਮੰਤਰਾਲੇ ਨੂੰ ਪੱਤਰ ਭੇਜਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਕੇਂਦਰੀ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਵੱਲੋਂ ਇੱਕ ਬਿਆਨ ਰਾਹੀਂ ਸੰਕੇਤ ਦਿੱਤਾ ਗਿਆ ਹੈ ਕਿ ਧਰਮ ਅਸਥਾਨਾਂ ਦੇ ਲੰਗਰ ਦੀਆਂ ਰਸਦਾਂ ਨੂੰ ਜੀਐੱਸਟੀ ਤੋਂ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਇਸ ਬਿਆਨ ਦੀ ਸਖ਼ਤ ਨਿੰਦਾ ਕਰਦਿਆਂ ਆਖਿਆ ਕਿ ਇਹ ਫੈਸਲਾ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨਾਲ ਧੱਕਾ ਹੈ। ਉਨ੍ਹਾਂ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਦਾ ਇਹ ਤਰਕ ਕਿ ਲੰਗਰ ਦੀਆਂ ਰਸਦਾਂ ਨੂੰ ਜੀਐੱਸਟੀ ਮੁਕਤ ਕਰਨ ਨਾਲ ਟੈਕਸ ਚੋਰੀ ਹੋਵੇਗੀ, ਨੂੰ ਗਲਤ ਕਰਾਰ ਦਿੱਤਾ ਹੈ।

# ਭਾਰਤ-ਚੀਨ ਸਬੰਧਾਂ ਨੂੰ ਨਵਾਂ ਮੋੜ ਦੇਣ ਦਾ ਮੌਕਾ

**ਕੇ. ਸੀ. ਸਿੰਘ***

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ 27-28 ਅਪਰੈਲ ਨੂੰ ਚੀਨੀ ਸ਼ਹਿਰ ਵੂਹਾਨ ਵਿੱਚ ਗ਼ੈਰ-ਰਸਮੀ ਸੰਮੇਲਨ ਦੇ ਐਲਾਨ ਨੂੰ ਥੋੜ੍ਹੀ ਹੈਰਾਨੀ ਨਾਲ ਲਿਆ ਗਿਆ, ਹਾਲਾਂਕਿ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਖੜੋਤ ਟੁੱਟਣ ਦੇ ਸੰਕੇਤ ਫਰਵਰੀ ਤੋਂ ਮਿਲ ਰਹੇ ਸਨ। ਪਿਛਲੇ ਸਾਲ ਡੋਕਲਾਮ ਜ਼ਮੀਨੀ ਵਿਵਾਦ ਛਿੜਨ ਬਾਅਦ ਦੋਵਾਂ ਦੇਸ਼ਾਂ ਦੇ ਸਬੰਧ ਆਮ ਵਰਗੇ ਨਹੀਂ ਰਹੇ ਸਨ ਪਰ ਚੀਨੀ ਫ਼ੌਜ ਪਿਛਾਂਹ ਹਟਾਏ ਜਾਣ ਦੇ ਦਾਅਵੇ ਨੇ ਮੋਦੀ ਲਈ 'ਬਰਿਕਸ ਸੰਮੇਲਨ' ਵਿੱਚ ਹਿੱਸਾ ਲੈਣ ਲਈ ਰਾਹ ਪੱਧਰਾ ਕਰ ਦਿੱਤਾ ਸੀ। ਬਾਅਦ ਦੀਆਂ ਰਿਪੋਰਟਾਂ, ਜਿਨ੍ਹਾਂ ਨੂੰ ਭਾਰਤ ਨੇ ਨਹੀਂ ਨਕਾਰਿਆ, ਅਨੁਸਾਰ ਚੀਨ ਨੇ ਆਪਣੀ ਫ਼ੌਜ ਕੁਝ ਸੈਂਕੜੇ ਗਜ਼ ਹੀ ਪਿਛਾਂਹ ਹਟਾਈ ਸੀ ਜਿਹੜੀ ਪਹਿਲਾਂ ਨਾਲੋਂ ਵੱਧ ਗਿਣਤੀ ਵਿੱਚ ਵਿਵਾਦ ਵਾਲੇ ਖੇਤਰ ਵਿੱਚ ਪਰਤ ਆਈ ਹਾਲਾਂਕਿ ਹਰ ਸਾਲ ਸਰਦ ਰੁੱਤ ਸ਼ੁਰੂ ਹੋਣ ਸਮੇਂ ਇਹ ਤਿੱਬਤੀ ਪਠਾਰ ਖੇਤਰ ਵਿੱਚ ਵਾਪਸ ਚਲੀ ਜਾਂਦੀ ਸੀ।

ਉਪਰੋਕਤ ਹਾਲਾਤ ਦੇ ਨਾਲ ਨਾਲ ਚੀਨ ਦਾ ਸੰਸਾਰ ਮੰਚ ਉਪਰ ਵੀ ਭਾਰਤ ਪ੍ਰਤੀ ਰਵੱਈਆ ਨਹੀਂ ਬਦਲਿਆ। ਚੀਨ ਨੇ ਸੰਯੁਕਤ ਰਾਸ਼ਟਰ ਬੰਦਿਸ਼ਾਂ ਬਾਰੇ ਕਮੇਟੀ ਦੀ ਮੀਟਿੰਗ ਦੇ ਏਜੰਡੇ ਦੀ ਸੂਚੀ ਵਿੱਚ ਪਾਕਿਸਤਾਨ ਦੇ ਦਹਿਸ਼ਤਗਰਦ ਮਸੂਦ ਅਜ਼ਹਰ ਦਾ ਨਾਂ ਸ਼ਾਮਲ ਕੀਤੇ ਜਾਣ ਨੂੰ ਵੀਟੋ ਰਾਹੀਂ ਰੋਕ ਦਿੱਤਾ। ਪਰਮਾਣੂ ਸਪਲਾਇਰ ਗਰੁੱਪ (ਐੱਨਐੱਸਜੀ) ਦੀ ਮੈਂਬਰੀ ਲਈ ਭਾਰਤੀ ਦਾਅਵੇ ਦਾ ਵਿਰੋਧ ਵੀ ਜਾਰੀ ਰੱਖਿਆ। ਇੰਜ ਡੋਕਲਾਮ ਵਿਵਾਦ ਬਾਅਦ ਚੀਨ ਦੇ ਭਾਰਤ ਪ੍ਰਤੀ ਵਧੇਰੇ ਟਕਰਾਅ ਵਾਲੇ ਰਵੱਈਏ ਦਾ ਪ੍ਰਗਟਾਵਾ ਹੋ ਰਿਹਾ ਸੀ। ਦੋਵਾਂ ਦੇਸ਼ਾਂ ਦੀ ਸਰਹੱਦ, ਅਸਲ ਕੰਟਰੋਲ ਰੇਖਾ (ਐੱਲਏਸੀ) ਉਪਰ ਅਮਨ ਤੇ ਸਥਿਰਤਾ ਬਰਕਰਾਰ ਰੱਖਣ ਵਿੱਚ ਪ੍ਰਭਾਵਸ਼ਾਲੀ ਕਦਮ ਸਮਝੀਆਂ ਜਾਂਦੀਆਂ ਸਾਂਝੀਆਂ ਫ਼ੌਜੀ ਮਸ਼ਕਾਂ ਨੂੰ ਠੱਪ ਕਰਨਾ ਵੀ, ਚੀਨੀ ਚਿੜਚਿੜੇਪਣ ਦਾ ਪ੍ਰਗਟਾਵਾ ਹੈ।

ਦੋ ਵੱਡੀਆਂ ਏਸ਼ਿਆਈ ਤਾਕਤਾਂ ਦੇ ਸਬੰਧਾਂ ਵਿਚ ਆਏ ਨਿਘਾਰ ਨੂੰ ਠੱਲ੍ਹਣ ਲਈ ਹੁਣ ਭੂਗੋਲਿਕ-ਸਿਆਸੀ ਤਬਦੀਲੀਆਂ ਸ਼ੁਰੂ ਹੋ ਗਈਆਂ ਹਨ। ਆਸਟਰੇਲੀਆ, ਭਾਰਤ, ਜਪਾਨ ਤੇ ਅਮਰੀਕਾ ਵੱਲੋਂ ਬਣਾਇਆ ਗਰੁੱਪ 'ਦਿ ਕੁਆਡ' ਪਿਛਲੇ ਸਾਲ ਮੁੜ ਸਰਗਰਮ ਹੋਇਆ ਜਦੋਂਕਿ ਇਸ ਦੀ ਪਹਿਲੀ ਤੇ ਆਖ਼ਰੀ ਮੀਟਿੰਗ 2006 ਵਿੱਚ 'ਏਸ਼ੀਅਨ ਰੀਜਨਲ ਫੋਰਮ' (ਏਆਰਐੱਫ) ਦੇ ਸੰਮੇਲਨ ਮੌਕੇ ਵੱਖਰੇ ਤੌਰ 'ਤੇ ਹੋਈ ਸੀ। ਮੈਂ ਵਧੀਕ ਸਕੱਤਰ ਹੋਣ ਦੇ ਨਾਤੇ ਭਾਰਤੀ ਵਫ਼ਦ ਦੀ ਅਗਵਾਈ ਕੀਤੀ ਸੀ। ਉਸ ਸਮੇਂ ਅਤੇ ਹੁਣ ਵੀ, ਇਸ ਗਰੁੱਪ ਦੀ ਅਗਵਾਈ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ ਨੇ ਅਮਰੀਕੀ ਰਾਸ਼ਟਰਪਤੀ ਨਾਲ ਮਿਲ ਕੇ ਕੀਤੀ। ਉਦੋਂ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਅਤੇ ਹੁਣ ਡੋਨਲਡ ਟਰੰਪ ਵੀ ਇਸ ਗਰੁੱਪ ਪ੍ਰਤੀ ਹਿਚਕਿਚਾਹਟ ਦਿਖਾ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਆਸ ਹੈ ਕਿ ਚੀਨ ਕੋਰੀਅਨ ਖਿੱਤੇ ਦਾ ਪਰਮਾਣੂ ਵਿਵਾਦ ਸੁਲਝਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਉਦੋਂ ਤੇ ਹੁਣ, ਚੀਨ ਨੂੰ ਸੰਦੇਸ਼ ਬੜਾ ਸਪੱਸ਼ਟ ਸੀ ਕਿ ਚੀਨ ਵੱਲੋਂ ਇਕਤਰਫ਼ਾ ਕਾਰਵਾਈਆਂ ਕਰਦਿਆਂ ਦੱਖਣੀ ਸਮੁੰਦਰੀ ਖੇਤਰ ਅੰਦਰ ਆਪਣਾ ਘੇਰਾ ਵਧਾਉਣ ਲਈ, ਨਕਲੀ ਟਾਪੂ ਬਣਾ ਕੇ ਉਨ੍ਹਾਂ ਨੂੰ ਫ਼ੌਜੀ ਅੱਡਿਆਂ ਵਿੱਚ ਤਬਦੀਲ ਕਰਨਾ (ਜੋ ਨਾਲ ਲੱਗਦੇ ਕਰੀਬ ਅੱਧੀ ਦਰਜਨ ਦੇਸ਼ਾਂ ਦੀ ਪ੍ਰਭੂਸੱਤਾ ਦਾ ਨਿਰਾਦਰ ਹੈ) ਪ੍ਰਵਾਨ ਨਹੀਂ ਕੀਤਾ ਜਾਵੇਗਾ।

ਅਮਰੀਕਾ ਵਿੱਚ ਡੋਨਲਡ ਟਰੰਪ ਦੀ ਰਾਸ਼ਟਰਪਤੀ ਵਜੋਂ ਚੋਣ ਨੇ ਚੀਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅਮਰੀਕਾ ਇਕ ਪਾਸੇ ਰੂਸ ਨਾਲ ਟਕਰਾ ਵਧਾ ਰਿਹਾ ਹੈ, ਉੱਥੇ ਚੀਨ ਉੱਪਰ ਵੀ ਵਪਾਰ ਦੇ ਵੱਡੇ ਅਸੰਤੁਲਨ ਹੋਣ ਅਤੇ ਬੌਧਿਕ ਸੰਪਤੀ ਦੀ ਚੋਰੀ ਦੇ ਇਲਜ਼ਾਮ ਲਾ ਰਿਹਾ ਹੈ। ਉਸ ਵੱਲੋਂ ਉੱਤਰੀ ਕੋਰੀਆ ਦੇ ਸੁਪਰੀਮ ਆਗੂ ਕਿਮ ਜੌਂਗ-ਉਨ ਤੱਕ ਪਹੁੰਚ ਕਰਨਾ ਅਤੇ ਉਸ ਨਾਲ ਸਿੱਧੀ ਮੀਟਿੰਗ ਲਈ ਤਿਆਰ ਹੋਣਾ, ਚੀਨੀ ਰਣਨੀਤਕ ਗਿਣਤੀਆਂ-ਮਿਣਤੀਆਂ ਨੂੰ ਸੱਟ ਮਾਰਨਾ ਹੈ। ਸੀਆਈਏ ਦੇ ਮੁਖੀ ਅਤੇ ਅਮਰੀਕਾ ਦੇ ਸੰਭਾਵੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਵੱਲੋਂ ਕਿਮ ਨਾਲ ਮੁਲਾਕਾਤ ਕਰਨ ਦੇ ਅਰਥ ਹਨ ਕਿ ਅਮਰੀਕੀ ਖੇਡ ਬੜੀ ਤੇਜ਼ੀ ਨਾਲ ਖੇਡੀ ਜਾ ਰਹੀ ਹੈ। ਚੀਨ ਨੂੰ ਜਪਾਨ ਤੇ ਕੋਰੀਅਨ ਗਣਰਾਜ (ਦੱਖਣੀ ਕੋਰੀਆ) ਦਾ ਧਿਆਨ ਵੰਡਾਉਣ ਅਤੇ ਸਿੱਧਾ ਇਕ-ਦੂਜੇ ਦੇ ਨੇੜੇ ਆਉਣ ਦੇ ਰਾਹ ਵਿੱਚ ਵੱਡੇ ਅੜਿੱਕੇ ਉੱਤਰੀ ਕੋਰੀਆ ਦੇ ਖ਼ੁੱਸਣ ਦਾ ਵੀ ਫ਼ਿਕਰ ਪਵੇਗਾ। ਟਰੰਪ ਨੇ ਜਿਵੇਂ ਵਾਅਦਾ ਕੀਤਾ ਸੀ, ਉਸ ਉੱਪਰ ਅਮਲ ਕਰਦਿਆਂ ਅਮਰੀਕਾ-ਚੀਨ ਵਪਾਰ ਜੰਗ ਛੇੜ ਦਿੱਤੀ ਹੈ। ਅਮਰੀਕਾ ਨੇ ਮਾਰਚ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਅਸੰਤੁਲਨ ਘਟਾਉਣ ਲਈ ਚੋਣਵੇਂ ਚੀਨੀ ਉਤਪਾਦਾਂ ਉਪਰ 50 ਅਰਬ ਡਾਲਰ ਦਰਾਮਦ ਕਰ ਵਧਾ ਦਿੱਤੇ ਹਨ। ਅਮਰੀਕਾ ਦੇ ਖ਼ਜ਼ਾਨਾ ਵਿਭਾਗ ਨੂੰ ਕਿਹਾ ਗਿਆ ਹੈ ਕਿ ਚੀਨੀ ਨਿਵੇਸ਼ ਉਪਰ ਰੋਕਾਂ ਲਾਏ ਜਿਸ ਨੂੰ 'ਆਰਥਿਕ ਹਮਲੇ' ਤੋਂ ਸੁਰੱਖਿਆ ਵਜੋਂ ਕਦਮ ਐਲਾਨਿਆ ਗਿਆ ਹੈ।



2016 ਵਿੱਚ ਅਮਰੀਕਾ ਦੀ ਚੀਨ ਨੂੰ ਬਰਾਮਦ 115.6 ਅਰਬ ਡਾਲਰ ਸੀ, ਜਦੋਂਕਿ ਚੀਨ ਤੋਂ ਦਰਾਮਦ 462.4 ਅਰਬ ਡਾਲਰ ਮੁੱਲ ਦੀ ਹੋਈ। 385 ਅਰਬ ਡਾਲਰ ਦਾ ਇਹ ਵਪਾਰ ਘਾਟਾ ਅਮਰੀਕਾ ਦੇ ਸੰਸਾਰ ਪੱਧਰ ਦੇ ਕੁੱਲ ਵਪਾਰ ਘਾਟੇ ਦਾ ਅੱਧਾ ਹਿੱਸਾ ਬਣਦਾ ਹੈ। ਅਮਰੀਕਾ ਦੀਆਂ ਆਰਥਿਕ ਬੰਦਿਸ਼ਾਂ ਚੀਨੀ ਸਨਅਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੀਆਂ ਹਨ। ਮਸਲਨ, ਚੀਨ ਦੀ ਸਰਕਾਰੀ ਅਤੇ ਦੂਜੀ ਸਭ ਤੋਂ ਵੱਡੀ ਦੂਰ ਸੰਚਾਰ ਕੰਪਨੀ ਜ਼ੈੱਡਟੀਈ ਉਪਰ ਅਮਰੀਕਾ ਦੇ ਰਾਊਟਰ, ਸਰਵਰ ਤੇ ਮਾਈਕ੍ਰੋ-ਪ੍ਰੋਸੈੱਸਰ ਗ਼ੈਰਕਾਨੂੰਨੀ ਢੰਗ ਨਾਲ ਇਰਾਨ ਅਤੇ ਉੱਤਰੀ ਕੋਰੀਆ ਨੂੰ ਮੁੜ ਬਰਾਮਦ ਕਰਨ ਦੇ ਦੋਸ਼ ਹੇਠ ਰੋਕ ਲਾਈ ਗਈ ਸੀ। ਅੰਦਾਜ਼ਾ ਹੈ ਕਿ ਇਸ ਕੰਪਨੀ ਦੀ 80-90 ਫ਼ੀਸਦੀ ਉਤਪਾਦਨ ਨਿਰਭਰਤਾ ਅਮਰੀਕੀ ਉਤਪਾਦ ਪੁਰਜ਼ਿਆਂ ਉਪਰ ਹੈ।

ਮੋਦੀ ਸਰਕਾਰ ਨੇ ਸ਼ਾਇਦ ਮਹਿਸੂਸ ਕਰ ਲਿਆ ਹੈ ਕਿ ਚੀਨ ਨਾਲ ਵੈਰ-ਵਿਰੋਧ ਉਸ ਨੂੰ ਗੁਆਂਢੀ 'ਸਾਰਕ' ਦੇਸ਼ਾਂ ਨਾਲ ਨਜਿੱਠਣ ਵਿੱਚ ਮੁਸ਼ਕਿਲ ਵਧਾ ਸਕਦਾ ਹੈ। ਸ੍ਰੀਲੰਕਾ ਤੋਂ ਮਾਲਦੀਵ, ਤੇ ਹੁਣ ਨੇਪਾਲ ਤੱਕ, ਚੀਨ-ਭਾਰਤ ਮਤਭੇਦਾਂ ਨੂੰ ਆਰਥਿਕ ਤੇ ਰਣਨੀਤਕ ਲਾਹੇ ਲਈ ਵਰਤਿਆ ਜਾ ਰਿਹਾ ਹੈ। ਭਾਰਤ ਨੇ ਵੀ ਇਹ ਮਹਿਸੂਸ ਕੀਤਾ ਹੈ ਕਿ ਟਰੰਪ ਖ਼ੁਸ਼ਮਿਜ਼ਾਜ ਹੋਣ ਦੇ ਬਾਵਜੂਦ ਆਪਣੇ ਮੁੱਢਲੇ ਵਿਸ਼ਵਾਸਾਂ ਅਤੇ ਵਾਅਦਿਆਂ ਤੋਂ ਪਿਛਾਂਹ ਹਟਣ ਵਾਲਾ ਨਹੀਂ। ਭਾਰਤ ਨੂੰ ਪਰਵਾਸ ਅਤੇ ਵਪਾਰਕ ਮੁੱਦਿਆਂ ਉਪਰ ਉਸ 'ਤੇ ਆਸ ਨਹੀਂ ਰੱਖਣੀ ਚਾਹੀਦੀ ਹੈ। ਉਹ ਚੀਨ ਨਾਲ ਸਮਝੌਤਾ ਵਿੱਚ ਵੀ ਕਰ ਸਕਦਾ ਸੀ, ਬਸ਼ਰਤੇ ਉਸ ਨੂੰ ਵਪਾਰ ਅਤੇ ਮੰਡੀ ਤੱਕ ਪਹੁੰਚ ਲਈ ਰਿਆਇਤਾਂ ਦਿੱਤੀਆਂ ਜਾਂਦੀਆਂ। ਉਸ ਦੀ 'ਟਰਾਂਸ ਪੈਸੇਫਿਕ ਪਾਰਟਨਰਸ਼ਿਪ' ਵਿੱਚ ਸ਼ਮੂਲੀਅਤ ਤੋਂ ਝਿਜਕ ਇਹ ਦਰਸਾਉਂਦੀ ਹੈ ਕਿ ਉਹ ਵਿਚਾਰਧਾਰਾ ਤੋਂ ਰਹਿਤ ਪਰ ਠੋਸ ਲਾਭਾਂ ਤੋਂ ਪ੍ਰੇਰਿਤ ਅਤੇ ਨਿੱਜੀ ਹਿੱਤਾਂ ਖ਼ਾਤਰ ਏਸ਼ੀਆ-ਪੈਸੇਫਿਕ ਭਾਈਵਾਲੀ ਤੋਂ ਕਿਨਾਰਾ ਕਰਨ ਦੇ ਸਮਰੱਥ ਹੈ।

ਚੀਨ ਵੱਲੋਂ ਵੈਰ-ਵਿਰੋਧ ਅਤੇ ਨਿੱਘ ਦੇ ਪ੍ਰਗਟਾਵੇ ਲਈ ਵਰਤੇ ਜਾਂਦੇ ਸ਼ਬਦ 'ਗੋਲਡਨ ਟਾਈਮਜ਼' ਹੁਣ ਨਿੱਘ ਦਾ ਇੰਜ ਪ੍ਰਗਟਾਵਾ ਕਰਦੇ ਹਨ, "ਚੀਨ ਅੰਦਰ ਭਾਰਤ ਲਈ ਦੁਸ਼ਮਣੀ ਦਾ ਸਥਾਨ ਮਿੱਤਰਤਾ ਭਰੇ ਸਬੰਧਾਂ ਦੀ ਆਸ ਲੈ ਰਹੀ ਹੈ"। ਇਸ ਦਾ ਦਾਅਵਾ ਹੈ: "ਭਾਰਤ ਦੇ ਅਕਾਦਮਿਕ ਤੇ ਸਿਆਸੀ ਹਲਕਿਆਂ ਵਿੱਚ ਇਹ ਸਹਿਮਤੀ ਬਣੀ ਹੈ ਕਿ ਦੇਸ਼ ਨੂੰ ਚੀਨ ਨਾਲ ਤਾਲਮੇਲ ਦੀ ਲੋੜ ਹੈ।" ਸ਼ਾਇਦ ਇਹ ਇਸ਼ਾਰਾ ਭਾਰਤ ਵਿੱਚ ਭਾਜਪਾ ਜਾਂ ਸੀਪੀਐੱਮ ਵੱਲ ਹੈ ਜਦੋਂਕਿ ਹੋਰਨਾਂ ਨੇ ਇਸ ਵੱਲੋਂ ਪਿਛਲੇ ਪੰਜ ਦਹਾਕਿਆਂ ਤੋਂ ਬਾਅਦ ਭਾਰਤ ਪ੍ਰਤੀ ਅਪਣਾਈਆਂ ਨੀਤੀਆਂ ਵਿੱਚ ਲਿਆਂਦੀ ਨਰਮੀ ਉੱਤੇ ਨਜ਼ਰਸਾਨੀ ਨਹੀਂ ਕੀਤੀ ਹੈ। ਕੀ ਚੀਨ ਆਪਣੇ ਬੁਨਿਆਦੀ ਪੈਂਤੜੇ ਵਿੱਚ ਤਬਦੀਲੀ ਕਰਦਿਆਂ ਭਾਰਤ ਨੂੰ ਅਮਰੀਕਾ ਤੇ ਜਪਾਨ ਨਾਲ ਮਿੱਤਰਤਾ ਨਾ ਵਧਾਏ ਜਾਣ ਦੇ ਬਦਲੇ ਵਿੱਚ ਦੱਖਣੀ ਏਸ਼ੀਆ 'ਚ ਰਣਨੀਤਕ ਰੋਲ ਵਧਾਉਣ ਦੀ ਇਜਾਜ਼ਤ ਦੇ ਸਕਦਾ ਹੈ? ਇਸ ਲਈ ਵੂਹਾਨ ਵਾਲੀ ਮੁਲਾਕਾਤ, ਚੀਨ-ਭਾਰਤ ਸਬੰਧਾਂ ਵਿੱਚ ਮੋੜਾ ਸਾਬਤ ਹੋ ਸਕਦੀ ਹੈ। ਇਹ ਚੰਗੀ ਗੱਲ ਹੈ ਕਿ ਸਾਂਝਾ ਬਿਆਨ ਜਾਰੀ ਨਹੀਂ ਕੀਤਾ ਜਾਵੇਗਾ, ਕਿਉਂਕਿ ਦੋਵਾਂ ਧਿਰਾਂ ਨੂੰ ਆਪੋ-ਆਪਣੇ ਵਧੇਰੇ ਉਤਸ਼ਾਹੀ ਕੌਮਪ੍ਰਸਤਾਂ ਤੋਂ ਗੱਲਬਾਤ ਪ੍ਰਕਿਰਿਆ ਨੂੰ ਅਲੱਗ ਰੱਖਣ ਦੀ ਲੋੜ ਹੈ।

ਇਹ ਵੀ ਮਹੱਤਵਪੂਰਨ ਹੈ ਕਿ 2005 ਦੌਰਾਨ ਚੀਨੀ ਪ੍ਰਧਾਨ ਮੰਤਰੀ ਵੈੱਨ ਜਿਆਬਾਓ ਦੀ ਭਾਰਤ ਫੇਰੀ ਦੌਰਾਨ ਆਖ਼ਰੀ ਅਹਿਮ ਚੀਨ-ਭਾਰਤ ਸਮਝੌਤਾ ਹੋਇਆ ਸੀ ਜਿਸ ਤਹਿਤ "ਸਰਹੱਦੀ ਵਿਵਾਦ ਨਜਿੱਠਣ ਲਈ ਸਿਆਸੀ ਮਾਪਦੰਡ ਅਤੇ ਨਿਰਦੇਸ਼ਿਤ ਸਿਧਾਂਤ" ਤੈਅ ਕੀਤੇ ਗਏ ਸਨ। ਉਸ ਸਮੇਂ ਭਾਰਤ, ਅਮਰੀਕਾ ਨਾਲ ਪਰਮਾਣੂ ਸੰਧੀ ਨੇਪਰੇ ਚਾੜ੍ਹਨ ਲਈ ਅੰਤਿਮ ਪੜਾਵਾਂ ਵਿੱਚੋਂ ਲੰਘ ਰਿਹਾ ਸੀ ਜਿਸ ਨਾਲ ਭਾਰਤ ਨੂੰ ਦੋਹਰੇ ਤਕਨਾਲੋਜੀ ਕੰਟਰੋਲ ਵਾਲੇ ਪ੍ਰਬੰਧਾਂ ਤੋਂ ਮੁਕਤੀ ਮਿਲਣੀ ਸੀ। ਚੀਨ ਸ਼ਾਇਦ ਭਾਰਤ ਨੂੰ ਅਮਰੀਕਾ ਨਾਲ ਗੂੜ੍ਹੇ ਤੇ ਰਣਨੀਤਕ ਸਬੰਧਾਂ ਤੋਂ ਦੂਰ ਰੱਖਣ ਵਿੱਚ ਆਪਣੀ ਖੇਡ ਖੇਡ ਰਿਹਾ ਸੀ। 2008 ਵਿੱਚ ਭਾਰਤ-ਅਮਰੀਕਾ ਸਮਝੌਤੇ ਅਤੇ ਉਸੇ ਸਾਲ ਸੰਸਾਰ ਆਰਥਿਕ ਸੰਕਟ ਆਉਣ ਦੇ ਬਾਅਦ ਭਾਰਤ ਅਤੇ ਏਸ਼ੀਆ, ਇਕ ਵੱਖਰੇ ਚੀਨ ਨਾਲ ਨਜਿੱਠ ਰਹੇ ਸਨ।

ਭਾਰਤ-ਚੀਨ ਸਬੰਧਾਂ ਵਿੱਚ ਖੜੋਤ, ਭਾਰਤੀ ਵਿਦੇਸ਼ ਸਕੱਤਰਾਂ ਵਿਜੈ ਗੋਖਲੇ ਦੀ ਫਰਵਰੀ ਵਿੱਚ ਚੀਨ ਫੇਰੀ ਅਤੇ ਉਸ ਤੋਂ ਬਾਅਦ ਉਸ ਵੱਲੋਂ ਕੈਬਨਿਟ ਸਕੱਤਰ ਨੂੰ ਇਹ ਨੋਟ ਲਿਖਣ ਕਿ ਦਲਾਈਲਾਮਾ ਦੀ ਭਾਰਤ ਵਿੱਚ ਆਮਦ ਦੇ ਸੱਠ-ਸਾਲਾ ਜਸ਼ਨਾਂ ਵਿੱਚ ਸਰਕਾਰੀ ਸ਼ਮੂਲੀਅਤ ਨੂੰ ਘਟਾਇਆ ਜਾਵੇ, ਹੁਣ ਟੁੱਟਣ ਦਾ ਕਾਰਨ ਬਣੇ ਹਨ। ਇਨ੍ਹਾਂ ਤੋਂ ਬਾਅਦ ਕੌਮੀ ਸੁਰੱਖਿਆ ਸਲਾਹਕਾਰ, ਵਿਦੇਸ਼ ਮੰਤਰੀ ਅਤੇ ਰੱਖਿਆ ਮੰਤਰੀ ਦੀ ਚੀਨ ਫੇਰੀ ਨੇ ਮੋਦੀ-ਜਿਨਪਿੰਗ ਸਿਖਰ ਵਾਰਤਾ ਲਈ ਰਾਹ ਪੱਧਰਾ ਕੀਤਾ ਹੈ। ਮੋਦੀ ਨੂੰ ਚੀਨ ਰਵਾਨਾ ਹੋਣ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂਆਂ ਨੂੰ ਮਿਲ ਕੇ ਕੌਮੀ ਇੱਕਮੁੱਠਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਚੀਨ ਨੂੰ ਭਾਰਤ ਵਿੱਚ ਸਿਆਸੀ ਬੇਸੁਰਾਪਣ ਅਤੇ ਮੋਦੀ ਲਈ ਵਧ ਰਹੀਆਂ ਘਰੇਲੂ ਮੁਸ਼ਕਿਲਾਂ ਨਜ਼ਰ ਆ ਰਹੀਆਂ ਹਨ। ਇਸ ਫੇਰੀ ਨੂੰ ਵਿਰੋਧੀ ਧਿਰ ਉਪਰ ਇੱਕ ਹੋਰ ਜਿੱਤ ਦੇ ਰੂਪ ਵਿੱਚ ਲੈਣ ਤੋਂ ਬਚਿਆ ਜਾਣਾ ਚਾਹੀਦਾ ਹੈ। ਇਹ ਸ਼ਾਇਦ ਮੋਦੀ ਦੀ ਵਿਦੇਸ਼ ਨੀਤੀ ਵਿੱਚ ਅਹਿਮ ਮੋੜ ਹੈ। ਮੋਦੀ ਕੋਲ ਹੁਣ ਇਹ ਸਾਬਤ ਕਰਨ ਦਾ ਮੌਕਾ ਹੈ ਕਿ ਵਿਦੇਸ਼ ਨੀਤੀ ਦੇ ਅਨੇਕਾਂ ਮਾਮਲਿਆਂ ਵਿੱਚ ਠੋਕਰਾਂ ਖਾਣ ਦੇ ਬਾਵਜੂਦ ਹੁਣ ਸਟੇਟਸਮੈਨ ਮੋਦੀ ਉਭਰਿਆ ਹੈ ਅਤੇ ਸ਼ੋਅਮੈਨ ਮੋਦੀ ਪਿਛਾਂਹ ਰਹਿ ਗਿਆ ਹੈ।

***ਲੇਖਕ ਭਾਰਤੀ ਵਿਦੇਸ਼ ਮੰਤਰਾਲੇ ਵਿੱਚ ਸਕੱਤਰ ਰਹਿ ਚੁੱਕਾ ਹੈ।**

# ਜੰਮੂ ਕਸ਼ਮੀਰ ਦਾ ਸਪੀਕਰ ਕਵਿੰਦਰ ਗੁਪਤਾ ਬਣਿਆ ਸੂਬੇ ਦਾ ਨਵਾਂ ਉਪ ਮੁੱਖ ਮੰਤਰੀ

**ਜੰਮੂ/ਬਿਊਰੋ ਨਿਊਜ਼ :**
ਜੰਮੂ ਕਸ਼ਮੀਰ 'ਚ ਮਹਿਬੂਬਾ ਮੁਫ਼ਤੀ ਦੀ ਅਗਵਾਈ ਹੇਠਲੀ ਪੀਡੀਪੀ-ਭਾਜਪਾ ਸਰਕਾਰ 'ਚ ਅੱਜ ਫੇਰਬਦਲ ਦੌਰਾਨ 8 ਵਿਧਾਇਕਾਂ ਨੂੰ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ ਗਈ। ਇਨ੍ਹਾਂ 'ਚ ਭਾਜਪਾ ਦੇ ਛੇ ਅਤੇ ਪੀਡੀਪੀ ਦੇ ਦੋ ਮੰਤਰੀ ਸ਼ਾਮਲ ਹਨ। ਜੰਮੂ ਕਸ਼ਮੀਰ ਵਿਧਾਨ ਸਭਾ ਦੇ ਸਪੀਕਰ ਕਵਿੰਦਰ ਗੁਪਤਾ, ਪ੍ਰਦੇਸ਼ ਭਾਜਪਾ ਮੁਖੀ ਸਤਪਾਲ ਸ਼ਰਮਾ ਅਤੇ ਛੇ ਹੋਰਾਂ ਨੂੰ ਇਥੋਂ ਦੇ ਕਨਵੈਨਸ਼ਨ ਸੈਂਟਰ 'ਚ ਰਾਜਪਾਲ ਐਨ ਐਨ ਵੋਹਰਾ ਨੇ ਮੰਤਰੀ ਅਹੁਦੇ ਦੀ ਸਹੁੰ ਚੁਕਾਈ। ਕਠੂਆ ਕਾਂਡ ਦੇ ਮੁਲਜ਼ਮਾਂ ਦੀ ਹਮਾਇਤ ਕਰਨ 'ਤੇ ਭਾਜਪਾ ਦੇ ਮੰਤਰੀਆਂ ਲਾਲ ਸਿੰਘ ਅਤੇ ਚੰਦਰ ਪ੍ਰਕਾਸ਼ ਗੰਗਾ ਨੂੰ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇਣੇ ਪਏ ਸਨ। ਅਧਿਕਾਰੀਆਂ ਮੁਤਾਬਕ ਕਵਿੰਦਰ ਗੁਪਤਾ ਸੂਬੇ ਦੇ ਨਵੇਂ ਉਪ ਮੁੱਖ ਮੰਤਰੀ ਹੋਣਗੇ ਕਿਉਂਕਿ ਨਿਰਮਲ ਸਿੰਘ ਨੇ ਐਤਵਾਰ ਰਾਤੀਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਨਿਰਮਲ ਸਿੰਘ ਨੂੰ ਨਵਾਂ ਸਪੀਕਰ ਬਣਾਇਆ ਜਾ ਸਕਦਾ ਹੈ। ਸਹੁੰ ਚੁੱਕ ਸਮਾਗਮ 'ਚ ਹਾਜ਼ਰ ਭਾਜਪਾ ਦੇ ਕੌਮੀ ਜਨਰਲ ਸਕੱਤਰ ਰਾਮ ਮਾਧਵ ਨੇ ਕਿਹਾ ਕਿ ਵਜ਼ਾਰਤ 'ਚ ਇਸ ਬਦਲਾਅ ਦਾ ਕਠੂਆ ਕੇਸ ਨਾਲ ਕੋਈ ਸਬੰਧ ਨਹੀਂ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ,"ਸਾਡੀ ਸਰਕਾਰ ਨੇ ਸੱਤਾ 'ਚ ਤਿੰਨ ਸਾਲ ਮੁਕੰਮਲ ਕਰ ਲਏ ਹਨ। ਇਸ ਕਰਕੇ ਅਸੀਂ ਕੈਬਨਿਟ 'ਚ ਫੇਰਬਦਲ ਦਾ ਫ਼ੈਸਲਾ ਲੈ ਕੇ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ ਹੈ।" ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਵਜ਼ਾਰਤ 'ਚ ਸ਼ਾਮਲ ਕੀਤੇ ਗਏ ਨਵੇਂ ਮੰਤਰੀਆਂ ਨੂੰ ਮੁਬਾਰਕਬਾਦ ਦਿੱਤੀ। ਭਾਜਪਾ ਦੇ ਕਠੂਆ ਤੋਂ ਵਿਧਾਇਕ ਰਾਜੀਵ ਜਸਰੋਟੀਆ ਅਤੇ ਸਾਂਬਾ ਤੋਂ ਦਵਿੰਦਰ ਕੁਮਾਰ ਮਨਿਆਲ ਸਹੁੰ ਚੁੱਕਣ ਵਾਲਿਆਂ 'ਚ ਸ਼ਾਮਲ ਹਨ। ਭਾਜਪਾ ਨੇ ਰਾਜ ਮੰਤਰੀ ਸੁਨੀਲ ਸ਼ਰਮਾ ਦਾ ਦਰਜਾ ਵਧਾ ਕੇ ਕੈਬਨਿਟ ਕਰ ਦਿੱਤਾ। ਇਸੇ ਤਰ੍ਹਾਂ ਸ਼ਕਤੀ ਰਾਜ ਨੇ ਰਾਜ ਮੰਤਰੀ ਵਜੋਂ ਸਹੁੰ ਚੁੱਕੀ। ਪੀਡੀਪੀ ਦੇ ਪੁਲਵਾਮਾ ਤੋਂ ਵਿਧਾਇਕ ਮੁਹੰਮਦ ਖਲੀਲ ਬੰਦ ਅਤੇ ਸੋਨਾਵਾਰ ਤੋਂ ਵਿਧਾਇਕ ਮੁਹੰਮਦ ਅਸ਼ਰਫ਼ ਮੀਰ ਨੂੰ ਮੰਤਰੀ ਬਣਾਇਆ ਗਿਆ ਹੈ। ਜੰਮੂ ਕਸ਼ਮੀਰ ਦੇ ਨਵੇਂ ਬਣੇ ਉਪ ਮੁੱਖ ਮੰਤਰੀ ਕਵਿੰਦਰ ਗੁਪਤਾ (58) 13 ਸਾਲ ਦੀ ਉਮਰ 'ਚ ਹੀ ਆਰਐਸਐਸ 'ਚ ਸ਼ਾਮਲ ਹੋ ਗਏ ਸਨ। ਐਮਰਜੈਂਸੀ ਦੌਰਾਨ ਉਹ 13 ਮਹੀਨੇ ਜੇਲ੍ਹ 'ਚ ਵੀ ਰਹੇ। ਉਹ 1978-79 'ਚ ਪੰਜਾਬ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਕੱਤਰ ਵੀ ਰਹੇ।



**ਸੋਮਵਾਰ ਨੂੰ ਜੰਮੂ ਵਿੱਚ ਵਜ਼ਾਰਤੀ ਰੱਦੋਬਦਲ ਮਗਰੋਂ ਹਲਫ਼ ਲੈਣ ਵਾਲੇ ਅੱਠ ਨਵੇਂ ਮੰਤਰੀ ਰਾਜਪਾਲ ਐਨ.ਐਨ. ਵੋਹਰਾ ਤੇ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨਾਲ।**

## ਕਹਿੰਦਾ : ਕਠੂਆ ਕਾਂਡ ਨੂੰ ਮਾਮੂਲੀ ਘਟਨਾ

ਜੰਮੂ: ਜੰਮੂ ਤੇ ਕਸ਼ਮੀਰ ਦੇ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਕੁਝ ਘੰਟਿਆਂ ਬਾਅਦ ਹੀ ਕਵਿੰਦਰ ਗੁਪਤਾ ਨੇ ਕਠੂਆ ਜਬਰ-ਜਨਾਹ ਤੇ ਕਤਲ ਕਾਂਡ ਨੂੰ 'ਛੋਟੀ' ਜਿਹੀ ਘਟਨਾ ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ , 'ਇਹ (ਕਠੂਆ ਜਬਰ ਜਨਾਹ ਤੇ ਕਤਲ) ਬਹੁਤ ਛੋਟੀ ਜਿਹੀ ਘਟਨਾ ਸੀ। ਸਾਨੂੰ ਇਸ ਤੋਂ ਉੱਪਰ ਉੱਠ ਕੇ ਸੋਚਣਾ ਚਾਹੀਦਾ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਭਵਿੱਖ 'ਚ ਨਾ ਵਾਪਰਨ।' ਉਨ੍ਹਾਂ ਕਿਹਾ, 'ਲੜਕੀ ਨੂੰ ਇਨਸਾਫ਼ ਦਿਵਾਇਆ ਜਾਣਾ ਚਾਹੀਦਾ ਹੈ। ਸਰਕਾਰ ਸਾਹਮਣੇ ਕਈ ਵੱਡੀਆਂ ਚੁਣੌਤੀਆਂ ਹਨ ਤੇ ਮੈਨੂੰ ਲਗਦਾ ਹੈ ਕਿ ਇਸ ਮਾਮਲੇ ਨੂੰ ਬੇਵਜ੍ਹਾ ਅਹਿਮੀਅਤ ਦਿੱਤੀ ਗਈ ਹੈ। ਇਸ ਮੁੱਦੇ ਨੂੰ ਬਿਨਾਂ ਗੱਲ ਤੋਂ ਉਛਾਲਿਆ ਗਿਆ ਹੈ।'

## ਕਾਂਗਰਸ ਵੱਲੋਂ ਗੁਪਤਾ ਦੀ ਨਿਖੇਧੀ

**ਨਵੀਂ ਦਿੱਲੀ/ਸ੍ਰੀਨਗਰ:**
ਜੰਮੂ ਕਸ਼ਮੀਰ ਦੇ ਉਪ ਮੁੱਖ ਮੰਤਰੀ ਕਵਿੰਦਰ ਗੁਪਤਾ ਵੱਲੋਂ ਕਠੂਆ ਜਬਰ ਜਨਾਹ ਤੇ ਕਤਲ ਕਾਂਡ ਨੂੰ ਛੋਟੀ ਘਟਨਾ ਦੱਸਣ ਬਾਰੇ ਦਿੱਤੇ ਬਿਆਨ ਦੀ ਕਾਂਗਰਸ ਨੇ ਸਖ਼ਤ ਨਿਖੇਧੀ ਕੀਤੀ ਹੈ। ਕਾਂਗਰਸ ਆਗੂ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਸੂਬੇ ਦੇ ਨਵੇਂ ਉਪ ਮੁੱਖ ਮੰਤਰੀ ਨੇ ਕਠੂਆ ਕਾਂਡ ਬਾਰੇ ਦਿੱਤੇ ਬਿਆਨ ਤੋਂ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਵੱਲੋਂ 'ਬੇਟੀ ਬਚਾਓ' ਦਾ ਕੋਈ ਨਾਅਰਾ ਨਹੀਂ ਬਲਕਿ ਚਿਤਾਵਨੀ ਹੈ। ਇਸੇ ਦੌਰਾਨ ਜੰਮੂ ਕਸ਼ਮੀਰ 'ਚ ਮੁੱਖ ਵਿਰੋਧੀ ਧਿਰ ਨੈਸ਼ਨਲ ਕਾਨਫਰੰਸ ਨੇ ਭਾਜਪਾ ਵਿਧਾਇਕ ਰਾਜੀਵ ਜਸਰੋਟੀਆ ਨੂੰ ਮੰਤਰੀ ਬਣਾਉਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਹ ਕਠੂਆ ਕਾਂਡ ਦੇ ਦੋਸ਼ੀਆਂ ਦੇ ਹੱਕ 'ਚ ਕੀਤੀ ਗਈ ਰੈਲੀ ਵਿੱਚ ਵੀ ਸ਼ਾਮਲ ਸੀ।

# ਪੰਜਾਬੀਆਂ ਨੂੰ ਭੁੱਲ ਗਈ ਪੰਜਾਬੀਅਤ




**ਅਮਨਦੀਪ ਕੌਰ ਹਾਂਸ**

ਪੰਜਾਬ ਮੁੱਢ ਕਦੀਮ ਤੋਂ ਬਾਦਸ਼ਾਹਾਂ ਦਾ ਬਾਦਸ਼ਾਹ, ਫ਼ਕੀਰਾਂ ਦਾ ਫ਼ਕੀਰ ਤੇ ਸੂਰਮਿਆਂ ਦਾ ਸੂਰਮਾ ਰਿਹਾ ਹੈ। ਇਹ ਧਰਤੀ ਸਭ ਤੋਂ ਪ੍ਰਾਚੀਨ ਇਸ ਸੱਭਿਅਤਾ ਦਾ ਪੰਘੂੜਾ ਰਹੀ ਹੈ। ਗੁਰੂਆਂ ਦੀ ਪਵਿੱਤਰ ਬਾਣੀ ਦੇ ਸੁਰ ਜਿੱਥੇ ਇਸ ਧਰਤੀ ਤੋਂ ਉੱਠੇ ਅਤੇ ਦੁਨੀਆਂ ਦੇ ਕੋਨੇ-ਕੋਨੇ ਤੱਕ ਇਨ੍ਹਾਂ ਨੇ ਲੋਕ ਮਨਾਂ ਨੂੰ ਤਰੰਗਿਤ ਵੀ ਕੀਤਾ ਤੇ ਉਸ ਰੱਬੀ ਨੂਰ ਦਾ ਰਾਹ ਵੀ ਦੱਸਿਆ। ਇਸੇ ਧਰਤੀ 'ਤੇ ਸੂਫੀ ਪੌਣਾਂ ਰੁਮਕੀਆਂ ਤੇ ਮਨੁੱਖੀ ਮਨ ਨੂੰ ਸਕੂਨ ਬਖ਼ਸ਼ਿਆ। ਰਿਗਵੇਦ ਦੇ ਅਨੇਕਾਂ ਰਿਸ਼ੀਆਂ ਨੂੰ ਇਸੇ ਧਰਤੀ 'ਤੇ ਆਦਿ ਗ੍ਰੰਥ 'ਚ ਦਰਜ ਸੂਕਤਾਂ ਦੀ ਰਚਨਾ ਕੀਤੀ। ਅਫ਼ਸੋਸ, ਕਿ ਨਵੀਂ ਪੀੜ੍ਹੀ ਏਡੀ ਅਮੀਰ ਵਿਰਾਸਤ ਦੇ ਹੁੰਦਿਆਂ ਬਾਹਰੀ ਕਲਚਰ ਵੱਲ ਉਲਾਰ ਹੋ ਕੇ ਅਮੀਰੀ ਦੀ ਥਾਂ ਗਰੀਬੜੀ ਜਿਹੀ ਬਣੀ ਜਾ ਰਹੀ ਹੈ। ਸਮੇਂ ਦੇ ਨਾਲ-ਨਾਲ ਨੌਜਵਾਨਾਂ ਅਤੇ ਖ਼ਾਸ ਕਰਕੇ ਨਵੀਂ ਪੀੜ੍ਹੀ ਦੇ ਬੱਚਿਆਂ ਦੀ ਬੋਲੀ ਵੀ ਬਦਲ ਰਹੀ ਹੈ। ਇਸ ਦੇ ਲਈ ਜਿੱਥੇ ਸਾਡੀ ਸਿੱਖਿਆ ਪ੍ਰਣਾਲੀ, ਖ਼ਾਸ ਕਰਕੇ ਕਾਨਵੈਂਟ ਤੇ ਮਾਡਲ ਸਕੂਲਾਂ ਦਾ ਪ੍ਰਭਾਵ ਜ਼ਿੰਮੇਵਾਰ ਹੈ, ਉੱਥੇ ਮਾਪਿਆਂ ਨੂੰ ਵੀ ਇਸ ਜ਼ਿੰਮੇਵਾਰੀ ਤੋਂ ਬਰੀ ਨਹੀਂ ਕੀਤਾ ਜਾ ਸਕਦਾ। ਠੇਠ ਪੰਜਾਬੀ ਭਾਸ਼ਾ ਬੋਲਣ 'ਤੇ ਮਾਪਿਆਂ ਅਤੇ ਖ਼ਾਸ ਕਰਕੇ ਬੱਚੇ ਦੀ ਮਾਤਾ ਦੀ ਉਸ ਨੂੰ ਡਾਂਟ ਪੈਂਦੀ ਹੈ। ਡਾਂਟ ਤੋਂ ਡਰਦੇ ਬੱਚੇ ਅੰਗਰੇਜ਼ੀ ਨੂੰ ਹਿੰਦੀ ਤੇ ਹਿੰਦੀ ਨੂੰ ਪੰਜਾਬੀ 'ਚ ਰਲਗੱਡ ਕਰਕੇ ਨਵੀਂ ਭਾਸ਼ਾ ਸਿਰਜ ਰਹੇ ਹਨ। ਇਸ ਨਾਲ ਬੱਚੇ ਭਾਸ਼ਾ ਤੇ ਵਾਕ ਬਣਤਰ ਤੋਂ ਵਾਂਝੇ ਰਹਿ ਜਾਂਦੇ ਹਨ। ਨਵੀਂ ਪੀੜ੍ਹੀ ਅੰਗਰੇਜ਼ੀ ਅਤੇ ਪੰਜਾਬੀ ਦੀ ਮਿਲਗੋਭਾ ਕਿਸਮ ਦੀ ਭਾਸ਼ਾ ਬੋਲਣ ਲੱਗੀ ਹੈ। ਬਹੁਤ ਸਾਰੇ ਠੇਠ ਪੰਜਾਬੀ ਸ਼ਬਦ ਨਵੀਂ ਪੀੜ੍ਹੀ ਦੀ ਭਾਸ਼ਾ ਦਾ ਹਿੱਸਾ ਨਹੀਂ ਰਹੇ। ਮਾਪਿਆਂ ਤੋਂ ਇਲਾਵਾ ਨਵੀਂਆਂ ਤਕਨੀਕਾਂ, ਜਿਨ੍ਹਾਂ ਵਿੱਚ ਇੰਟਰਨੈੱਟ ਅਤੇ ਐਸਐਮਐਸ ਸ਼ਾਮਲ ਹਨ, ਨੇ ਵੀ ਭਾਸ਼ਾ ਨੂੰ ਵਿਗਾੜਿਆ ਹੈ। ਉਹ 'ਪਾਪਾ' ਤੋਂ 'ਪਾ' ਅਤੇ 'ਮੰਮੀ' ਤੋਂ 'ਮੌਮ' 'ਤੇ ਆ ਗਏ ਹਨ।

**ਇਕਹਿਰੇ ਪਰਿਵਾਰ ਦਾ ਰੁਝਾਨ :** ਰਿਸ਼ਤਿਆਂ 'ਚ ਆਪਣੇਪਣ ਦੀ ਘਾਟ ਤੇ ਇਨ੍ਹਾਂ ਦੀ ਪਛਾਣ ਦੇ ਗੁਆਚਣ ਦਾ ਵੱਡਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟਣਾ ਤੇ ਇਕਹਿਰੇ ਪਰਿਵਾਰਾਂ ਦੇ ਰੁਝਾਨ ਦਾ ਵਧਣਾ ਹੈ। ਇਕਹਿਰੇ ਪਰਿਵਾਰ ਨੇ ਬੱਚਿਆਂ ਨੂੰ ਇਕੱਲੇਪਣ ਦਾ ਸ਼ਿਕਾਰ ਬਣਾਇਆ ਹੈ ਤੇ ਇਹੀ ਇਕੱਲਾਪਣ ਉਨ੍ਹਾਂ ਦੀ ਉਲਾਰੂ ਮਾਨਸਿਕਤਾ ਦਾ ਵੱਡਾ ਕਾਰਨ ਹੈ। ਕੋਈ ਵੇਲਾ ਸੀ ਜਦੋਂ ਮਾਂ-ਬਾਪ ਨਾਲ ਦਾਦਾ-ਦਾਦੀ, ਚਾਚਾ-ਚਾਚੀ ਜਾਂ ਤਾਇਆ-ਤਾਈ ਉਨ੍ਹਾਂ ਦੀ ਪਰਵਰਿਸ਼ ਵੱਲ ਧਿਆਨ ਦਿੰਦੇ ਸਨ, ਉਨ੍ਹਾਂ ਨਾਲ ਬਾਤਾਂ ਪਾਉਂਦੇ ਨ। ਬੱਚੇ ਇੱਕੋ ਵਿਹੜੇ 'ਚ ਖੇਡਦੇ ਸਨ। ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦੀ ਪਰਵਰਿਸ਼ ਮਿਲਦੀ ਸੀ। ਇਕਹਿਰੇ ਪਰਿਵਾਰ 'ਚੋਂ ਉਪਜੀ ਇਕੱਲਤਾ ਨੂੰ ਤੋੜਨ ਲਈ ਬੱਚੇ ਕੰਪਿਊਟਰ, ਮੋਬਾਈਲ ਚੈਟਿੰਗ ਆਦਿ ਤਕਨੀਕੀ ਸਾਧਨਾਂ ਨੂੰ ਮਨਪ੍ਰਚਾਵੇ ਦਾ ਵਸੀਲਾ ਬਣਾ ਰਹੇ ਹਨ।

## ਖੇਡਾਂ 'ਤੇ ਹਾਵੀ ਇੰਟਰਨੈੱਟ

ਸਮੇਂ ਦੇ ਨਾਲ ਪੰਜਾਬ ਦੀਆਂ ਰਵਾਇਤੀ ਖੇਡਾਂ ਵੀ ਸਾਥੋਂ ਵਿਸਰਦੀਆਂ ਜਾ ਰਹੀਆਂ ਨੇ। ਪਿੱਠੂ ਗਰਮ, ਕੀੜ-ਕੜੰਗ, ਜੰਡ-ਪਲੰਗਾ, ਬਿਲ-ਬੱਚਿਆਂ ਦੀ ਮਾਂ, ਬਾਰਾਂ ਟਹਿਣੀ, ਸ਼ਟਾਪੂ ਆਦਿ ਰਵਾਇਤੀ ਖੇਡਾਂ ਨੂੰ ਖੇਡਣ ਦੇ ਢੰਗ ਤਰੀਕੇ ਤਾਂ ਦੂਰ ਨਵੀਂ ਪੀੜ੍ਹੀ ਇਨ੍ਹਾਂ ਦੇ ਨਾਵਾਂ ਨੂੰ ਵੀ ਵਿਸਰਦੀ ਜਾ ਰਹੀ ਹੈ। ਟੀ.ਵੀ. ਚੈਨਲਾਂ ਨੇ ਉਨ੍ਹਾਂ ਦੇ ਮਨ 'ਚ ਟੋਮ ਐਂਡ ਜੈਰੀ, ਮਿਸਟਰ ਬੀਨਜ਼, ਮਿਕੀ ਮਾਊਸ, ਸਪਾਈਡਰਮੈਨ, ਬੇਨ 10 ਆਦਿ ਕਾਲਪਨਿਕ ਪਾਤਰਾਂ ਨੂੰ ਵਾੜ ਦਿੱਤਾ ਹੈ। ਉਹ ਪੰਜਾਬ ਦੀਆਂ ਰਵਾਇਤੀ ਖੇਡਾਂ ਨੂੰ ਛੱਡ ਕੇ ਘੰਟਿਆਂ ਬੱਧੀ ਇੰਟਰਨੈੱਟ ਜਾਂ ਕੰਪਿਊਟਰ ਸਕਰੀਨ 'ਤੇ ਖੇਡਾਂ ਖੇਡਣ 'ਚ ਗੁਜ਼ਾਰ ਰਹੇ ਹਨ। ਇਸ ਦਾ ਇੱਕ ਕਾਰਨ ਸ਼ਹਿਰੀ ਇਲਾਕਿਆਂ ਵਿੱਚ ਖੇਡਣਯੋਗ ਥਾਵਾਂ ਦੀ ਥੁੜ੍ਹ ਵੀ ਹੈ ਅਤੇ ਸਾਂਝੇ ਪਰਿਵਾਰ ਦਾ ਇਕਹਿਰੇ ਪਰਿਵਾਰ ਵਿੱਚ ਸੁੰਗੜ ਜਾਣਾ ਵੀ ਹੈ।

## ਸੰਗੀਤ ਦਾ ਰੁਝਾਨ ਵੀ ਬਦਲਿਆ

ਪੂਰਨ ਭਗਤ ਦਾ ਕਿੱਸਾ, ਵਾਰਿਸ ਦੀ ਹੀਰ, ਬਾਬਾ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਨਵੀਂ ਪੀੜ੍ਹੀ ਦੀ ਪਸੰਦ 'ਚੋਂ ਮਨਫ਼ੀ ਹੋ ਰਹੀਆਂ ਹਨ। ਹੁਣ ਉਹ ਪੰਜਾਬੀ ਗੀਤ ਨਹੀਂ ਗੁਣਗੁਣਾਉਂਦੇ,ਸਗੋਂ ਰੀਮਿਕਸ ਗਾਣਿਆਂ ਦੇ ਅਟਪਟੇ ਬੋਲ ਉਨ੍ਹਾਂ ਦੀ ਜ਼ੁਬਾਨ 'ਤੇ ਹੁੰਦੇ ਹਨ ਤੇ ਪੈਰ ਪੌਪ ਸੰਗੀਤ 'ਤੇ ਥਿਰਕਦੇ ਹਨ। ਤੇਜ਼ ਰਫ਼ਤਾਰ ਜ਼ਿੰਦਗੀ ਦਾ ਅਸਰ ਉਨ੍ਹਾਂ ਦੇ ਜੀਵਨ ਉੱਪਰ ਵੀ ਸਪੱਸ਼ਟ ਵੇਖਿਆ ਜਾ ਸਕਦਾ ਹੈ। ਸੰਗੀਤ ਵਿਹੂਣੇ ਪੌਪ ਸੰਗੀਤ ਦੀ ਥਰਿੱਲ ਉਨ੍ਹਾਂ ਦੀ ਮਾਨਸਿਕ ਉੱਥਲ-ਪੁੱਥਲ ਨੂੰ ਹੀ ਪ੍ਰਗਟਾਉਂਦੀ ।

ਵਿਆਹ ਜਾਂ ਹੋਰ ਪ੍ਰੋਗਰਾਮਾਂ 'ਤੇ ਭੰਗੜੇ ਅਤੇ ਗਿੱਧੇ ਦੀ ਥਾਂ ਬ੍ਰੇਕ ਡਾਂਸ, ਡਾਂਡੀਆ ਆਦਿ ਨੇ ਲੈਣੀ ਸ਼ੁਰੂ ਕਰ ਦਿੱਤੀ ਹੈ। ਡੀ.ਜੇ. ਦੀ ਤੇਜ਼ ਰਫ਼ਤਾਰ ਆਵਾਜ਼ 'ਤੇ ਬੱਚੇ ਤੇ ਨੌਜਵਾਨ ਪੀੜ੍ਹੀ ਬੇਸੁਰੇ ਢੰਗ ਨਾਲ ਬਗ਼ਲਾਂ ਵਜਾਉਣ ਤੇ ਨੱਚਣ-ਕੁੱਦਣ ਲੱਗਦੇ ਹਨ। ਸਹੀ ਸੋਚ ਵਾਲੇ ਪੰਜਾਬੀ ਦੇ ਮਨ 'ਚ ਇਹੀ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਸਹੀ ਅਰਥਾਂ 'ਚ ਪੰਜਾਬੀ ਸੱਭਿਆਚਾਰ ਹੈ ?

## ਧਰਮ ਕਰਮ ਤੋਂ ਬੇਮੁਖ

ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਨੇ ਪੰਜਾਬ ਦੇ ਜਵਾਨਾਂ ਬਾਰੇ ਬੜੇ ਫ਼ਖ਼ਰ ਨਾਲ ਕਿਹਾ ਸੀ, "ਇਹ ਬੇਪ੍ਰਵਾਹ ਪੰਜਾਬ ਦੇ, ਮੌਤ ਨੂੰ ਮਖੌਲਾਂ ਕਰਨ, ਮਰਨ ਥੀਂ ਨਹੀਂ ਡਰਦੇ। ਪਿਆਰ ਨਾਲ ਇਹ ਕਰਨ ਗ਼ੁਲਾਮੀ, ਜਾਨ ਕੋਹ ਆਪਣੀ ਵਾਰ ਦਿੰਦੇ, ਪਰ ਟੈਂ ਨਾ ਮੰਨਣ ਕਿਸੇ ਦੀ, ਖਲੋ ਜਾਣ ਡਾਂਗਾਂ ਮੋਢੇ 'ਤੇ ਉਲ੍ਹਾਰਦੇ। ਅੱਜ ਪੰਜਾਬ ਦਾ ਜਵਾਨ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਤੇ ਉਨ੍ਹਾਂ ਦੇ ਜੀਵਨ ਦਰਸ਼ਨ ਤੋਂ ਬੇਮੁੱਖ ਹੋ ਕੇ ਆਪਹੁਦਰਾ ਹੋ ਰਿਹਾ ਹੈ। "ਵੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ" ਵਾਲੇ ਉਪਦੇਸ਼ 'ਤੇ ਪਹਿਰਾ ਦੇਣ ਤੇ ਗਰੀਬ ਦੀ ਰਾਖੀ ਲਈ ਲੜਨ ਵਾਲੇ ਪੰਜਾਬੀ ਗੱਭਰੂ 'ਤੇ ਨਸ਼ਾਖੋਰੀ, ਲੁੱਟਾਂ-ਖੋਹਾਂ, ਗੈਂਗਵਾਰ, ਸੁਪਾਰੀ ਕਿਲਰ ਵਰਗੇ ਬਦਨੁਮਾ ਦਾਗ਼ ਲੱਗ ਰਹੇ ਹਨ।

## ਰਿਸ਼ਤਿਆਂ ਦੀ ਪਛਾਣ

ਮਾਮਾ, ਚਾਚਾ, ਤਾਇਆ, ਫੁੱਫੜ, ਮਾਸੜ ਦੀ ਥਾਂ ਨਵੀਂ ਪੀੜ੍ਹੀ ਕੋਲ ਮਾਤਰ ਇੱਕੋ-ਇੱਕ ਸੰਬੋਧਨ ਬਚਿਆ ਹੈ, ਤੇ ਉਹ ਹੈ 'ਅੰਕਲ!' ਭੂਆ, ਮਾਸੀ, ਮਾਮੀ, ਤਾਈ, ਚਾਚੀ ਦੀ ਥਾਂ ਉਹ ਇਨ੍ਹਾਂ ਰਿਸ਼ਤਿਆਂ ਨੂੰ 'ਅੰਟੀ' ਕਹਿ ਕੇ ਬੁਲਾਉਣ ਲੱਗੇ ਹਨ। ਪੰਜਾਬੀ ਭਾਸ਼ਾ 'ਚ ਰਿਸ਼ਤਿਆਂ ਲਈ ਜੋ ਸੰਬੋਧਨ ਹਨ, ਉਹ ਆਪਣੇ ਆਪ ਵਿੱਚ ਰਿਸ਼ਤੇ ਦੇ ਮਹੱਤਵ ਨੂੰ ਉਜਾਗਰ ਕਰਨ ਵਾਲੇ ਹਨ, ਜਦਕਿ ਇਹ ਗੁਣ ਅੰਕਲ ਜਾਂ ਅੰਟੀ ਸ਼ਬਦ ਕੋਲ ਨਹੀਂ। ਆਪਣੀ ਭਾਸ਼ਾ ਦੀ ਇਸ ਅਮੀਰੀ ਨੂੰ ਛੱਡ ਕੇ ਪਤਾ ਨਹੀਂ ਅਸੀਂ ਕਿਉਂ ਆਪਣੇ ਬੱਚਿਆਂ ਦੀ ਸੋਚ ਨੂੰ ਮਹਿਦੂਦ ਕਰੀ ਜਾ ਰਹੇ ਹਾਂ।

## ਬਦਲ ਗਿਆ ਜ਼ਾਇਕਾ

ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਘਿਓ-ਸ਼ੱਕਰ, ਦੁੱਧ-ਦਹੀਂ ਤੇ ਲੱਸੀ ਦੇ ਛੰਨੇ ਭਰ-ਭਰ ਪੀਣਾ ਪੰਜਾਬੀਆਂ ਦੀ ਖ਼ੁਰਾਕ 'ਚ ਸ਼ਾਮਲ ਹੁੰਦੇ ਸਨ। ਰੋਟੀ ਤੋਂ ਬਾਅਦ ਮਿੱਠੇ ਦੇ ਤੌਰ 'ਤੇ ਕੜਾਹ, ਸੇਵੀਆਂ, ਗੁੜ ਦੀ ਡਲੀ ਸ਼ਾਮਲ ਹੁੰਦੀ ਸੀ। ਗਰਮੀਆਂ ਨੂੰ ਗੁੜ ਦੇ ਸ਼ਰਬਤ ਤੋਂ ਇਲਾਵਾ ਸੱਤੂ ਜਾਂ ਕੱਚੀ ਲੱਸੀ ਖੇਤਾਂ ਦੀ ਹੱਡ ਭੰਨਵੀਂ ਥਕਾਵਟ ਨੂੰ ਮੇਟਣ ਲਈ ਕਾਫੀ ਹੁੰਦੇ ਸਨ। ਸਰਦੀਆਂ ਦੀ ਗਜ਼ਾ 'ਚ ਦੇਸੀ ਘਿਓ ਦੀਆਂ ਪਿੰਨੀਆਂ, ਮਿੱਠੇ ਤੇਲ 'ਚ ਬਣੀਆਂ ਅਲਸੀ ਜਾਂ ਚੌਲਾਂ ਦੀਆਂ ਪਿੰਨੀਆਂ ਦੀ ਪ੍ਰਧਾਨਗੀ ਹੁੰਦੀ ਸੀ। ਦੁੱਧ ਰਿੜਕਣ ਵੇਲੇ ਗੱਭਰੂਆਂ ਨੂੰ ਅਧਰਿੜਕਿਆਂ ਦੇ ਕੰਗਣੀ ਵਾਲੇ ਗਿਲਾਸ ਭਰ ਕੇ ਪੀਣ ਲਈ ਮਿਲਦੇ ਸਨ। ਸਮੇਂ ਦੇ ਨਾਲ-ਨਾਲ ਪੰਜਾਬੀ ਬੱਚਿਆਂ ਤੇ ਨੌਜਵਾਨਾਂ ਦੇ ਜ਼ਾਇਕੇ ਵਿੱਚ ਵੀ ਵੱਡੀ ਤਬਦੀਲੀ ਆਈ ਹੈ। ਹੁਣ ਸਵੇਰੇ ਉੱਠਦਿਆਂ ਹੀ ਅਧ-ਰਿੜਕੇ ਦੀ ਥਾਂ ਚਾਹ ਦੀ ਪਿਆਲੀ ਜਾਂ ਸਪਰੇਟੇ ਦੁੱਧ 'ਚ ਬੋਰਨਵੀਟਾ ਘੋਲ ਕੇ ਪੀਣ ਲਈ ਬੱਚੇ ਨੂੰ ਮਿਲਦਾ ਹੈ। ਦੇਸੀ ਘਿਓ ਦੇ ਪਰੌਂਠਿਆਂ ਦੀ ਥਾਂ ਰੀਫਾਈਂਡ ਨਾਲ ਚੋਪੜੀ ਪਰੌਂਠੀ ਨੇ ਲੈ ਲਈ ਹੈ। ਨਵੀਂਆਂ ਕੁੜੀਆਂ ਨੂੰ ਸਾਗ ਘੋਟਣਾ ਤੇ ਅੱਲ੍ਹਣ ਪਾਉਣਾ ਵਿੱਸਰ ਗਿਆ ਹੈ। ਲੱਸੀ, ਸੱਤੂ ਅਤੇ ਗੁੜ ਦੇ ਸ਼ਰਬਤ ਦੀ ਥਾਂ ਹੁਣ ਕੋਲਡ ਡਰਿੰਕਸ ਨੇ ਲੈ ਲਈ ਹੈ। ਰਵਾਇਤੀ ਖਾਣੇ ਦੀ ਥਾਂ ਬੱਚਿਆਂ ਨੂੰ ਪੀਜ਼ਾ, ਬਰਗਰ ਅਤੇ ਚਾਈਨੀਜ਼ ਨੂਡਲਜ਼ ਖਾਣ ਨੂੰ ਮਿਲਦੇ ਹਨ। ਬੱਚਿਆਂ ਤੇ ਨੌਜਵਾਨਾਂ ਦੀ ਖ਼ੁਰਾਕ 'ਚ ਆਈ ਇਸ ਤਬਦੀਲੀ ਲਈ ਮਾਵਾਂ ਦੇ ਨੌਕਰੀ-ਪੇਸ਼ਾ ਹੋਣ ਕਾਰਨ ਸਮੇਂ ਦੀ ਘਾਟ ਵੀ ਇਸ ਦਾ ਵੱਡਾ ਕਾਰਨ ਹੈ, ਪਰ ਸੋਚਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਜੇ ਅਸੀਂ ਸਾਰੇ ਕੰਮ ਬੱਚਿਆਂ ਲਈ ਕਰਦੇ ਹਾਂ, ਤਾਂ ਉਨ੍ਹਾਂ ਦੀ ਸਿਹਤ ਨਾਲ ਅਜਿਹਾ ਖਿਲਵਾੜ ਕਿਉਂ ?

# ਡਾ: ਐੱਸ ਪੀ ਸਿੰਘ ਤੇ ਸਹਿਜਪ੍ਰੀਤ ਮਾਂਗਟ ਦਾ ਪੰਜਾਬ ਭਵਨ ਕੈਨੇਡਾ 'ਚ ਸਨਮਾਨ

**ਵੈਨਕੂਵਰ/ਬਿਊਰੋ ਨਿਊਜ਼:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਤੇ ਪਰਵਾਸੀ ਸਾਹਿੱਤ ਅਧਿਐਨ ਨੂੰ ਯੂਨੀਵਰਸਟੀਆਂ ਚ ਸਿਲੇਬਸ ਦਾ ਹਿੱਸਾ ਬਣਾਉਣ ਵਾਲੇ ਡਾ: ਐੱਸ ਪੀ ਸਿੰਘ, ਕੈਨੇਡਾ ਵੱਸਦੀ ਉੱਘੀ ਲੇਖਿਕਾ ਇੰਦਰਜੀਤ ਕੌਰ ਸਿੱਧੂ ਤੇ ਪੰਜਾਬੀ ਕਵੀ ਸਹਿਜਪ੍ਰੀਤ ਸਿੰਘ ਮਾਂਗਟ ਮੀਤ ਪ੍ਰਧਾਨ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਨੂੰ ਪੰਜਾਬ ਭਵਨ ਸਰੀ (ਕੈਨੇਡਾ) ਚ ਵੈਨਕੂਵਰ ਵਿਚਾਰ ਮੰਚ ਤੇ ਪੰਜਾਬ ਭਵਨ ਸਰੀ ਵੱਲੋਂ ਇੱਕ ਸਮਾਗਮ ਮੌਕੇ ਸਨਮਾਨਿਤ ਕੀਤਾ ਗਿਆ।



ਇਸ ਮੌਕੇ ਬੋਲਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ ਨੇ ਕਿਹਾ ਕਿ ਜੀ. ਜੀ. ਐੱਨ. ਖਾਲਸਾ ਕਾਲਿਜ ਲੁਧਿਆਣਾ ਚ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਦੀ ਵੱਖਰੀ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ ਜਿਸ ਦਾ ਨੀਂਹ ਪੱਥਰ ਨੇੜਲੇ ਭਵਿੱਖ ਚ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਤ੍ਰੈਮਾਸਿਕ ਖੋਜ ਪੱਤਰ ਪਰਵਾਸ ਨੂੰ ਵੀ ਮੁੜ ਨਵੀਂ ਵਿਉਂਤਕਾਰੀ ਨਾਲ ਆਰੰਭ ਕਰਨ ਦੀ ਯੋਜਨਾ ਹੈ। ਉਨ੍ਹਾਂ ਪੰਜਾਬ ਭਵਨ ਨਾਲ ਸਾਂਝ ਨੂੰ ਸ਼ਕਤੀ ਵਜੋਂ ਪਰਵਾਨਿਆ ਤੇ ਕਿਹਾ ਕਿ ਦੁਵੱਲੇ ਸਹਿਯੋਗ ਨੂੰ ਹੋਰ ਮਜਬੂਤ ਕੀਤਾ ਜਾਵੇਗਾ। ਸਹਿਜਪ੍ਰੀਤ ਸਿੰਘ ਮਾਂਗਟ ਨੇ ਆਪਣੀ ਸਾਹਿੱਤਕ ਯਾਤਰਾ ਚ ਆਪਣੇ ਮਾਤਾ ਜੀ ਤੋਂ ਇਲਾਵਾ ਡਾ: ਦੀਪਕ ਮਨਮੋਹਨ, ਉਜਾਗਰ ਸਿੰਘ ਕੰਵਲ ਤੇ ਗੁਰਭਜਨ ਗਿੱਲ ਵੱਲੋਂ ਮਿਲੇ ਸਨੇਹ ਦਾ ਵਿਸ਼ੇਸ਼ ਜ਼ਿਕਰ ਕੀਤਾ।

ਇਸ ਮੌਕੇ ਸੁੱਖੀ ਬਾਠ, ਜਰਨੈਲ ਸਿੰਘ ਸੇਖਾ, ਮੰਗਾ ਬਾਸੀ, ਜਰਨੈਲ ਸਿੰਘ ਆਰਟਿਸਟ, ਡਾ. ਪ੍ਰਿਥੀਪਾਲ ਸਿੰਘ ਸੋਹੀ, ਮੋਹਨ ਗਿੱਲ, ਅੰਗਰੇਜ਼ ਬਰਾੜ, ਕ੍ਰਿਸ਼ਨ ਭਨੋਟ, ਹਰਚੰਦ ਸਿੰਘ ਬਾਗੜੀ ਦੰਪਤੀ, ਅਮਰੀਕ ਪਲਾਹੀ, ਕਵਿੰਦਰ ਚਾਂਦ ਤੋਂ ਇਲਾਵਾ ਕਈ ਹੋਰ ਸਿਰਕੱਢ ਵਿਅਕਤੀ ਹਾਜ਼ਰ ਸਨ। ਪੰਜਾਬ ਭਵਨ ਦੇ ਸੰਸਥਾਪਕ ਸੁੱਖੀ ਬਾਠ ਨੇ ਕਿਹਾ ਕਿ ਮੇਰੇ ਪਿਤਾ ਜੀ ਸ ਅਰਜਨ ਸਿੰਘ ਬਾਠ ਜੀ ਦੀ ਯਾਦ ਚ ਸਥਾਪਤ ਪੰਜਾਬ ਭਵਨ ਇੰਨੀ ਥੋੜੀ ਉਮਰ 'ਚ ਹੀ ਡੂੰਘੀਆਂ ਜੜ੍ਹਾਂ ਵਾਲਾ ਘਣਛਾਵਾਂ ਬਿਰਖ ਬਣ ਜਾਵੇਗਾ, ਮੈਂ ਕਦੇ ਨਹੀਂ ਸੀ ਸੋਚਿਆ। ਸਭ ਲੇਖਕਾਂ ਨੇ ਸਮਾਗਮ ਚ ਭਰਵੀਂ ਸ਼ਿਰਕਤ ਕੀਤੀ। ਪੰਜਾਬੀ ਲੇਖਕ ਮੋਹਨ ਗਿੱਲ ਤੇ ਅੰਗਰੇਜ਼ ਬਰਾੜ ਨੇ ਸਭ ਮਹਿਮਾਨ ਦਾ ਧੰਨਵਾਦ ਕੀਤਾ।

# ਗੁਰਦੁਆਰਾ ਪਤਾਲਪੁਰੀ ਦੇ ਅਸਥਘਾਟ ਦਾ ਪਾਣੀ ਪ੍ਰਦੂਸ਼ਣ-ਮੁਕਤ ਕੀਤਾ ਜਾਵੇਗਾ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼:** ਖਾਲਸੇ ਦੇ ਜਨਮ ਸਥਾਨ ਵਾਲੇ ਇਸ ਸ਼ਹਿਰ ਤੋਂ ਥੋੜੀ ਦੂਰ ਕੀਰਤਪੁਰ ਸਾਹਿਬ ਵਿਖੇ ਇਤਿਹਾਸਕ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਅਸਥਘਾਟ ਦੇ ਪਾਣੀ ਨੂੰ ਪ੍ਰਦੂਸ਼ਣ-ਮੁਕਤ ਕੀਤਾ ਜਾਏਗਾ। ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਐਲਾਨ ਤੋਂ ਬਾਅਦ ਵਿਭਾਗ ਨੇ ਇਸ ਪਾਣੀ ਨੂੰ ਸਾਫ ਕਰਵਾਉਣ ਲਈ 7.73 ਕਰੋੜ ਰੁਪਏ ਦੇ ਟੈਂਡਰ ਲਗਾ ਕੇ ਮਈ ਮਹੀਨੇ 'ਚ ਕੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਕੀਰਤਪੁਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਪਤਾਲਪੁਰੀ ਸਾਹਿਬ ਵਿੱਚ ਸਿੱਖ ਪਰਿਵਾਰਾਂ ਦੇ ਮ੍ਰਿਤਕ ਜੀਆਂ ਦੀਆਂ ਅਸਥੀਆਂ ਜਲ ਪ੍ਰਵਾਹ ਕੀਤੀਆਂ ਜਾਂਦੀਆਂ ਹਨ। ਇਸੇ ਦੌਰਾਨ ਪਰਿਵਾਰਕ ਮੈਂਬਰ ਸਤਲੁਜ ਦਰਿਆ ਦੇ ਪਾਣੀ ਨੂੰ ਪਵਿੱਤਰ ਸਮਝ ਕੇ ਇਸ਼ਨਾਨ ਵੀ ਕਰਦੇ ਹਨ। ਇਸ ਪਾਣੀ 'ਚ ਸ੍ਰੀ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਸੀਵਰੇਜ ਦਾ ਗੰਦਾ ਪਾਣੀ ਰਲਦਾ ਹੈ ਅਤੇ ਪਾਣੀ ਪਲੀਤ ਹੋ ਜਾਂਦਾ ਹੈ।

ਕੁਝ ਸਮਾਂ ਪਹਿਲਾਂ ਸੰਤ ਬਲਵੀਰ ਸਿੰਘ ਸੀਚੇਵਾਲ ਨਾਲ ਇਸ ਸਥਾਨ 'ਤੇ ਪਹੁੰਚੇ ਸ੍ਰੀ ਨਵਜੋਤ ਸਿੱਧੂ ਨੇ ਪ੍ਰਣ ਕੀਤਾ ਸੀ ਕਿ ਸ਼ਰਧਾਲੂਆਂ ਦੀ ਇਸ ਸਮੱਸਿਆ ਨੂੰ ਜਲਦੀ ਹੱਲ ਕੀਤਾ ਜਾਏਗਾ। ਅਧਿਕਾਰੀਆਂ ਨੇ ਹੁਣ 7.73 ਕਰੋੜ ਰੁਪਏ ਦੇ ਟੈਂਡਰ ਲਗਾ ਦਿੱਤੇ ਹਨ ਅਤੇ ਦੋ ਕੰਮ ਵੀ ਅਲਾਟ ਕਰ ਦਿੱਤੇ ਗਏ ਹਨ। ਮਈ ਮਹੀਨੇ 'ਚ ਕੰਮ ਜੰਗੀ ਪੱਧਰ 'ਤੇ ਸ਼ੁਰੂ ਹੋ ਜਾਵੇਗਾ। ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜਨੀਅਰ ਰਾਹੁਲ ਕੌਸ਼ਲ ਨੇ ਦੱਸਿਆ ਕਿ ਜਲਦੀ ਹੀ ਸੀਵਰੇਜ ਟਰੀਟਮੈਂਟ ਪਲਾਂਟ ਤਿਆਰ ਕਰਵਾਇਆ ਜਾਵੇਗਾ ਤਾਂ ਜੋ ਸਮੱਸਿਆ ਪੱਕੇ ਤੌਰ 'ਤੇ ਹੱਲ ਹੋ ਸਕੇ।

ਪੰਜਾਬੀ ਸਾਹਿਤ ਜਗਤ

# ਸਿੱਖ-ਕਾਲ ਦੀ ਪੰਜਾਬੀ ਕਵਿਤਾ ’ਚ ਦੇਸ-ਪਿਆਰ

**ਪ੍ਰੋ. ਪ੍ਰੀਤਮ ਸਿੰਘ**

ਪੰਜਾਬੀ ਸਾਹਿੱਤ ’ਚ ਦੇਸ-ਭਗਤੀਆਂ ਦਾ ਜ਼ਿਕਰ ਮਿਲਦਾ ਹੈ, ਪਰ ਸਿੱਖ-ਕਾਲ ਦਾ ਕਾਵਿ-ਸਾਹਿੱਤ, ਪੰਜਾਬੀ ਦੇਸ-ਭਗਤੀ ਦੇ ਵਿਕਾਸ ਵਿੱਚ, ਸ਼ਾਇਦ ਹੋਰ ਕਾਲਾਂ ਤੋਂ ਵੱਧ ਸੁਆਦਲਾ ਮੁਤਾਲਿਆ ਪੇਸ਼ ਕਰਦਾ ਹੈ। ਮਿਸਾਲ ਵਜੋਂ, ਗੁਰੂ ਨਾਨਕ ਦੇਵ ਤੇ ਨਜਾਬਤ ਵਿੱਚ, ਪੰਜਾਬ ਤੇ ਹਿੰਦੁਸਤਾਨ ਦੇ ਵਿਰੋਧੀ ਧੜੇ ਨਹੀਂ, ਇੱਕੋ ਵੇਲੇ ਦੋਹਾਂ ਨੂੰ ਪਿਆਰ ਹੋ ਸਕਦਾ ਹੈ।

ਗੁਰੂ ਨਾਨਕ ਦੇਵ ਜੇ ਆਪਣੀ ਇੱਕ ਬਾਣੀ ਵਿੱਚ ਆਪਣੇ ਬਾਰ ਦੇ ਇਲਾਕੇ ਦੇ ਜੀਵਾਂ-ਜੰਤੂਆਂ ਤੇ ਬਨਸਪਤੀ ਦੀ ਇੱਕ ਚਿਤਰਾਵਲੀ ਪੇਸ਼ ਕਰਦੇ ਹਨ, ਤਾਂ ਇੱਕ ਹੋਰ ਬਾਣੀ ਵਿੱਚ ਹਿੰਦੁਸਤਾਨ ਉੱਤੇ ਚੜ੍ਹ ਕੇ ਆਈ ‘ਪਾਪ ਕੀ ਜੰਞ’ ਨੂੰ ਵੇਖ ਕੇ ‘ਖ਼ੂਨ ਕੇ ਸੋਹਿਲੇ’ ਵੀ ਗਾ ਉੱਠਦੇ ਹਨ। ਗੁਰੂ ਸਾਹਿਬ ਦੇ ਦੇਸ-ਪਿਆਰ ਵਿੱਚ ਸਮੁੱਚੇ ਦੇਸ ਦੀ ਭੂਗੋਲਿਕ ਤੇ ਸੱਭਿਆਚਾਰਕ ਉਪਜ, ਉਸ ਦੀ ਭਾਸ਼ਾ ਤੇ ਖਾਣ-ਪਹਿਨਣ, ਆਦਿ ਦੀਆਂ ਆਦਤਾਂ ਸ਼ਾਮਲ ਹਨ- ‘ਘਰਿ ਘਰਿ ਮੀਆ, ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ’; ਨੀਲ ਬਸਤ੍ਰ ਲੈ ਕੱਪੜੇ ਪਹਿਰੇ, ਤੁਰਕ ਪਠਾਣੀ ਅਮਲੁ ਕੀਆ ਤੇ ਅਭਾਖਿਆ ਕਾ ਕੁਠਾ ਬਕਰਾ ਖਾਣਾ।। ਚਉਕੇ ਉਪਰਿ ਕਿਸੈ ਨ ਜਾਣਾ, ਵਰਗੀਆਂ ਤੁਕਾਂ ਤੋਂ ਪ੍ਰਗਟ ਹੈ ਕਿ ਗੁਰੂ ਨਾਨਕ ਦੇਵ ਆਪਣੇ ਸਮੇਂ ਦੇ ਪਠਾਣ ਹਾਕਮਾਂ ਨੂੰ ਦੋਹੀਂ ਹੱਥੀਂ ਲੈਂਦੇ ਹਨ, ਕਿਉਂਕਿ ਉਨ੍ਹਾਂ ਨੇ ਹਿੰਦੁਸਤਾਨ ਵਰਗੇ ਹੀਰੇ ਨੂੰ ਆਪਣੀ ਕਾਇਰਤਾ ਕਰਕੇ ਮਿੱਟੀ ਘੱਟੇ ਵਿੱਚ ਰੁਲਣ ਦਿੱਤਾ।

ਨਜਾਬਤ ਦੀ ‘ਵਾਰ’ ਵਿੱਚ ਸੰਨਿਆਸੀਆਂ ਦੇ ਆਗੂ ਭੂਪਤ ਰਾਏ ਨੂੰ ਵਤਨ ਵੱਲੋਂ ਨਿਲੱਜੇ ਹੋਣ ਦਾ ਮਿਹਣਾ ਪਹੁੰਚਦਾ ਹੈ, ਤਾਂ ਉਹ ਆਪਣੇ ਸਾਥੀਆਂ ਨੂੰ ਜਿਹੜੀ ਵੰਗਾਰ ਪਾਉਂਦਾ , ਉਸ ਵਿੱਚ ਪੰਜਾਬ ਤੇ ਹਿੰਦ ਨੂੰ ਇਕੱਠਿਆਂ ਵਰਤਦਾ ਹੈ:

ਸਾਡਾ ਮੁਲਕ ਪੰਜਾਬ<br>
ਵਲਾਯਤ ਤੇ ਹਿੰਦ ਜਾਗੀਰਾਂ।

ਪੰਜਾਬ ਤੋਂ ਹਿੰਦ ਵੱਲ ਵਿਕਾਸ ਦੀ ਇੱਕ ਅੱਤ ਸੁੰਦਰ ਮਿਸਾਲ ਮਿਰਜ਼ਾ ਕਲੰਦਰ ਬੇਗ ਦੇ ਹਾਲ ਵਿੱਚ ਆਉਂਦੀ , ਜਦੋਂ ਉਹ ਨਵਾਬ ਲਾਹੌਰ ਵੱਲ ਭੇਜੇ ਇੱਕ ਸੁਨੇਹੇ ਵਿੱਚ ਕਹਿੰਦਾ ਹੈ-

ਮਨਸੂਰ ਨਿਜ਼ਾਮੁਲ-ਮੁਲਕ ਦੀ,<br>
ਜੜ੍ਹ ਮੁੱਢੋਂ ਜਾਏ।<br>
ਜਿਨ੍ਹਾਂ ਬਾਲ ਮਤਾਬੀ ਚੋਰ ਨੂੰ,<br>
ਘਰ ਆਪ ਵਿਖਾਏ।<br>
ਏਸੇ ਮੁਲਕ ਪੰਜਾਬ ਵਿੱਚ,<br>
ਚੜ੍ਹ ਹੁਕਮ ਕਮਾਏ।<br>
ਜ਼ਰੀ ਬਾਦਲੇ ਪਹਿਨ ਕੇ,<br>
ਬਾਜ਼ ਜੁੱਰੇ ਉਡਾਏ।<br>
ਤੇ ਇੱਥੋਂ ਭੱਜਾ ਕੰਡ ਦੇ,<br>
ਜਗ ਲਾਨ੍ਹਤ ਪਾਏ।<br>
ਪਰ ਸਿਰ ਦੇਣਾ ਮਨਜ਼ੂਰ ਹੈ, ਜੇ<br>
ਹਿੰਦ ਨ ਜਾਏ ।43।

ਨਜਾਬਤ ਰਾਜਸੀ ਦੁਰਦਸ਼ਾ ਤੇ ਅਖ਼ਲਾਕੀ ਅਧੋਗਤੀ ਦਾ ਤਿੱਖਾ ਆਲੋਚਕ ਹੈ ਤੇ ਦੇਸ਼-ਧਰੋਹੀਆਂ ਦੀ ਅੱਛੀ-ਖ਼ਾਸੀ ਭੁਗਤ ਸੁਆਰਦਾ ਹੈ।

ਗੁਰੂ ਨਾਨਕ ਦੇਵ ਜੀ ਤੇ ਨਜਾਬਤ ਦੀ ਕਵਿਤਾ ਦੇ ਇਨ੍ਹਾਂ ਹਵਾਲਿਆਂ ਤੋਂ ਸਿੱਧ ਹੈ ਕਿ ਸਿੱਖ-ਕਾਲ ਤੋਂ ਪਹਿਲਾਂ ਦੀ ਦੇਸ-ਪਿਆਰ ਦੀ ਪ੍ਰਤੀਨਿੱਧ ਕਵਿਤਾ ਵਿੱਚ ਸਾਰਾ ਜ਼ੋਰ ਦੁਸ਼ਮਣ ਦੇ ਹਮਲੇ ਰੋਕਣ ਉੱਤੇ ਲੱਗਿਆ ਹੈ, ਹਮਲੇ ਕਰਨ ਉੱਤੇ ਨਹੀਂ; ਸੁਰੱਖਿਆ ਉੱਤੇ ਹੈ, ਹਮਲੇ ਉੱਤੇ ਨਹੀਂ, ਪਰ ਸਿੱਖ-ਕਾਲ ਵਿੱਚ ਦਾਖ਼ਲ ਹੁੰਦੇ ਸਾਰ ਹੀ ਸਾਡੇ ਕਵੀਆਂ ਦੀ ਮਾਨਸਿਕ ਦਸ਼ਾ ਵਿੱਚ ਇੱਕ ਵੱਡੀ ਤਬਦੀਲੀ ਦਿੱਸਣ ਲੱਗ ਪੈਂਦੀ ਹੈ। ਉਹੀ ਲੋਕ ਜਿਨ੍ਹਾਂ ਦੀਆਂ ਛਾਤੀਆਂ ਨਾਲ ਦੁਸ਼ਮਣਾਂ ਦੇ ਝੰਡੇ ਟੰਗੇ ਰਹਿੰਦੇ ਸਨ, ਹੁਣ ਆਪਣੇ ਝੰਡੇ ਦੁਸ਼ਮਣਾਂ ਦੇ ਕੋਠਿਆਂ ਉੱਤੇ ਝੁਲਾਉਣ ਲੱਗ ਪਏ। ਜਿਨ੍ਹਾਂ ਲੋਕਾਂ ਦੀਆਂ ਸੁੰਗੜੀਆਂ ਪਿੱਠਾਂ ਸਦਾ ਉੱਤਰ-ਪੱਛਮ ਵੱਲ ਰਹਿੰਦੀਆਂ ਸਨ, ਉਨ੍ਹਾਂ ਦੀਆਂ ਛਾਤੀਆਂ, ਚੌੜੀਆਂ ਹੋ ਕੇ, ਪਾਸੇ ਪਰਤ ਚੁੱਕੀਆਂ ਸਨ। ਪਹਿਲੀ ਵਾਰ ਦੁਸ਼ਮਣ ਨੂੰ ਆਪਣੇ ਘਰ, ਆਪਣੀ ਇੱਜ਼ਤ ਤੇ ਆਪਣੀ ਜਾਨ ਦਾ ਫ਼ਿਕਰ ਪੈਣ ਲੱਗਾ ਸੀ, ਪਹਿਲੀ ਵਾਰ ਪੰਜਾਬ, ਦਲਿੱਦਰ ਛੱਡ ਕੇ, ਹੋਣੀਆਂ ਦਾ ਮਾਲਕ ਬਣਿਆ ਸੀ, ਇਸ ਲਈ ਜਾਗੇ ਹੋਏ ਪੰਜਾਬ ਦੇ ਕਵੀਆਂ ਦਾ ਰੁਖ਼ ਵੀ ਭਾਰਤ ਦੀ ਪੱਛਮੋਤਰੀ ਵੱਖੀ ਵੱਲ ਮੁੜਿਆ, ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ਾ ਕਰਨ ਤੋਂ ਦੋ ਵਰ੍ਹੇ ਪਹਿਲਾਂ ਹੀ ਭਾਈ ਦਿਆਲ ਸਿੰਘ ਆਪਣੇ ਫ਼ਤਿਹਨਾਮੇ ਵਿੱਚ ਕਹਿੰਦਾ ਹੈ :



ਗਿਲਜੇ ਵੱਗੀ ਰੱਬ ਦੀ ਮਾਰ।<br>
ਪਿੜ ਵਿੱਚ ਮਾਰੇ ਚਾਰੇ ਯਾਰ।<br>
ਕੀਤੇ ਕਰਮ ਸੁ ਆਏ ਕਾਰ।<br>
ਨੱਠਾ ਕਾਬਲ ਤੇ ਕੰਧਾਰ।<br>
ਆਇਆ ਖ਼ਾਲਸਾ।<br>
ਖ਼ਬਰਾਂ ਗਈਆਂ ਧੁਰ ਪਾਤਸ਼ਾਹ।<br>
ਮਾਰੀ ਟੋਪੀ ਭੋਇੰ ਤੇ ਲਾਹਿ।<br>
ਰੱਬਾ ਕੀ ਕੁੱਝ ਕੀਤੋ ਆਹਿ।<br>
ਸਾਡਾ ਦਿੱਤੋ ਫ਼ਿਰਕਾ ਢਾਹਿ।<br>
ਵਿੱਚ ਪੰਜਾਬ ਦੇ ।14।<br>
ਗੰਡਾ ਸਿੰਘ, ਪੰਜਾਬ ਦੀਆਂ ਵਾਰਾਂ,<br>
ਪੰਨਾ 88-89

ਰਾਮ ਦਿਆਲ ਸਿੰਘ ਅਨਦ ਆਪਣੀ ਰਚਨਾ ਜੰਗਨਾਮਾ ਸਰਦਾਰ ਹਰੀ ਸਿੰਘ ਵਿੱਚ ਸਹਿਜ-ਸੁਭਾ ਹੀ ਉਸ ਵੇਲੇ ਦੇ ਰਾਜਸੀ ਟੀਚੇ ਨੂੰ ਇਉਂ ਬਿਆਨ ਕਰ ਜਾਂਦਾ ਹੈ :

ਮੁਲਖ ਸਭ ਸਰਕਾਰ ਨੂੰ ਸਾਧ ਦਿੱਤੇ,<br>
ਦਾਈਆ ਖ਼ੈਬਰੋਂ ਅੱਗੇ ਦਾ ਚਾਂਵਦਾ ਈ।<br>
ਪੰਨਾ 121

ਕਵੀ ਨਿਹਾਲ ਸਿੰਘ, ਰਾਮ ਦਿਆਲ ਨੂੰ ਵੀ ਮਾਤ ਪਾਉਂਦਾ :

ਕਲਾਨੌਰ, ਫਿਲੌਰ, ਪਿਸ਼ੌਰ ਤਾਈਂ,<br>
ਟਕੇ ਦੇਂਵਦੇ ਨੀ ਮਾਰੇ ਹੂਰਿਆਂ ਦੇ।<br>
ਤੇਗ਼, ਢਾਲ, ਤਲਵਾਰ, ਤੁਫ਼ੰਗ, ਨੇਜ਼ੇ,<br>
ਕੌਣ ਅਟਕਦਾ ਈ ਅੱਗੇ ਸੂਰਿਆਂ ਦੇ।<br>
ਪੈਣ ਭਾਜੜਾਂ ਚੀਨ ਮਾਚੀਨ ਤਾਈਂ,<br>
ਕਾਬਲ ਕੰਬਦਾ ਨਾਲ ਖੰਘੂਰਿਆਂ ਦੇ ।4।<br>
ਪੰਨਾ 153

ਇਉਂ ਸਿੱਖ-ਕਾਲ ਦੀ ਦੇਸ-ਭਗਤ ਕਵਿਤਾ ਦਾ ਇੱਕ ਲੱਛਣ ਪੰਜਾਬ ਦੇ ਰਾਜਸੀ ਪ੍ਰਭਾਵ ਦੇ ਉੱਤਰ-ਪੱਛਮ ਵੱਲ ਪੱਸਰਨ ਉੱਤੇ ਮਾਣ ਸੀ। ਕਿਸੇ-ਕਿਸੇ ਰਚਨਾ ਵਿੱਚ ਇਸ ਪ੍ਰਭਾਵ ਨੂੰ ਸਤਲੁਜੋਂ ਪਾਰ ਦੱਖਣ-ਪੂਰਬ ਜਾਂ ਦੱਖਣ-ਪੱਛਮ ਵੱਲ ਵੱਧਦੇ ਵੀ ਵਿਖਾਇਆ ਗਿਆ ਹੈ, ਜਿਵੇਂ ਕਾਦਰਯਾਰ ਵਾਰ ਹਰੀ ਸਿੰਘ ਵਿੱਚ ਕਹਿੰਦਾ ਹੈ :

ਦਿੱਲੀ ਦੱਖਣ ਤੇ ਚੀਨ ਮਾਚੀਨ ਤਾਈਂ<br>
ਬਾਦਸ਼ਾਹਾਂ ਨੂੰ ਖ਼ੌਫ਼ ਜ਼ਰੂਰ ਸਾਰੇ।<br>
(ਵਾਰ ਸ਼ਾਹ ਮੁਹੰਮਦ)

ਪਰ ਮਹਾਰਾਜਾ ਰਣਜੀਤ ਸਿੰਘ ਲਈ ਸਤਲੁਜੋਂ ਪਾਰ ਦਾ ਹਿੰਦੁਸਤਾਨ, ਅੰਗਰੇਜ਼ਾਂ ਦੀ ਰਾਜਨੀਤੀ ਤੇ ਤਾਕਤ ਕਰਕੇ, ਬੰਦ ਬੂਹੇ ਵਾਂਗ ਸੀ। ਉਸ ਨੇ ਆਪਣੇ ਜੀਵਨ ਵਿੱਚ ਹੀ ਸਤਲੁਜ ਨੂੰ ਪਾਰ ਕਰਨ ਦਾ ਇਰਾਦਾ ਜੇ ਤਿਆਗ ਨਹੀਂ ਸੀ ਦਿੱਤਾ, ਤਾਂ ਮੁਲਤਵੀ ਜ਼ਰੂਰ ਕਰ ਦਿੱਤਾ ਸੀ। ਇਸੇ ਲਈ ਉਸ ਵੇਲੇ ਦੀ ਸਰਕਾਰ ਵਾਂਗ, ਆਮ ਲੋਕਾਂ ਤੇ ਕਵੀਆਂ ਦੀ ਨਿਗਾਹ ਵੀ ਕਾਬਲ, ਕੰਧਾਰ ਤੇ ਚੀਨ-ਮਾਚੀਨ ਵੱਲ ਰਹਿੰਦੀ ਸੀ। ਹਿੰਦੁਸਤਾਨ ਵੱਲ ਦੀ ਸਰਹੱਦ ਦੇ ਬੰਦ ਹੋ ਜਾਣ ਦਾ ਇੱਕ ਫਲ ਇਹ ਹੋਇਆ ਕਿ ਪੰਜਾਬ ਤੇ ਹਿੰਦ ਦੋ ਅੱਡ-ਅੱਡ ਦੇਸ ਬਣ ਗਏ। ਇਹ ਵਿੱਥ ਹੌਲੀ-ਹੌਲੀ ਏਨੀ ਵੱਧ ਗਈ ਕਿ ਸਿੱਖਾਂ ਤੇ ਅੰਗਰੇਜ਼ਾਂ ਦੀ ਜੰਗ ਨੂੰ ਸ਼ਾਹ ਮੁਹੰਮਦ ਪੰਜਾਬ ਤੇ ਹਿੰਦੁਸਤਾਨ ਦਾ ਘੋਲ ਸਮਝਦਾ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ<br>
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।<br>
(ਵਾਰ ਸ਼ਾਹ ਮੁਹੰਮਦ)

ਇਹੀ ਕਵੀ, ਇੱਕ ਹੋਰ ਥਾਂ, ਹਿੰਦੁਸਤਾਨ ਤੇ ਪੰਜਾਬ ਨੂੰ ਵਿਰੋਧੀ ਧਿਰਾਂ ਵਿੱਚ ਇਉਂ ਖੜ੍ਹਾ ਕਰਦਾ ਹੈ-

ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,<br>
ਦਿੱਲੀ, ਆਗਰੇ, ਹਾਂਸੀ, ਹਸਾਰ ਮੀਆਂ।<br>
ਬੀਕਾਨੇਰ, ਲਖਨਊ, ਅਜਮੇਰ, ਜੈਪੁਰ,<br>
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।<br>
ਚੱਲੀ ਸਭ ਪੰਜਾਬ ਦੀ ਬਾਦਸ਼ਾਹੀ,<br>
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।<br>
(ਵਾਰ ਸ਼ਾਹ ਮੁਹੰਮਦ)

‘ਹਿੰਦੁਸਤਾਨ’ ਨੂੰ ਅੰਗਰੇਜ਼ ਹਰਾ ਚੁੱਕਾ ਸੀ ਤੇ ਪੰਜਾਬ ਅਜੇ ਅਜ਼ਾਦ ਸੀ, ਪਰ ਹਿੰਦੁਸਤਾਨ ਦੇ ਅੰਗਰੇਜ਼ ਹਾਕਮ ਪੰਜਾਬ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖਦੇ ਸਨ, ਇਸ ਲਈ ਪੰਜਾਬੀਆਂ ਦੇ ਮਨਾਂ ’ਚ ਹਿੰਦੁਸਤਾਨ ਵਾਲੀ ਥਾਂ, ਪੰਜਾਬ ਨੇ ਮੱਲ ਲਈ। ਜਿਵੇਂ, ਮੀਰ ਗ਼ੁਲਾਮ ਚੀਚਾ ਭਕਨੀਆਂ ਦੀ ਜੱਟਾਂ ਦੀ ਵਾਰ ਵਿੱਚ ਆਉਂਦਾ :

ਦਿੱਲੀ ਤਖ਼ਤ, ਲਹੌਰ,<br>
ਕਸੂਰਬ, ਠੱਟਾ, ਭੱਖਰ, ਦੱਖਣ, ਪੂਰਬ,<br>
ਸਿਰ ਧਰਤੀ ਪੰਜਾਬ ਸੁਹਾਵੀ,<br>
ਵਿੱਚ ਚੋਖਾ ਮੁਲਖ ਬਹਾਰਾਂ ਦਾ।<br>
(ਗੰਡਾ ਸਿੰਘ, ਪੰਜਾਬ ਦੀਆਂ ਵਾਰਾਂ,<br>
ਪੰਨਾ 150)

ਸਿੱਖ-ਕਾਲ ਦੇ ਸ਼ਾਇਰ ਜਾਂ ਤਾਂ ਸਤਲੁਜ ਤੋਂ ਪਾਰ ਵੱਲ ਝਾਕਦੇ ਹੀ ਨਹੀਂ ਤੇ ਜੇ ਝਾਕਦੇ ਹਨ, ਤਾਂ ਕੈਰੀਆਂ ਅੱਖਾਂ ਨਾਲ। ਇਉਂ ਲੱਗਦਾ ਹੈ ਕਿ ਜਿਵੇਂ ਦਿੱਲੀ ਤੇ ਦੱਖਣ ਨੂੰ ਪੰਜਾਬ ਸਰਕਾਰ ਹੀ ਧਮਕ ਨਾਲ ਕੰਬਦਾ ਵਿਖਾ ਕੇ ਉਹ ਆਪਣੇ ਮਨ ਦੀ ਕੋਈ ਅਪੂਰਨ ਰੀਝ ਪੂਰੀ ਕਰਨੀ ਚਾਹੁੰਦੇ ਹੋਣ।

ਸਿੱਖ-ਕਾਲ ਦੇ ਸਾਹਿੱਤ ਵਿੱਚ ਦੇਸ-ਭਗਤੀ ਦਾ ਇੱਕ ਰੂਪ ਮਹਾਰਾਜਾ ਰਣਜੀਤ ਸਿੰਘ ਦੀ ਉਪਮਾ ਤੇ ਸ਼ੋਭਾ ਦਾ ਹੈ। ਮਹਾਰਾਜਾ ਰਣਜੀਤ ਸਿੰਘ, ਜਿਸ ਨੂੰ ਆਦਰ ਨਾਲ ‘ਸਰਕਾਰ’ ਕਿਹਾ ਜਾਂਦਾ ਸੀ, ਪੰਜਾਬ ਦਾ ਇੱਕ ਮਹਾਨ ਉਸਰੱਈਆ ਸੀ। ਉਸ ਦੀ ਨਿਰਭੈਤਾ, ਉਦਾਰਤਾ ਤੇ ਸਮਦ੍ਰਿਸ਼ਟਤਾ, ਉਸ ਦੇ ਲੋਕ-ਹਿੱਤ, ਸੁਪ੍ਰਬੰਧ ਤੇ ਅਨੇਕ ਜਿੱਤਾਂ ਨੇ ਉਸ ਨੂੰ ਲੋਕ-ਸ਼ਰਧਾ ਦਾ ਪਾਤਰ ਬਣਾ ਦਿੱਤਾ ਸੀ।

ਇਸ ਲਈ ਇਸ ਮਹਾਰਾਜੇ ਦਾ ਆਪਣੇ ਸਮੇਂ ਦੇ ਸਾਹਿੱਤ ਦੇ ਇੱਕ ਵੱਡੇ ਭਾਗ ਉੱਤੇ ਛਾਏ ਹੋਣਾ ਅਸਲੋਂ ਸੁਭਾਵਿਕ ਸੀ। ਜਿੰਨਾ ਚਿਰ ਮਹਾਰਾਜਾ ਆਪ ਜੀਉਂਦਾ ਰਿਹਾ, ਰਾਜ-ਪ੍ਰਬੰਧ ਵੀ ਤਗੜਾ ਰਿਹਾ, ਪਰ ਜਿਉਂ ਹੀ ਉਸ ਨੇ ਅੱਖਾਂ ਮੀਟੀਆਂ, ਖ਼ਾਨਾ-ਜੰਗੀ ਤੇ ਅੰਗਰੇਜ਼ਾਂ ਦੀ ਦਖ਼ਲ-ਅੰਦਾਜ਼ੀ ਨੇ ਪੰਜਾਬ ਦੀ ਮੀਟੀ ਹੋਈ ਮੁੱਠੀ ਖੋਲ੍ਹ ਦਿੱਤੀ। ਉਸ ਦੀ ਮੌਤ ਦੇ ਕੁੱਲ ਦਸਾਂ ਵਰ੍ਹਿਆਂ ਪਿੱਛੋਂ ਚੀਨ-ਮਾਚੀਨ, ਕਾਬਲ-ਕੰਧਾਰ ਤੇ ਦਿੱਲੀ-ਦੱਖਣ ਨੂੰ ਧਮਕਾਉਣ ਵਾਲੀ ਸਲਤਨਤ ਅੰਗਰੇਜ਼ੀ ਸਾਮਰਾਜ ਦਾ ਇੱਕ ਸੂਬਾ ਬਣ ਕੇ ਰਹਿ ਗਈ। ਦੋ ਤਿੰਨ ਵਾਰੀ ਫ਼ੌਜਾਂ ਨੇ ਹਿੰਮਤ ਕੀਤੀ, ਪਰ ਮੁੱਲ-ਖ਼ਰੀਦੇ ਗੋਲਿਆਂ ਦੀ ਕਪਟ ਭਰੀ ਅਗਵਾਈ ਵਿੱਚ ਅੰਤ ਵਿੱਚ ਜਿੱਤ ਕੇ ਹਾਰ ਗਈਆਂ-

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,<br>
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।<br>
(ਵਾਰ ਸ਼ਾਹ ਮੁਹੰਮਦ)

ਭਾਈ ਕਾਨ੍ਹ ਸਿੰਘ ਬੰਗਿਆਂ ਵਾਲਾ, ਆਪਣੇ ਲਾਹੌਰ ਦੇ ਜੰਗਨਾਮੇ ਵਿੱਚ ਸੱਚ ਕਹਿੰਦਾ ਹੈ-

ਉੱਧਰ ਲਾਟ ਸਾਹਿਬ ਸ਼ਬਾਸੀ ਕਰੈ,<br>
ਇਧਰ ਫ਼ੌਜ ਸ਼ਾਹੀ ਬਿਮਾਲਿਕ ਮਰੈ।<br>
ਉਧਰ ਲਾਟ ਦੇਤਾ ਹੈ ਤਲਬੇਂ ਤਮਾਮ,<br>
ਇਧਰ ਸਿੰਘ ਲੜਤੇ ਹੈਂ ਬੇਦਾਮ ਆਮ।<br>
(ਗੰਡਾ ਸਿੰਘ, ਪੰਜਾਬ ਦੀਆਂ ਵਾਰਾਂ<br>
ਪੰਨਾ 264)

ਪੰਜਾਬ ਦੀ ਆਜ਼ਾਦੀ ਖੁੱਸ ਗਈ, ਪੰਜਾਬ ਦਾ ਜਵਾਨ ਸੂਹਾ ਲਹੂ ਗੋਰੇ ਗਿਰਝਾਂ ਦੀ ਦਾਨਵੀ ਤੇਹ ਮਿਟਾਉਣ ਲਈ ਕੁੱਪੇ ਭਰ ਭਰ ਵੀਟਿਆ ਗਿਆ। ਪੰਜਾਬ ਦਾ ਸ਼ਾਇਰ ਸ਼ਾਹ ਮੁਹੰਮਦ ਇਸੇ ਸੱਜਰੀ ਰੱਤ ਦੀ ਰੰਗਤ ਆਪਣੇ ਜੰਗਨਾਮੇ ਉੱਤੇ ਲਿਆਉਣ ਵਿੱਚ ਸਫਲ ਹੋਇਆ ਹੈ। ਅਜ਼ਾਦੀ ਦੀ ਸੁਰੱਖਿਆ ਲਈ ਵਗੇ ਖ਼ੂਨ ਵਿੱਚ ਆਪਣੀ ਕਲਮ ਡੁਬੋ ਕੇ, ਉਸ ਨੇ ਸੁਤੰਤਰ ਪੰਜਾਬ ਦੇ ਅੰਤਿਮ ਸਾਕੇ ਉੱਤੇ ਇੱਕ ਅਦੁੱਤੀ ਵੈਣ ਲਿਖਿਆ ਹੈ ਤੇ ਕਿਵੇਂ ਕਿਹਾ ਜਾਵੇ ਕਿ ਉਹ ਕੈਸਾ ਹੈ ? ਉਹ ਪੰਜਾਬੀ ਸਾਹਿੱਤ ਉੱਤੇ ਰੱਤ ਦੇ ਕੁੰਗੂ ਦਾ ਇੱਕ ਤਰੌਂਕਾ ਹੈ, ਜਿਸ ਦਾ ਰੰਗ ਸ਼ਾਇਦ ਕਦੀ ਵੀ ਫਿੱਕਾ ਨਹੀਂ ਹੋਣਾ। ਕਿਹੜਾ ਪੰਜਾਬੀ ਹੈ, ਜਿਸ ਨੇ ਕਦੀ ਨਾ ਕਦੀ, ਸ਼ਾਹ ਮੁਹੰਮਦ ਦੀਆਂ ਇਹ ਜਾਂ ਕੋਈ ਹੋਰ ਤੁਕਾਂ ਨਹੀਂ ਗੁਣਗੁਣਾਈਆਂ ?

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,<br>
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।<br>
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,<br>
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।<br>
ਚੜ੍ਹੇ ਸਭ ਮਝੈਲ, ਦੁਆਬੀਏ ਜੀ,<br>
ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।<br>
ਸ਼ਾਹ ਮੁਹੰਮਦਾ ਚੜ੍ਹੇ ਜਮੂਰਖਾਨੇ,<br>
ਹੋਇਆ ਹੁਕਮ ਨਾ<br>
ਲਾਂਵਦੇ ਦੇਰ ਮੀਆਂ ।58।<br>
(ਵਾਰ ਸ਼ਾਹ ਮੁਹੰਮਦ)

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,<br>
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।<br>
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,<br>
ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ।<br>
ਸਣੇ ਆਦਮੀ ਗੋਲੀਆਂ ਨਾਲ ਉੱਡਣ,<br>
ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ।<br>
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,<br>
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ ।92।<br>
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,<br>
ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ।<br>
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,<br>
ਕਦੀ ਨਹੀਂ ਸੀ ਤੀਸਰੀ ਜ਼ਾਤ ਆਈ ।3।<br>
(ਵਾਰ ਸ਼ਾਹ ਮੁਹੰਮਦ)

ਸ਼ਾਹ ਮੁਹੰਮਦ ਸਾਡੀ ਪਿਛਲੀ ਪੰਜਾਬੀਅਤ ਦਾ ਗਵਾਹ ਤੇ ਆਉਣ ਵਾਲੀ ਪੰਜਾਬੀਅਤ ਦਾ ਪ੍ਰਤੀਕ ਹੈ। ਉਸ ਦੀ ਪ੍ਰਸ਼ੰਸਾ ਸੱਚੀ ਹੈ, ਕਿਉਂਕਿ ਪਿੱਠ ਪਿੱਛੇ ਕੀਤੀ ਹੋਈ ਹੈ, ਉਸ ਦਾ ਬਿਆਨ ਹਿਰਦੇ-ਵੇਧਕ ਹੈ, ਕਿਉਂਕਿ ਉਸ ਵਿੱਚ ਅੱਤ-ਕਥਨੀ ਕੋਈ ਨਹੀਂ, ਉਸ ਦਾ ਜਜ਼ਬਾ ਡੂੰਘਾ ਹੈ, ਕਿਉਂਕਿ ਉਹ ਕਿਸੇ ਲਾਲਚ ਲਈ ਨਹੀਂ ਲਿਖ ਰਿਹਾ। ਉਹ ਸਿੱਖ-ਕਾਲ ਦਾ ਇੱਕੋ-ਇੱਕ ਕਵੀ ਹੈ, ਜੋ ਘੂਰਨ ਵੇਲੇ ਘੂਰਦਾ ਤੇ ਥਾਪੜਨ ਵੇਲੇ ਥਾਪੜਦਾ ਹੈ-ਜੋ ਗੁਣਾਂ ਨੂੰ ਹੱਲਾਸ਼ੇਰੀ ਦਿੰਦਾ ਤੇ ਔਗੁਣਾਂ ਨੂੰ ਚੰਗੀ ਤਰ੍ਹਾਂ ਨੰਗਿਆਂ ਕਰਦਾ ਹੈ। ਸ਼ਾਹ ਮੁਹੰਮਦ ਪੰਜਾਬ ਦੀ ਦੇਸ-ਭਗਤ ਕਵਿਤਾ ਦਾ ਸਿਖਰ ਤੇ ਉਸ ਦਾ ਅਨੂਪਮ ਨਮੂਨਾ ਹੈ।

# ਪੰਜਾਬ ਦੀਆਂ ਜੇਲ੍ਹਾਂ ’ਚ ਵਧੀ ਐੱਚਆਈਵੀ ਪੀੜਤਾਂ ਦੀ ਗਿਣਤੀ

**ਚੰਡੀਗੜ੍ਹ/ਬਿਊਰੋ ਨਿਊਜ਼**, ਪੰਜਾਬ ਦੀਆਂ ਜੇਲ੍ਹਾਂ ਵਿੱਚ ਐੱਚਆਈਵੀ ਪੀੜਤ ਕੈਦੀਆਂ ਤੇ ਹਵਾਲਾਤੀਆਂ ਦੀ ਵਧਦੀ ਗਿਣਤੀ ਨੇ ਵਿਭਾਗ ਨੂੰ ਜੇਲ੍ਹਾਂ ਦੀ ਹਾਲਤ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੰਗਲਵਾਰ ਨੂੰ ਇੱਥੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਜੇਲ੍ਹਾਂ ਵਿੱਚ ਕੁੱਲ 1500 ਅਜਿਹੇ ਕੈਦੀਆਂ ਜਾਂ ਹਵਾਲਾਤੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ ਜੋ ਐਚਆਈਵੀ ਪੀੜਤ ਹਨ। ਉਨ੍ਹਾਂ ਕਿਹਾ ਕਿ ਜੇਲ੍ਹਾਂ ਅੰਦਰ ਕੈਦੀਆਂ ਦੀ ਸਿਹਤ ਨੂੰ ਪਹਿਲ ਦਿੱਤੀ ਜਾਵੇਗੀ ਤੇ ਉਹ ਸਿਹਤ ਵਿਭਾਗ ਤੋਂ ਮੰਗ ਕਰਨਗੇ ਕਿ ਜੇਲ੍ਹਾਂ ਅੰਦਰ ਪੱਕੇ ਮਾਹਿਰ ਡਾਕਟਰ ਤਾਇਨਾਤ ਕੀਤੇ ਜਾਣ। ਇਸ ਤੋਂ ਇਲਾਵਾ ਕੈਦੀਆਂ ਲਈ ਸਿਹਤ ਬੀਮਾ ਯੋਜਨਾ ਲਿਆਉਣ ਦੀ ਯੋਜਨਾ ‘ਤੇ ਵੀ ਵਿਚਾਰ ਕੀਤਾ ਜਾਵੇਗਾ। ਮੌਜੂਦਾ ਸਮੇਂ ਜੇਲ੍ਹ ਵਿਭਾਗ ਸਿਹਤ ਮਹਿਕਮੇ ਤੋਂ ਦਵਾਈਆਂ ਖਰੀਦ ਕੇ ਕੈਦੀਆਂ ਨੂੰ ਮੁਫਤ ਮੁਹੱਈਆ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿੱਚ ਕਈ ਕੈਦੀ ਗੰਭੀਰ ਬਿਮਾਰੀਆਂ ਤੋਂ ਪੀੜਤ ਹਨ ਜਿਨ੍ਹਾਂ ਦੇ ਇਲਾਜ ਦਾ ਪੂਰਾ ਖਿਆਲ ਰੱਖਿਆ ਜਾਵੇਗਾ। ਐਚਆਈਵੀ ਰੋਗੀ ਕੈਦੀਆਂ ਦੀ ਪਛਾਣ ਸਿਰਫ਼ ਜੇਲ੍ਹ ’ਚ ਆਉਣ ਸਮੇਂ ਲਏ ਗਏ ਖ਼ੂਨ ਦੇ ਨਮੂਨਿਆਂ ਦੀ ਪਰਖ ਨਾਲ ਹੋਈ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਜੇਕਰ ਸਮੁੱਚੇ ਕੈਦੀਆਂ ਤੇ ਹਵਾਲੀਆਂ ਦਾ ਮੈਡੀਕਲ ਕੀਤਾ ਜਾਵੇ ਤਾਂ ਇਹ ਗਿਣਤੀ ਵਧਣ ਦੇ ਵੀ ਆਸਾਰ ਹਨ। ਸ੍ਰੀ ਰੰਧਾਵਾ ਨੇ ਦੱਸਿਆ ਕਿ ਜੇਲ੍ਹਾਂ ਵਿੱਚ ਸੀਸੀਟੀਵੀ ਕੈਮਰੇ ਸਥਾਪਤ ਕੀਤੇ ਜਾਣਗੇ ਤੇ ਇਨ੍ਹਾਂ ਕੈਮਰਿਆਂ ਰਾਹੀਂ ਮੰਤਰੀ ਸਮੇਤ ਹੋਰ ਅਧਿਕਾਰੀ ਮੋਬਾਈਲ ਫੋਨ ‘ਤੇ ਵੀ ਜੇਲ੍ਹ ਅੰਦਰ ਵਾਪਰਦੀਆਂ ਘਟਨਾਵਾਂ ਤੇ ਹਰ ਹਰਕਤ ਦੇਖ ਸਕਣਗੇ। ਜੇਲ੍ਹ ਮੰਤਰੀ ਨੇ ਦੱਸਿਆ ਕਿ ਪਿਛਲੇ ਇਕ ਸਾਲ ਦੌਰਾਨ ਜੇਲ੍ਹਾਂ ਅੰਦਰੋਂ 1500 ਮੋਬਾਈਲ ਫੋਨ ਕੈਦੀਆਂ ਤੋਂ ਬਰਾਮਦ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਇਨ੍ਹਾਂ ਮਾਮਲਿਆਂ ਦੀ ਬਾਰੀਕੀ ਨਾਲ ਜਾਂਚ ਕਰਨ ਦੇ ਨਿਰਦੇਸ਼ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਜੇਲ੍ਹ ਦਾ ਕੋਈ ਅਧਿਕਾਰੀ ਜਾਂ ਮੁਲਾਜ਼ਮ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਅੰਦਰ ਸੁਪਰਡੈਂਟ ਤੋਂ ਬਿਨਾਂ ਕੋਈ ਵੀ ਅਧਿਕਾਰੀ ਜਾਂ ਮੁਲਾਜ਼ਮ ਹੁਣ ਮੋਬਾਈਲ ਨਹੀਂ ਲਿਜਾ ਸਕੇਗਾ। ਜੇਲ੍ਹ ਮੰਤਰੀ ਨੇ ਦੱਸਿਆ ਕਿ 5ਜੀ ਜੈਮਰ ਲਗਾਉਣ ਦੀ ਤਜਵੀਜ਼ ਪ੍ਰਵਾਨਗੀ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੀ ਗਈ ਹੈ। ਜੇਲ੍ਹ ਮੰਤਰੀ ਨੇ ਦੱਸਿਆ ਕਿ ਜੇਲ੍ਹਾਂ ਅੰਦਰ ਸਕੈਨਰ ਲਾਏ ਜਾਣਗੇ ਤੇ ਜਲਦੀ ਹੀ 10 ਸੂਹੀਆ ਕੁੱਤੇ ਵੀ ਸੁਰੱਖਿਆ ਵਿੰਗ ਵਿੱਚ ਸ਼ਾਮਲ ਕੀਤੇ ਜਾਣਗੇ।

ਸ੍ਰੀ ਰੰਧਾਵਾ ਨੇ ਦੱਸਿਆ ਕਿ ਪੰਜਾਬ ਦੀਆਂ ਜੇਲ੍ਹਾਂ ਅੰਦਰ ਕੈਦੀਆਂ ਦੀ ਸਮਰੱਥਾ 23218 ਹੈ ਜਦਕਿ ਕੈਦੀ 22375 ਹਨ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ‘ਚ 1119 ਮਹਿਲਾ ਕੈਦੀ ਅਤੇ 132 ਵਿਦੇਸ਼ੀ ਨਾਗਰਿਕ ਹਨ। ਜੇਲ੍ਹਾਂ ਵਿੱਚ ਕੁੱਲ 13000 ਕੈਦੀ ਟਰਾਇਲ ਅਧੀਨ ਹਨ। 132 ਵਿਦੇਸ਼ੀ ਕੈਦੀਆਂ ਵਿੱਚੋਂ 34 ਸਜ਼ਾਯਾਫ਼ਤਾ ਅਤੇ 98 ਟਰਾਇਲ ਅਧੀਨ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੀਆਂ ਜੇਲ੍ਹਾਂ ਅੰਦਰ 90 ਕੈਦੀ ਸੰਗੀਨ ਅਪਰਾਧਾਂ ਵਾਲੇ ਹਨ ਜਿਨ੍ਹਾਂ ਨੂੰ ਉੱਚ ਸੁਰੱਖਿਆ ਜ਼ੋਨ ਵਿੱਚ ਰੱਖਿਆ ਗਿਆ ਹੈ।

## ਦਿਆਲ ਸਿੰਘ ਕਾਲਜ ਨੂੰ 'ਵੰਦੇਮਾਰਤਮ ਦਿਆਲ ਸਿੰਘ ਕਾਲਜ' ਬਣਾਉਣ ਵਿਰੁਧ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਖਤ ਕਾਰਵਾਈ ਦੇ ਸੰਕੇਤ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:** ਦੇਸ਼ ਅਤੇ ਵਿਦੇਸ਼ ਵਿਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕ ਰਾਸ਼ਟਰੀ ਰਾਜਧਾਨੀ ਦੇ ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਤੋਂ ਭੜਕ ਉਠੇ ਹਨ। ਕੇਂਦਰ ਸਰਕਾਰ ਨੇ ਸੰਸਦ ਵਿਚ ਦੇਸ਼ ਨੂੰ ਭਰੋਸਾ ਦੁਆਇਆ ਸੀ ਕਿ ਦਿਆਲ ਸਿੰਘ ਕਾਲਜ ਦਾ ਨਾਮ ਕਦੇ ਨਹੀਂ ਬਦਲਿਆ ਜਾਵੇਗਾ ਤੇ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਸ੍ਰੀ ਪ੍ਰਕਾਸ਼ ਜਾਵੜੇਕਰ ਨੇ ਕੇਂਦਰੀ ਕੈਬਨਿਟ ਮੰਤਰੀ ਸ੍ਰੀ ਹਰਸਿਮਰਤ ਕੌਰ ਬਾਦਲ ਨੂੰ ਇਸ ਬਾਬਤ ਲਿਖਤੀ ਭਰੋਸਾ ਵੀ ਦਿੱਤਾ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਮਨਜਿੰਦਰ ਸਿੰਘ ਸਿਰਸਾ ਨੇ ਇਥੇ ਜਾਰੀ ਕੀਤੇ ਇਕ ਸਖ਼ਤ ਸ਼ਬਦਾਂ ਵਾਲੇ ਬਿਆਨ ਵਿਚ ਕਿਹਾ ਕਿ ਸਾਰਾ ਸਿੰਘ ਭਾਈਚਾਰਾ ਦਿਆਲ ਸਿੰਘ ਕਾਲਜ ਦੇ ਚੇਅਰਮੈਨ ਅਮਿਤਾਭ ਸਿਨਹਾ ਤੇ ਦਿੱਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਯੋਗੇਸ਼ ਤਿਆਗੀ ਦੀਆਂ ਸਾਜ਼ਿਸ਼ਾਂ ਤੋਂ ਹੈਰਾਨ ਹਨ। ਇਹਨਾਂ ਦੋਹਾਂ ਨੇ ਇਕੱਠਿਆਂ ਸਾਜ਼ਿਸ਼ ਰਚ ਕੇ ਦਿਆਲ ਸਿੰਘ ਕਾਲਜ ਦਾ ਨਾਮ ਬਦਲ ਕੇ ਵੰਦੇਮਾਤਰਮ ਦਿਆਲ ਸਿੰਘ ਕਾਲਜ ਰੱਖਿਆ ਹੈ। ਉਹਨਾਂ ਕਿਹਾ ਕਿ ਸਾਰਾ ਦੇਸ਼ ਵਿਸ਼ੇਸ਼ ਕਰ ਕੇ ਸਿੱਖ ਭਾਈਚਾਰੇ ਵਿਚ ਰੋਸ ਦੀ ਲਹਿਰ ਹੈ ਕਿਉਂਕਿ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਸ੍ਰੀ ਪ੍ਰਕਾਸ਼ ਜਾਵੜੇਕਰ ਨੇ ਸੰਸਦ ਵਿਚ ਦੇਸ਼ ਨੂੰ ਭਰੋਸਾ ਦੁਆਇਆ ਸੀ ਕਿ ਇਹ ਨਾਮ ਕਦੇ ਬਦਲਿਆ ਨਹੀਂ ਜਾਵੇਗਾ। ਦਿੱਲੀ ਦੇ ਸਿੱਖ ਆਗੂਆਂ ਨੇ ਕਿਹਾ ਕਿ ਸਿਨਹਾ ਤੇ ਤਿਆਗੀ ਦੀ ਜੋੜੀ ਦੀ ਇਸ ਕਾਰਵਾਈ ਨੇ ਸਾਬਤ ਕਰ ਦਿੱਤਾ ਹੈ ਕਿ ਉਹਨਾਂ ਨੂੰ ਕੇਂਦਰ ਸਰਕਾਰ ਦੇ ਭਰੋਸੇ ਦੀ ਕੋਈ ਪਰਵਾਹ ਨਹੀਂ ਤੇ ਉਹਨਾਂ ਆਪਣੀ ਹਊਮੈ ਦੀ ਸੰਤੁਸ਼ਟੀ ਵਾਸਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ। ਉਹਨਾਂ ਮੰਗ ਕੀਤੀ ਕਿ ਸਿਨਹਾ ਤੇ ਤਿਆਗੀ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹਨਾਂ ਨਾ ਨਾ ਸਿਰਫ ਕੇਂਦਰ ਸਰਕਾਰ ਵੱਲੋਂ ਸੰਸਦ ਵਿਚ ਦਿੱਤਾ ਭਰੋਸਾ ਤੋੜਿਆ ਹੈ ਬਲਕਿ ਉਸ ਵੇਲੇ ਘੱਟ ਗਿਣਤੀ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਭਰੋਸਾ ਦੁਆ ਰਹੇ ਹਨ ਕਿ ਕੇਂਦਰ ਸਰਕਾਰ ਹਰ ਭਾਈਚਾਰੇ ਨੂੰ ਨਾਲ ਲੈਕੇ ਚੱਲੇਗੀ ਤੇ 'ਸਭਕਾ ਸਾਥ ਤੇ ਸਭਕਾ ਵਿਕਾਸ' ਹੋਵੇਗਾ। ਉਹਨਾਂ ਕਿਹਾ ਕਿ ਇਹਨਾਂ ਦੋਹਾਂ ਦੀ ਕਾਰਵਾਈ ਤੋਂ ਅਜਿਹਾ ਜਾਪਦਾ ਹੈ ਕਿ ਇਹਨਾਂ ਦੋਵਾਂ ਵਿਅਕਤੀਆਂ ਨੂੰ ਪ੍ਰਧਾਨ ਮੰਤਰੀ ਦੀਆਂ ਉਹਨਾਂ ਅਪੀਲਾਂ ਦੀ ਵੀ ਕੋਈ ਪਰਵਾਹ ਨਹੀਂ ਉਹਨਾਂ ਵਿਚ ਉਹ ਆਪਣੀ ਜ਼ੁਬਾਨ ਨੂੰ ਕੰਟਰੋਲ ਰੱਖਣ ਦੀ ਨਸੀਹਤ ਦੇ ਰਹੇ ਹਨ ਪਰ ਸਿਨਹਾ ਤੇ ਤਿਆਗੀ ਨੇ ਆਪਣੀਆਂ ਕਾਰਵਾਈਆਂ ਨਾ ਸਾਬਤ ਕਰ ਦਿੱਤਾ ਹੈ ਕਿ ਇਹ ਤਾਂ ਬੇਲਗਾਮ ਹਨ। ਸਿਰਸਾ ਨੇ ਕਿਹਾ ਕਿ ਸਿੱਖ ਭਾਈਚਾਰੇ ਕੋਲ ਹੁਣ ਕੋਈ ਵਿਕਲਪ ਨਹੀਂ ਰਹਿ ਗਿਆ ਤੇ ਹੁਣ ਉਹ ਦਿਆਲ ਸਿੰਘ ਦੇ ਵਿਰਸੇ ਨੂੰ ਬਚਾਉਣ ਵਾਸਤੇ ਲੋੜੀਂਦਾ ਹਰ ਕਦਮ ਚੁੱਕੇਗਾ ਭਾਵੇਂ ਉਹ ਕਾਨੂੰਨ ਦੇ ਦਾਇਰੇ ਵਿਚ ਹੋਵੇ ਜਾਂ ਫਿਰ ਕਾਨੂੰਨ ਤੋਂ ਬਾਹਰ ਹੋਵੇ।

## ਪਰਛਾਵੇਂ ਅੰਦਰ ਸਿੱਖ ਬਣ ਕੇ ਜੀਣ ਦੀ ਲੋਚਾ

ਗਿਣਤੀ ਵਿੱਚ ਆਉਂਦੇ ਹਨ ਉਹ ਇਹਦੇ ਨਾਲ ਇਕ ਹੋਰ ਪੱਖ ਵੀ ਵੇਖ ਰਹੇ ਹਨ ਕਿ ਸਿੱਖ ਸਭਿਆਚਾਰ ਦੇ ਵਿਕਾਸ ਲਈ ਸਿੱਖ ਕਲਾ ਦਾ ਉਠਣਾ ਅਤੇ ਫੈਲਣਾ ਜਰੂਰੀ ਹੈ। ਪਤਾ ਨਹੀਂ ਉਹਨਾਂ ਨੂੰ ਕਿਉਂ ਲਗਦਾ ਹੈ ਕਿ ਜੇ ਸਿੱਖਾਂ ਦੇ ਪੁੱਤਾਂ ਨੇ ਅਗਲੀ ਪੀੜ੍ਹੀ ਨੂੰ ਨਕਲੀ ਬਾਬਾ ਬੰਦਾ ਸਿੰਘ ਬਹਾਦਰ ਬਣ ਕੇ ਨਾ ਵਿਖਾਇਆ ਤਾਂ ਉਹ ਸਿੱਖ ਨਹੀਂ ਬਣਨਗੇ। ਉਹਨਾਂ ਦੀ ਸਮਝ ਅਨੁਸਾਰ ਮਨੁੱਖੀ ਜਾਂ ਬਿਜਲਈ ਪਰਛਾਵੇ ਇਸ ਲਈ ਬਣਨੇ ਅਤੇ ਚੱਲਣੇ ਜਰੂਰੀ ਹਨ ਕਿਉਂਕਿ ਇਹ ਸਿੱਖ ਕਲਾ ਵਜੋਂ ਸਾਡੀ ਵਿਰਾਸਤ ਦਾ ਅੰਗ ਬਣਨਗੇ ਅਤੇ ਸਾਡੇ ਵਿਰਸੇ ਨੂੰ ਅਮੀਰ ਕਰਨਗੇ।

ਅੱਜ ਪੂਰੀ ਦੁਨੀਆ ਵਿੱਚ ਜਿਹੜੇ ਲੋਕ ਬੁੱਤਾਂ-ਤਸਵੀਰਾਂ ਨੂੰ ਨਹੀਂ ਮੰਨਦੇ ਸਨ ਉਹ ਵੀ ਪਰਛਾਵਿਆਂ ਦੇ ਪਰਛਾਵੇਂ ਹੇਠ ਆ ਗਏ ਹਨ। ਪਰਛਾਵਿਆਂ ਨੂੰ ਆਪਣੇ ਧਰਮ ਜਾਂ ਆਪਣੀ ਵੱਖਰੀ ਪਛਾਣ ਨੂੰ ਕਾਇਮ ਰੱਖਣ ਅਤੇ ਫੈਲਾਉਣ ਦਾ ਸਾਧਨ ਸਮਝਣ ਦੀ ਮਾਨਤਾ ਅੱਜ ਦੁਨੀਆ ਦੇ ਕਾਫੀ ਵੱਡੇ ਹਿੱਸੇ ਅੰਦਰ ਵਸੀ ਹੋਈ ਹੈ, ਜਿਨ੍ਹਾਂ ਵਿਚੋਂ ਸਿੱਖ ਵੀ ਇਕ ਹਨ।

ਅਲੀਬਾਬਾ ਨਾਮ ਦੇ ਸਭ ਤੋਂ ਵੱਡੇ ਬਿਜਾਲ ਟਿਕਾਣੇ ਦੇ ਮਾਲਕ ਜੈਕ ਮਾ (ਜੋ ਥੋੜ੍ਹੇ ਸਮੇਂ ਵਿੱਚ ਹੀ ਅਰਬਾਂਪਤੀ ਹੋ ਗਿਆ ਹੈ) ਨੇ ਇਸੇ ਸਾਲ ਦੁਨੀਆ ਦੀ ਸਲਾਨਾ ਵਪਾਰਕ ਮਿਲਣੀ ਦੌਰਾਨ ਕਿਹਾ ਹੈ ਕਿ ਆਉਣ ਵਾਲੇ 30 ਸਾਲਾਂ ਤੱਕ ਤਕਨੀਕੀ ਨੌਕਰੀਆਂ ਬਿਜਲਈ ਹੋਂਦਾਂ ਨੇ ਸਾਂਭ ਲੈਣੀਆਂ ਹਨ। ਇਸ ਕਰਕੇ ਮਨੁੱਖਤਾ ਕੋਲ ਹੁਣ ਇਹੋ ਬਚਦਾ ਹੈ ਕਿ ਆਪਣੇ ਬੱਚਿਆ ਨੂੰ ਉਹ ਸਿਖਾਏ ਜੋ ਬਿਜਲਈ ਸੰਦ ਨਹੀਂ ਕਰ ਸਕਦੇ। ਉਹ ਕਹਿੰਦਾ ਹੈ ਕਿ ਸਾਨੂੰ ਆਪਣੇ ਬੱਚਿਆਂ ਨੂੰ ਅਸਲ ਮਨੁੱਖੀ ਗੁਣ ਸਿਖਾਉਣੇ ਪੈਣਗੇ। ਮਨੁੱਖੀ ਗੁਣ ਓਹੀ ਹਨ ਜੋ ਬੰਦੇ ਨੂੰ ਮਸ਼ੀਨਾਂ ਤੋਂ ਵੱਖ ਕਰਦੇ ਹਨ। ਮਨੁੱਖ ਅੰਦਰ ਗੁਣਾਂ ਦੀ ਜੜ੍ਹ ਧਰਮ ਵਿੱਚ ਪਈ ਹੈ। ਇਸ ਤਰ੍ਹਾਂ ਧਰਮ ਹੀ ਉਹ ਧੁਰਾ ਹੈ ਜੋ ਮਨੁੱਖ ਨੂੰ ਅੰਦਰੂਨੀ ਅਤੇ ਬਾਹਰੀ ਹਮਲਿਆਂ ਦੀ ਮਾਰ ਤੋਂ ਬਚਾ ਸਕਦਾ ਹੈ ਪਰ ਅਸੀਂ ਧਰਮ ਨੂੰ ਕਿਸੇ ਸੰਦ, ਤਕਨੀਕੀ ਜਾਣਕਾਰੀ ਜਾਂ ਖਿਆਲ ਵਾਂਗ ਪਰਚਾਰਨ ਦੀ ਕੋਸ਼ਿਸ਼ ਕਰ ਰਹੇ ਹਾਂ।ਇਹ ਵੱਡੀ ਉਲਟੀ ਖੇਡ ਹੈ। ਤਕਨੀਕ ਨੂੰ ਧਰਮ ਵਾਂਗ ਮੰਨਣ ਵਾਲੇ ਸਿੱਖਾਂ ਨੂੰ ਲਗਦਾ ਹੈ ਕਿ ਭਾਰਤ ਵਰਗੇ ਢਾਂਚੇ ਅੰਦਰ ਪਰਚਾਰ ਕਰਨ ਨਾਲ ਉਹ ਵਧੇਰੇ ਗਿਣਤੀ ਤੱਕ ਆਪਣੀ ਗੱਲ ਪਹੁੰਚਾ ਲੈਣਗੇ। ਉਹ ਸਿੱਖੀ ਦੀ ਗੱਲ ਹੋਰਾਂ ਤੱਕ ਉਸ ਰੂਪ ਵਿੱਚ ਕਿਉਂ ਪਹੁੰਚਾਉਣੀ ਚਾਹੁੰਦੇ ਹਨ ਜਿਸ ਰੂਪ ਵਿਚ ਉਹ ਆਪ ਵੀ ਨਹੀਂ ਜੀਅ ਰਹੇ ? ਇਤਿਹਾਸ ਨੂੰ ਸੇਧ ਲੈਣ ਲਈ ਪੜਣਾ ਤਾਂ ਠੀਕ ਹੈ ਪਰ ਉਹਦੇ ਪਰਚਾਰ ਰਾਹੀਂ ਆਪੇ ਨੂੰ ਬਚਾਉਣ ਦੀ ਕੋਸ਼ਿਸ਼ ਬਚਕਾਨਾ ਕਰਮ ਹੈ। ਜਿਹੜੇ ਲੋਕ ਸੱਤਾਹੀਣ ਹੁੰਦਿਆਂ ਆਪਣਾ ਇਤਿਹਾਸ ਦੂਜਿਆਂ ਸਾਹਮਣੇ ਧਰਮ ਪਰਚਾਰ ਵਜੋਂ ਜਾਂ ਗੌਰਵਸ਼ਾਲੀ ਵਿਰਸੇ ਵਜੋਂ ਪੇਸ਼ ਕਰਦੇ ਹਨ, ਉਹ ਆਪਣੀ ਚੰਗਿਆਈ ਦੇ ਸਬੂਤ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੁਨੀਆ ਦੇ ਵਿਹਾਰਕ ਖੇਡੇ ਵਿੱਚ ਕੋਈ ਕਮਜੋਰ ਜਦੋਂ ਕਿਸੇ ਤਕੜੇ ਸਾਹਮਣੇ ਆਪਣੇ ਪਿਛੋਕੜ ਦੇ ਤਕੜੇ ਹੋਣ ਦੀ ਗੱਲ ਕਰਦਾ ਹੈ ਤਾਂ ਕੀ ਹਾਸਲ ਕਰ ਸਕਦਾ ਹੈ ?

ਪਰਚਾਰ ਦਾ ਆਸਰਾ ਲੈਣ ਵਾਲੇ ਲੋਕ ਜਾਂ ਤਾਂ ਇਤਿਹਾਸ ਅਤੇ ਧਰਮ ਦੇ ਫਰਕ ਨੂੰ ਨਹੀਂ ਸਮਝਦੇ ਅਤੇ ਜਾਂ ਫਿਰ ਉਹਨਾਂ ਦੇ ਇਰਾਦੇ ਬਹੁਤੇ ਸਾਫ ਨਹੀਂ ਹਨ। ਉਹ ਜਾਣੇ ਅਣਜਾਣੇ ਆਪਣੇ ਪੁਰਖਿਆਂ ਦੀ ਕਾਰਗੁਜਾਰੀ ਨੂੰ ਤਕੜਿਆਂ ਦੀ ਲੋੜ ਅਨੁਸਾਰ ਢਾਲ ਕੇ ਪੇਸ਼ ਕਰਦੇ ਹਨ ਤਾਂਕਿ ਤਰਸ ਪਰਾਪਤ ਹੋ ਸਕੇ। ਜਿਸ ਧਰਮ ਦੇ ਲੋਕਾਂ ਨੇ ਦੂਜਿਆਂ ਨੂੰ ਆਪਣੇ ਅੰਦਰੋਂ ਵੱਡੇ ਜਾਂ ਤਕੜੇ ਮੰਨ ਲਿਆ ਹੈ, ਉਹ ਅਸਲ ਵਿੱਚ ਧਾਰਮਿਕ ਨਹੀਂ ਰਹਿ ਜਾਂਦੇ ਕਿਉਂਕਿ ਧਰਮ ਦੇ ਮਾਪਦੰਡ ਰਾਜਨੀਤੀ ਜਾਂ ਬਜਾਰ ਦੇ ਨਹੀਂ ਹੁੰਦੇ।ਪਰਛਾਵੇਂਕਾਰੀ ਰੰਗ ਅਤੇ ਅਵਾਜ ਨਾਲ ਸਿਰਫ ਦ੍ਰਿਸ਼ ਨੂੰ ਹੀ ਸੀਮਤ ਨਹੀਂ ਕਰਦੀ ਸਗੋਂ ਦਰਸ਼ਕ ਦੇ ਮਨ ਉਤੇ ਪੈਣ ਵਾਲੇ ਅਸਰ ਰਾਹੀਂ ਉਹਦੀ ਭਾਵਨਾ ਅਤੇ ਕਲਪਨਾ ਨੂੰ ਵੀ ਸੀਮਤ ਕਰਦੀ ਹੈ। ਹਕੂਮਤਾਂ ਮਨੁੱਖ ਦੇ ਅਚੇਤ ਨੂੰ ਇਸੇ ਤਰ੍ਹਾਂ ਦੀ ਤਕਨੀਕ ਨਾਲ ਕਾਬੂ ਕਰਦੀਆਂ ਹਨ, ਜੋ ਦ੍ਰਿਸ਼ ਰਾਹੀਂ ਮਨੁੱਖ ਦੇ ਅੰਦਰ ਸਿਰਫ ਬੁੱਤ ਬਣਕੇ ਹੀ ਨਹੀਂ ਉਤਰਦੀ ਸਗੋਂ ਉਹਦੀ ਸੋਚ ਅੰਦਰ ਵੀ ਤਬਦੀਲੀ ਲਿਆਉਂਦੀ ਹੈ। ਅਜਿਹੀ ਤਬਦੀਲੀ ਜੋ ਮਨੁੱਖ ਦੇ ਆਪਣੇ ਦਿਮਾਗ ਦੀ ਪਕੜ ਤੋਂ ਬਾਹਰੀ ਹੁੰਦੀ ਹੈ।

ਕੁਝ ਲੋਕ ਪਰਛਾਵੇਕਾਰੀ ਦਾ ਪੱਖ ਪੂਰਨ ਲਈ ਚਲੰਤ ਨੇਤਾਵਾਂ ਵਾਂਗ ਕਹਿੰਦੇ ਹਨ ਕਿ ਲੋਕਾਂ ਨੂੰ ਸਿਖਿਆ ਮਿਲਦੀ ਹੈ ਤੇ ਉਹ ਜਾਗਰੂਕ ਹੁੰਦੇ ਹਨ। ਉਹ ਇਹਦਾ ਸਬੂਤ ਦਿੰਦੇ ਹਨ ਕਿ (ਧਰਮ ਜਾਂ ਇਤਿਹਾਸ ਨਾਲ ਸਬੰਧਤ) ਕਿਸੇ ਨਾਟਕ ਜਾਂ ਫਿਲਮ ਨੂੰ ਵੇਖ ਕੇ ਲੋਕ ਰੋਂਦੇ ਜਾਂ ਭਾਵਕ ਹੋਏ ਨਿਕਲਦੇ ਹਨ। ਇਹ ਦਾਅਵਾ ਜਾਂ ਧਾਰਨਾ ਬਹੁਤ ਪਰਚਲਤ ਹੈ ਪਰ ਸਮਝਣ ਵਾਲੀ ਗੱਲ ਹੈ ਕਿ ਲੋਕਾਂ ਦਾ ਨਾਟਕ ਜਾਂ ਫਿਲਮ ਵੇਖ ਕੇ ਰੋਣਾ (ਵੇਖ ਕੇ ਤੁਰੰਤ ਮਿਲੀ ਸਿਖਿਆ ਦਾ ਅਸਰ ਨਹੀਂ ਹੁੰਦਾ ਸਗੋਂ) ਉਹਨਾਂ ਅੰਦਰ ਪਹਿਲਾਂ ਤੋਂ ਪਈ ਭਾਵਨਾ ਅਤੇ ਜਾਣਕਾਰੀ ਹੁੰਦੀ ਹੈ ਜੋ ਅਚੇਤ ਰੂਪ ਵਿੱਚ ਵਿਰਸੇ ਵਿਚੋਂ ਮਿਲੀ ਹੁੰਦੀ ਹੈ। ਅੰਦਰ ਪਿਆ ਅਹਿਸਾਸ ਹੀ ਬਾਹਰੀ ਕਾਰਨ ਨਾਲ ਉਠਦਾ ਹੈ। ਪਰਛਾਵੇ ਦੇ ਵਪਾਰੀ ਨੇ ਤਾਂ ਰੰਗ ਅਤੇ ਅਵਾਜ ਦੀ ਕਲਾ ਨਾਲ ਵਿਰਸੇ ਦੀ ਉਹ ਅਚੇਤ ਅਮੀਰੀ ਨੂੰ ਆਪਣੇ ਹੱਕ ਵਿਚ ਵਰਤ ਲਿਆ ਹੁੰਦਾ ਹੈ। ਦਰਸ਼ਕ ਦਾ ਰੋਣਾ ਆਪਣੇ ਅੰਦਰ ਪਈ ਅਮੀਰੀ ਨੂੰ ਵੇਖ ਖੁਸ਼ ਹੋਣ ਦਾ ਸਬੱਬ ਹੁੰਦਾ ਹੈ। ਬਦਕਿਸਮਤੀ ਨਾਲ ਜਦੋਂ ਹੀ ਉਹਨੂੰ ਇਸ ਅਮੀਰੀ ਦਾ ਪਤਾ ਲਗਦਾ ਹੈ ਉਦੋਂ ਹੀ ਇਹ ਵਿਰਸੇ ਦੀ ਭਾਵਕ ਅਮੀਰੀ, ਉਸ ਝੂਠੇ ਪਰਛਾਵੇਂ ਨੇ ਲੁੱਟ ਲਈ ਹੁੰਦੀ ਹੈ ਜੀਹਨੂੰ ਵੇਖ ਕੇ ਖੁਸ਼ੀ ਹੋਈ ਹੁੰਦੀ ਏ। ਦੇਸ਼ ਕਾਲ ਦੀਆਂ ਹੱਦਾਂ ਤੋਂ ਪਾਰ ਦੀ ਡੂੰਘੀ ਪਈ ਪਵਿੱਤਰਤਾ, ਜਿਸ ਨੂੰ ਦਰਸ਼ਕ ਆਪ ਵੀ ਨਹੀਂ ਜਾਣਦਾ ਹੁੰਦਾ ਉਹ ਕਿਸੇ ਵਪਾਰੀ ਨੇ ਇਤਿਹਾਸ ਦੇ ਦ੍ਰਿਸ਼ ਬਣਾਏ ਪਰਛਾਵੇਂ ਰਾਹੀਂ ਚੁਰਾ ਲਈ ਹੁੰਦੀ ਹੈ। ਦਰਸ਼ਕ ਦੇ ਪੱਲੇ ਉਹ ਪਰਛਾਵਾ ਰਹਿ ਜਾਂਦਾ ਹੈ ਜੋ ਉਹਦੀਆਂ ਅੱਖਾਂ ਰਾਹੀਂ ਉਹਦੇ ਮਨ ਵਿੱਚ ਬੁੱਤ ਬਣਕੇ ਉਤਰ ਗਿਆ ਹੁੰਦਾ ਹੈ। ਇਸ ਤਰ੍ਹਾਂ ਪਰਛਾਵਿਆਂ ਦੇ ਦਰਸ਼ਕ ਆਪਣੇ ਚਿਤੋਂ ਜਾਗੇ ਹੋਏ ਪਰ ਅਸਲ ਵਿੱਚ ਲੁੱਟ ਹੋ ਕੇ ਆਪਣੇ ਘਰੀਂ ਪਰਤਦੇ ਹਨ। ਗੁਰੂ ਸਾਹਿਬ ਅਤੇ ਜਿਹੜੇ ਸ਼ਹੀਦਾਂ ਦਾ ਨਾਮ ਲੈਣ ਨਾਲ ਸਿੱਖ ਦੇ ਸਰੀਰ ਨੂੰ ਜਿਹੜੀ ਝਰਨਾਹਟ ਛਿੜਦੀ ਹੈ ਉਹਨਾਂ ਨੂੰ ਪਰਦੇ ਉਤਲਾ ਪਰਛਾਵਾ ਹੰਢਾ ਲੈਂਦਾ ਹੈ ਤਾਂ ਉਹਦੀ ਪਵਿੱਤਰਤਾ ਉਡ ਜਾਂਦੀ ਹੈ ਫਿਰ ਨਹੀਂ ਪਰਤਦੀ। ਜਦੋਂ ਲੋਕ ਸਰੋਤੇ ਵਜੋਂ ਕਿਸੇ ਕਥਾ ਵਿਖਿਆਨ ਨੂੰ ਸੁਣ ਕੇ ਰੋਂਦੇ ਹਨ ਤਾਂ ਉਹਨਾਂ ਦੀ ਭਾਵਕਤਾ ਡੁੱਲਦੀ ਹੈ ਪਰ ਮਨ ਅੰਦਰ ਕੋਈ ਬੁੱਤ ਨਹੀਂ ਬਣਦਾ ਇਸ ਕਰਕੇ ਅਹਿਸਾਸ ਸਜਰਾ ਕੁਆਰਾ ਹੀ ਰਹਿੰਦਾ ਹੈ ਉਹਨੂੰ ਕਿਸੇ ਰੰਗ ਅਕਾਰ ਦੇ ਪਰਛਾਵੇਂ ਨੇ ਮੈਲਾ ਨਹੀਂ ਕੀਤਾ ਹੁੰਦਾ। ਅਰੂਪ ਸ਼ਬਦਾਂ ਨੇ ਵਿਰਾਸਤ ਦਾ ਅਰੂਪ ਅਹਿਸਾਸ ਹੀ ਕਰਾਇਆ ਹੁੰਦਾ ਹੈ।

ਨਵੀਂ ਤਕਨੀਕ ਦਾ ਅਸਰ ਆਮ ਫਿਲਮਾਂ ਵੇਖਣ ਵਾਲੇ ਜਾਂ ਸ਼ੀਸੇ ਤੇ ਖੇਡਣ ਵਾਲੇ ਲੋਕਾਂ ਨਾਲ ਵਾਪਰਦੀਆਂ ਘਟਨਾਵਾਂ ਤੋਂ ਵੇਖਿਆ ਜਾ ਸਕਦਾ ਹੈ। ਕੰਮਪਿਊਟਰ ਅੱਗੇ ਬੈਠ ਕੇ ਖੇਡਣ ਵਾਲੇ ਬੱਚੇ ਮਨ ਕਰਕੇ ਸ਼ੀਸੇ ਦੇ ਰੰਗਾਂ ਵਿੱਚ ਏਨਾ ਡੂੰਘਾ ਚਲੇ ਜਾਂਦੇ ਹਨ ਕਿ ਉਹ ਆਪਣੇ ਸਰੀਰ ਤੋਂ ਟੁਟ ਜਾਂਦੇ ਹਨ। ਜਿਸ ਨੂੰ ਡਾਕਟਰਾਂ ਦੀ ਬੋਲੀ ਵਿੱਚ ਸਰੀਰ ਵਿਚੋਂ ਪਾਣੀ ਘਟਣਾ ਕਹਿੰਦੇ ਹਨ। ਉਸ ਸ਼ੀਸੇ ਉਤਲੇ ਰੰਗ ਅਤੇ ਅਵਾਜਾਂ ਉਹਨਾਂ ਬੱਚਿਆਂ ਦੀਆਂ ਭਾਵਨਾਵਾਂ ਨੂੰ ਇਸ ਹੱਦ ਤੱਕ ਕਾਬੂ ਕਰਦੀਆਂ ਹਨ ਕਿ ਉਹ ਆਪਣਾ ਆਪ ਨਹੀਂ ਛੁਡਾ ਸਕਦੇ। ਬਿਜਲਈ ਸੰਦਾਂ ਨਾਲ ਖੇਡਦਿਆਂ ਅਜਿਹੀਆਂ ਮੌਤਾਂ ਦੀਆਂ ਹਾਲੇ ਇਕ ਦੁਕਾ ਖਬਰਾਂ ਮਿਲਣ ਲੱਗੀਆਂ ਹਨ ਪਰ ਬੱਚਿਆਂ ਦਾ ਆਪਣੇ ਮਾਪਿਆਂ ਨਾਲੋਂ ਟੁਟਣਾ ਅਤੇ ਸਮਾਜਕ ਰੁਝੇਵਿਆਂ ਵਿਚ ਹਿੱਸਾ ਨਾ ਲੈਣਾ, ਨਵੀਂ ਤਕਨੀਕ ਰਾਹੀਂ ਆਈ ਦ੍ਰਿਸ਼ ਗੁਲਾਮੀ ਦਾ ਵੱਡਾ ਸਬੂਤ ਬਣ ਕੇ ਸਾਹਮਣੇ ਆ ਰਹੇ ਹਨ। ਬਲਿਊ ਵੇਲ੍ਹ ਨਾਮ ਦੀ ਬਿਜਲ ਖੇਡ ਨੇ ਕਿੰਨੇ ਅੱਲੜ੍ਹ ਮੁੰਡੇ ਕੁੜੀਆਂ ਦੀਆਂ ਬੇਕਿਰਕੀ ਨਾਲ ਜਾਨਾਂ ਲੈ ਕੇ ਸਾਰੀ ਦੁਨੀਆ ਦੇ ਸਾਹਮਣੇ ਸੱਚ ਪਰਗਟ ਕਰ ਦਿੱਤਾ ਹੈ ਕਿ ਬਿਜਲ ਜਾਲ ਅੰਦਰ ਮਨੁੱਖਤਾ ਦੀ ਹਸਤੀ ਕਿਹੋ ਜਿਹੀ ਹੋਏਗੀ। ਜਿਹੜੇ ਲੋਕ ਆਪਣੀ ਅਕਲ ਦੇ ਹਿਸਾਬ ਨਾਲ ਮਨੁੱਖ ਦੀਆਂ ਪੁਰਾਣੀਆਂ ਕਮਜੋਰੀਆਂ ਨੂੰ ਇਹ ਪਰਛਾਵੇ ਦੀ ਨਵੀਂ ਤਕਨੀਕ ਨਾਲ ਰੋਕਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਪੰਜਾਬ ਦੇ ਪਿੰਡਾਂ ਵਿਚ ਵਾਪਰੀਆਂ ਕਹਾਣੀਆਂ ਦਾ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਅਫੀਮ ਛੁਡਾਉਣ ਲਈ ਮੋਰਫਿਨ ਦੇ ਟੀਕੇ ਲਾਏ ਜਾਂਦੇ ਸਨ ਤਾਂ ਲੋਕ ਅਫੀਮ ਦੀ ਥਾਂ ਟੀਕੇ ਤੇ ਹੀ ਲੱਗ ਜਾਂਦੇ ਸਨ। ਨਵੀਂ ਤਕਨੀਕ ਆਪਣੇ ਆਪ ਵਿਚ ਹੀ ਅਜਿਹਾ ਨਸ਼ਾ ਹੈ ਜੀਹਦਾ ਕੋਈ ਤੋੜ ਨਹੀਂ ਹੈ ਸਿਵਾਏ ਇਹਦੇ ਤਿਆਗ ਦੇ। ਇਹ ਕੋਈ ਛੋਟੀ ਗੱਲ ਨਹੀਂ ਹੈ ਕਿ ਲੋਕਾਂ ਨੂੰ ਨਿਰਾਸ਼ਾ ਅਤੇ ਉਦਾਸੀ ਤੋਂ ਬਚਣ ਲਈ ਡਾਕਟਰੀ ਸਲਾਹ ਵਿੱਚ ਤਕਨੀਕੀ ਚੀਜਾਂ ਤੋਂ ਦੂਰ ਰਹਿਣ ਦੀ ਹਿਦਾਇਤ ਭਾਰੂ ਹੁੰਦੀ ਜਾ ਰਹੀ ਹੈ। ਅਸੀਂ ਇਸੇ ਤਕਨੀਕ ਨਾਲ ਧਰਮ ਸਿਖਾਉਣਾ ਚਾਹੁੰਦੇ ਹਾਂ।

ਪਰਚਾਰ ਕਿਸੇ ਅਸੂਲ ਨਾਲੋਂ ਕਿਸੇ ਬੰਦੇ ਦੇ ਨਾਮ ਨੂੰ ਚਮਕਾਉਣ ਲਈ ਵਧੇਰੇ ਸਹਾਇਕ ਹੁੰਦਾ ਹੈ। ਇਸ ਕਰਕੇ ਹੀ ਧਰਮ ਦੇ ਅਸੂਲ ਦਾ ਪਰਚਾਰ ਕਰਨ ਵਾਲੇ ਲੋਕ ਵੀ ਆਪਣੀ ਸੋਭਾ ਦਾ ਸ਼ਿਕਾਰ ਹੋ ਜਾਂਦੇ ਹਨ। ਇਸੇ ਲਈ ਧਰਮ ਅੰਦਰ ਅਸੂਲਾਂ ਨੂੰ ਕਮਾਉਣ ਤੋਂ ਬਿਨਾ ਪਰਚਾਰਨਾ ਫੋਕਟ ਕਰਮ ਕਿਹਾ ਗਿਆ ਹੈ।

ਇਹ ਗੱਲ ਬੜੀ ਸਾਫ ਸਿੱਧੀ ਹੈ ਕਿ ਕਿਸੇ ਨਕਲਚੀਏ (ਐਕਟਰ) ਨੂੰ ਪਰਛਾਵਿਆਂ ਦੇ ਵਪਾਰੀ ਕਰੋੜਾਂ ਰੁਪਏ ਕਲਾ ਪਰੇਮ ਕਰਕੇ ਨਹੀਂ ਦਿੰਦੇ ਅਤੇ ਨਾ ਹੀ ਸਰਕਾਰਾਂ ਇਹ ਖਰਬਾਂ ਅਰਬਾਂ ਦੇ ਧੰਧੇ ਨੂੰ ਸਿਰਫ ਮਨੋਰੰਜਨ ਕਰਕੇ ਚਲਣ ਦਿੰਦੀਆਂ ਹਨ। ਇਕ ਸਦੀ ਵਿੱਚ ਤਕਨੀਕੀ ਤਰੱਕੀ, ਹਕੂਮਤੀ ਥਾਪੜੇ ਅਤੇ ਅੰਨ੍ਹੇ ਲਾਲਚ ਕਾਰਨ ਇਹ (ਪਰਛਾਵੇਂ ਦਾ) ਧੰਧਾ ਏਨਾ ਤਾਕਤਵਰ ਹੋ ਗਿਆ ਹੈ ਕਿ ਇਸ ਨੇ ਬੰਦੇ ਦੀ ਚੇਤਨਾ ਨੂੰ ਮਧੋਲ ਕੇ ਰੱਖ ਦਿੱਤਾ ਹੈ। ਹੁਣ ਹਕੂਮਤਾਂ ਅਤੇ ਵੱਡੇ ਵਪਾਰੀ ਇਕ ਦੂਜੇ ਨੂੰ ਹਰਾਉਣ ਲਈ ਫੌਜਾਂ ਨਾਲੋਂ ਵਧੇਰੇ ਪੈਸਾ ਇਸ ਧੰਧੇ ਵਿੱਚ ਖਪਾ ਰਹੇ ਹਨ। ਪਰਛਾਵਿਆਂ ਦਾ ਮਨੁੱਖੀ ਜਿੰਦਗੀ ਤੇ ਐਨਾ ਅਸਰ ਹੋ ਗਿਆ ਹੈ ਕਿ ਅਸਲੀ ਜੰਗਾਂ ਅਤੇ ਖੇਡ ਮੁਕਾਬਲਿਆਂ ਦਾ ਮੁੱਲ ਵੀ ਪਰਛਾਵਿਆਂ ਰਾਹੀਂ ਤੈਅ ਹੁੰਦਾ ਹੈ। ਜੇ ਧਰਮ ਦੇ ਅਰਥ ਵੀ ਪਰਛਾਵਿਆਂ ਨੇ ਤੈਅ ਕਰਨੇ ਹਨ ਤਾਂ ਮਨੁੱਖ ਕੋਲ ਕੁਦਰਤੀ ਜਿੰਦਗੀ ਦਾ ਕੋਈ ਵੀ ਅਧਾਰ ਨਹੀਂ ਰਹੇਗਾ। ਧਰਮ ਮਨੁੱਖ ਦਾ ਆਪਣੇ ਆਪ ਨਾਲ ਲੜਣ ਦਾ ਪਹਿਲਾ ਅਤੇ ਆਖਰੀ ਕਿਲਾ ਹੈ। ਜੇ ਮਨੁੱਖ ਨੇ ਕਲਪਨਾ ਵਾਲੇ ਸੰਦਾਂ ਅਤੇ ਵਿਧੀ ਲਈ ਇਸ ਕਿਲੇ ਦਾ ਬੂਹਾ ਆਪੇ ਖੋਹਲ ਦਿੱਤਾ ਤਾਂ ਧਰਤੀ ਸਮੇਤ ਸਭ ਅਕਾਸ ਪਤਾਲਾਂ ਵਿਚ ਬੰਦੇ ਕੋਲ ਕੋਈ ਥਾਂ ਨਹੀਂ ਰਹਿਣੀ।

ਨਵੀਂ ਤਕਨੀਕ ਦਾ ਅਸਰ ਸਾਡੇ ਆਲੇ ਦੁਆਲੇ ਵੀ ਹੋ ਰਿਹਾ ਹੈ, ਉਹ ਵੇਖਣਾ ਬਣਦਾ ਹੈ। ਸਾਡੀਆਂ ਅੱਖਾਂ ਸਾਹਮਣੇ ਲੋਕ ਜਿੰਦਗੀ ਨੂੰ ਫਿਲਮ ਵਰਗੀ ਦੂਰੀ ਤੋਂ ਵੇਖਣ ਲੱਗ ਗਏ ਹਨ ਅਤੇ ਸ਼ੀਸ਼ਿਆਂ ਤੇ ਬਣਦੇ ਪਰਛਾਵਿਆਂ ਦੇ ਸੰਗ ਜਿੰਦਗੀ ਵਾਂਗ ਜੀਣ ਲੱਗ ਪਏ ਹਨ। ਕਿਸੇ ਮਰਦੇ ਨੂੰ ਬਚਾਉਣ ਦੀ ਥਾਂ ਲੋਕ ਉਹਦੇ ਪਰਛਾਵੇਂ ਕੈਦ ਕਰਨ ਵਿੱਚ ਰੁਝ ਜਾਂਦੇ ਹਨ। ਦੱਖਣੀ ਭਾਰਤ ਵਿੱਚ ਨਕਲਚੀਆਂ ਦੇ ਮੰਦਰ ਬਣ ਜਾਣਾ ਕੋਈ ਸਧਾਰਨ ਵਰਤਾਰਾ ਨਹੀਂ ਹੈ। ਇਹ ਗੱਲਾਂ ਗਵਾਹੀ ਹਨ ਕਿ ਮਨੁੱਖਤਾ ਦੇ ਕੁੱਲ ਦੁਖ ਦਰਦਾਂ ਤੋਂ ਲੈ ਕੇ ਇਨਕਲਾਬਾਂ ਤੱਕ ਕਿਵੇਂ ਸਭ ਕੁਝ ਪਰਛਾਵਿਆਂ ਦੀ ਵਿਧੀ ਰਾਹੀਂ ਸਿਰਫ ਮਨੋਰੰਜਨ ਦਾ ਸਾਧਨ ਬਣ ਗਏ ਹਨ।

ਪੁਤਲੀਘਰਾਂ ਵਿਚ ਚਲਣ ਵਾਲੇ ਪਰਛਾਵੇਂ ਤਾਂ ਹੁਣ ਬਿਜਲ ਜਗਤ ਦਾ ਛੋਟਾ ਹਿੱਸਾ ਬਣ ਗਏ ਹਨ। ਜਗਦੇ ਸ਼ੀਸੇ ਅਤੇ ਮਕੱੜਜਾਲ ਬਹੁਤ ਵੱਡੇ ਹੋ ਗਏ ਹਨ। ਅਸੀਂ ਇਹ ਪਰਛਾਵਿਆਂ ਵਾਲੀ ਤਕਨੀਕ ਓਦੋਂ ਵਰਤਣੀ ਚਾਹੁੰਦੇ ਹਾਂ ਜਦੋਂ ਇਹਨੂੰ ਬਣਾਉਣ ਵਾਲੇ ਇਹਦੇ ਬੁਰੇ ਅਸਰਾਂ ਤੋਂ ਬਚਣ ਦੇ ਉਪਾਅ ਸੋਚ ਰਹੇ ਹਨ। ਪਰਛਾਵਿਆਂ ਦੀ ਦੁਨੀਆ ਨਾਲ ਬੰਦੇ ਦਾ ਰਿਸ਼ਤਾ ਏਨਾ ਵਧ ਗਿਆ ਹੈ ਕਿ ਧਰਤੀ ਉਤੇ ਕੋਈ ਵੀ ਐਸੀ ਥਾਂ ਨਹੀਂ ਜਿਥੇ ਇਤਿਹਾਸ ਵਿਚ ਕਦੇ ਵੀ ਐਨੇ ਬੰਦੇ ਇਕ ਵਾਰ ਇਕੱਠੇ ਹੋਏ ਹੋਣ ਜਿੰਨੇ ਇਕੋ ਵੇਲੇ ਗੂਗਲ ਜਾਂ ਫੇਸਬੁਕ ਤੇ ਹੁੰਦੇ ਹਨ। ਇਥੇ ਬੰਦੇ ਸੱਚ ਲੱਭਣ ਜਾਂ ਸਿੱਖਣ ਨਹੀਂ ਆਉਂਦੇ ਸਗੋਂ ਇਥੇ ਬੰਦੇ ਜਿੰਦਗੀ ਤੋਂ, ਅਸਲੀਅਤ ਤੋਂ ਦੂਰ ਹੋਣ ਅਤੇ ਸਦਾ ਲਈ ਗੁਆਚ ਜਾਣ ਲਈ ਆਉਂਦੇ ਹਨ।

ਇਹ ਸੱਚ ਹੈ ਕਿ ਅਸੀਂ ਆਮ ਜਿੰਦਗੀ ਵਿੱਚ ਤਕਨੀਕੀ ਸੰਦਾਂ ਅਤੇ ਵਿਧੀਆਂ ਤੋਂ ਬਿਲਕੁਲ ਦੂਰ ਨਹੀਂ ਹੋ ਸਕਦੇ ਪਰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਸੰਦ ਜਾਂ ਕਿਸੇ ਵਿਧੀ ਦੀ ਵਰਤੋਂ ਕਿਸ ਰੂਪ ਵਿੱਚ ਕਿਸ ਹੱਦ ਤੱਕ ਹੋ ਸਕਦੀ ਹੈ। ਜਦੋਂ ਲੋਕ ਬਿਜਲਈ ਜਗਤ ਦੇ ਅਸਰ ਤੋਂ ਬਚਣ ਲਈ ਧਰਮ ਦੀ ਸ਼ਰਨ ਜਾਣ ਲੱਗ ਪਏ ਹਨ ਓਦੋਂ ਅਸੀਂ ਸਮੇਂ ਨੂੰ ਉਲਟਾ ਗੇੜਾ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਕਈ ਲੋਕਾਂ ਨੂੰ ਇਹ ਗੱਲ ਹੈਰਾਨੀ ਵਾਲੀ ਲੱਗ ਸਕਦੀ ਹੈ ਕਿ ਪੱਛਮੀ ਮੁਲਕਾਂ ਦੇ ਲੋਕ ਬਿਜਲ ਜਗਤ ਦੇ ਅਸਰ ਤੋਂ ਬਚਣ ਲਈ ਇਸਲਾਮ ਧਾਰਨ ਕਰ ਰਹੇ ਹਨ ਭਾਵੇਂ ਕਿ ਇਸਲਾਮ ਦੀ ਸਭ ਤੋਂ ਵੱਧ ਨਿੰਦਿਆ ਵੀ ਓਥੇ ਹੀ ਹੋ ਰਹੀ ਹੈ।

ਪਰਛਾਵਿਆਂ ਦੀ ਵਕਾਲਤ ਕਰਨ ਵਾਲੇ ਸੱਜਣ ਦੁਨੀਆ ਨਾਲ ਰਲਣ ਦੀ ਗੱਲ ਕਰ ਰਹੇ ਹਨ ਪਰ ਇਹ ਫਰਕ ਨਹੀਂ ਕਰ ਰਹੇ ਕਿ ਕਿਸ ਦੁਨੀਆ ਨਾਲ ਰਲਣ ਜਾ ਰਹੇ ਹਾਂ ? ਜਿਹੜੇ ਮੁਲਕ ਪਿਛਲੀ ਸਦੀ ਵਿੱਚ ਗੁਲਾਮ ਸਨ ਅੱਜ ਉਹ ਆਪਣੇ ਆਪ ਵਿੱਚ ਦੁਨੀਆ ਹਨ। ਸ਼ਾਇਦ ਉਹਨਾਂ ਗੁਲਾਮ ਮੁਲਕਾਂ ਨਾਲ ਰਲਣ ਦੀ ਕੋਸ਼ਿਸ਼ ਹੋ ਰਹੀ ਹੈ। ਧਰਮ ਦਾ ਨਿਆਰਾਪਣ ਦੁਨੀਆ ਦੀ ਚਾਲ ਵਿੱਚ ਰਲ ਕੇ ਨਾ ਪਰਚਾਰਿਆ ਜਾ ਸਕਦਾ ਹੈ ਨਾ ਬਚਾਇਆ ਜਾ ਸਕਦਾ ਹੈ। ਪਰਛਾਵਿਆਂ ਦਾ ਆਸਰਾ ਲੈਣ ਦੀ ਇੱਛਾ ਜਿੰਦਗੀ ਛੱਡ ਕੇ ਕਲਪਨਾ ਵਿੱਚ ਜੀਣ ਦੀ ਕਸਰਤ ਹੈ। ਹਰੇਕ ਧਿਰ ਆਪਣੀ ਬਿਮਾਰੀ ਦੀ ਪਛਾਣ, ਇਲਾਜ ਅਤੇ ਪਰਹੇਜ ਆਪ ਕਰੇ ਤਾਂ ਹੀ ਸਾਵੀ ਰਹਿ ਸਕਦੀ ਹੈ। ਧਰਮ ਅਤੇ ਚੰਗਿਆਈ ਮਨੁੱਖ ਦੇ ਅਮਲ ਨਾਲ ਹੀ ਫੈਲਦੇ ਹਨ। ਪਰਚਾਰ ਨਾਲ ਤਾਂ ਲੋਕ ਆਵਾਜਾਈ ਦੇ ਨੇਮ ਵੀ ਨਹੀਂ ਮੰਨਦੇ ਜਿਹੜੇ ਹਰ ਬੰਦੇ ਨੂੰ ਰਟਾਏ ਜਾਂਦੇ ਹਨ ਅਤੇ ਥਾਂ ਥਾਂ ਲਿਖ ਕੇ ਲਾਏ ਜਾਂਦੇ ਹਨ।

ਧਰਮ ਸੱਚ ਰੂਪ ਹੈ ਜਿਸਨੂੰ ਗੁਰੂ ਸਾਹਿਬ ਵੀ ਅਕਹਿ ਆਖ ਸਮਝਾਉਂਦੇ ਹਨ। ਅਸੀਂ ਉਸਨੂੰ ਆਪਣੀ ਕਲਪਨਾ ਨਾਲ ਪਰਛਾਵੇਂ ਵਿੱਚ ਬੰਨ੍ਹ ਕੇ ਪੇਸ਼ ਕਰਨ ਦੀ ਗੁਸਤਾਖੀ ਕਰਨਾ ਚਾਹੁੰਦੇ ਹਾਂ ਉਹ ਵੀ ਧਰਮ ਸੇਵਾ ਦੇ ਰੂਪ ਵਿੱਚ। ਇਹ ਗੁਸਤਾਖੀ ਓਵ ਤੇ 'ਨਾਨਕ ਨਾਮ ਜਹਾਜ ਹੈ' ਤੇ ਸਵਾ ਲਾਖ ਸੇ ਏਕ ਲੜਾਊਂ" ਵਰਗੀਆਂ ਫਿਲਮਾਂ ਧਰਮ ਪਰਚਾਰ ਵਜੋਂ ਵਿਖਾ ਕੇ ਲੰਮੇ ਚਿਰ ਤੋਂ ਹੋ ਰਹੀ ਹੈ ਪਰ ਦਰਬਾਰ ਸਾਹਿਬ ਦਾ ਕੀਰਤਨ ਪਰਛਾਵੇਂ ਰੂਪ ਵਿੱਚ ਲਿਆਉਣਾ ਅਜਿਹਾ ਕਦਮ ਸੀ, ਜੋ ਨਹੀਂ ਹੋਣਾ ਚਾਹੀਦਾ ਸੀ। ਕੀਰਤਨ ਸੁਣਨ ਤੱਕ ਹੀ ਕੀਰਤਨ ਹੈ। ਜਦੋਂ ਸਿੱਖਾਂ ਦੇ ਅੱਧ ਮੁੰਦੇ ਨੈਣਾਂ ਵਾਲੇ ਸਿਰ ਜਗਦੇ ਹੋਏ ਸ਼ੀਸ਼ੇ ਦੇ ਰੰਗਾਂ ਸਾਹਮਣੇ ਦਰਬਾਰ ਸਾਹਿਬ ਵਾਂਗ ਝੁਕ ਗਏ ਤਾਂ ਵੱਡਾ ਇਤਿਹਾਸਕ ਛਲਾਵਾ ਹੋਇਆ ਜੋ ਪੂਰੇ ਪੰਥ ਨੂੰ ਮਹਿਸੂਸ ਨਾ ਹੋਇਆ। ਸਭ ਨੇ ਨਵੀਂ ਤਕਨੀਕ ਦਾ ਸ਼ੁਕਰ ਕੀਤਾ ਕਿ ਘਰ ਬੈਠੇ ਦਰਬਾਰ ਸਾਹਿਬ ਦੇ ਦਰਸ਼ਨ, ਹਰ ਰੋਜ ਉਹ ਵੀ ਅੰਮ੍ਰਿਤ ਵੇਲੇ ਹੋ ਰਹੇ ਹਨ। ਜੋ ਦਰਸ਼ਨ ਸਿੱਖਾਂ ਦੀ ਜਿੰਦਗੀ ਦੀ ਵੱਡੀ ਲੋਚਾ ਹੁੰਦੀ ਸੀ ਉਹ ਦਰਸ਼ਨ ਸ਼ੀਸ਼ੇ ਨੇ ਲੁੱਟ ਲਏ ਤੇ ਪਰਛਾਵਾ ਸੱਚ ਹੋ ਗਿਆ। ਜੋ ਦਰਸ਼ਨ ਸਿੱਖ ਨੇ ਅਰਦਾਸ ਰੂਪ ਵਿੱਚ ਮੰਗਿਆ ਸੀ ਉਹ ਵਪਾਰੀ ਨੇ ਬੋਤਲ ਵਿੱਚ ਸਮੁੰਦਰ ਵਿਖਾਉਣ ਵਾਂਗ ਪਰਛਾਵੇਂ ਰੂਪ ਵਿੱਚ ਹਾਜਰ ਕਰਕੇ ਸਿੱਖ ਨੂੰ ਠੱਗ ਲਿਆ। ਭੋਲੇ ਪਾਤਸ਼ਾਹ ਲੁੱਟਾ ਹੋ ਕੇ ਵੀ ਸ਼ੁਕਰਾਨੇ ਨਾਲ ਭਰੇ ਹੋਏ ਹਨ। ਜਿਹੜੇ ਲੋਕ ਕਦੇ ਅੰਮ੍ਰਿਤਸਰ ਦੇ ਰਾਹ ਪਿਆਂ ਵੀ ਸਤਿਕਾਰ ਨਾਲ ਭਰ ਜਾਂਦੇ ਸਨ ਹੁਣ ਓਹੀ ਲੋਕ ਜਗਦੇ ਸ਼ੀਸੇ ਦੇ ਕੀਰਤਨ ਸਾਹਮਣੇ ਬੈਠ ਕੇ ਗੱਲਾਂ ਕਰਦੇ ਰਹਿੰਦੇ ਹਨ। ਇਹ ਜਗਦੇ ਸ਼ੀਸ਼ੇ ਨੂੰ ਸੀਸ ਝੁਕਾਉਣ ਦੀ ਸਜਾ ਹੈ ਕਿ ਮੰਜੀ ਸਾਹਿਬ ਦੀਵਾਨ ਹਾਲ ਸਮੇਤ ਸਭ ਵੱਡੇ ਗੁਰਦੁਆਰੇ ਬਿਜਲਮੰਡੀ ਦੀ ਮੁਕਾਬਲੇਬਾਜੀ ਦੇ ਅੱਡੇ ਬਣਦੇ ਜਾ ਰਹੇ ਹਨ। ਕਥਾਵਾਚਕ ਅਤੇ ਪਰਚਾਰਕ ਇਹਨਾਂ ਥਾਂਵਾਂ ਤੋਂ ਆਪਣੀ ਭਰਵੀਂ ਹਾਜਰੀ ਲਵਾਉਣ ਲਈ ਮੰਡੀ ਦੇ ਅਣਦਿਸਦੇ ਭਾਰ ਹੇਠ ਪਿਸ ਰਹੇ ਹਨ। ਉਹ ਸਿੱਖ ਹੋਣ ਨਾਲੋਂ ਚੰਗੇ ਵਿਦਵਾਨ ਬੁਲਾਰੇ ਹੋਣ ਦੇ ਸਾਂਚੇ ਵਿੱਚ ਫਸਦੇ ਜਾ ਰਹੇ ਹਨ। ਪੰਥ ਅੰਦਰ ਬਿਜਲ ਪਰਛਾਵਿਆਂ ਦੇ ਚਲਣ ਦੀ ਤਤਕਾਲੀ ਜੜ੍ਹ ਇਥੇ ਪਈ ਹੈ।

ਹਰ ਸਿੱਖ ਜਾਣਦਾ ਹੈ ਕਿ ਬਿਨ ਮੰਗਿਆਂ ਗੁਰੂ ਹੀ ਦੇ ਸਕਦਾ ਹੈ ਸਰਕਾਰਾਂ ਜਾਂ ਵਪਾਰੀ ਨਹੀਂ। ਬਿਜਲ ਪਰਛਾਵੇਂ ਦਾ ਚਲਣ ਰਾਸ ਲੀਲਾ ਨੂੰ ਜਾਣ ਵਾਲਾ ਰਾਹ ਹੀ ਹੈ। ਇਹ ਦਿੱਲੀ ਦੇ ਫੌਜੀ ਵਪਾਰੀ ਦੀ ਕਾਹਲ ਦੀ ਦੇਣ ਹੈ ਕਿ ਉਹਨੇ ਆਂਡਾ ਲੈਣ ਦੀ ਥਾਂ ਮੁਰਗੀ ਮਾਰਨੀ ਚਾਹੀ ਤੇ ਪੰਥ ਜਾਗ ਪਿਆ। ਜੇ ਕੋਈ ਸਰਕਾਰ ਕਦੇ ਕੁਝ ਬਿਨਾ ਮੰਗੇ ਜਾਂ ਮਿਹਨਤ ਕਰੇ ਬਗੈਰ ਦੇਵੇ ਤਾਂ ਉਹ ਰਿਸ਼ਵਤ, ਲੁੱਟ ਜਾਂ ਬੇਈਮਾਨੀ ਹੀ ਹੁੰਦੀ ਹੈ। ਹਕੂਮਤ ਜਾਂ ਵਪਾਰੀ ਜਦੋਂ ਵੀ ਗੁਰੂ ਵਾਂਗ ਵਿਹਾਰ ਕਰਦੇ ਹਨ ਤਾਂ ਸਿੱਖ ਨੂੰ ਜਰੂਰ ਖਬਰਦਾਰ ਹੋਣਾ ਚਾਹੀਦਾ ਹੈ।

ਇਹ ਮਾਮਲੇ ਦੇ ਸਬੰਧ ਵਿਚ (ਸਕੂਲੀ ਪੜ੍ਹਾਈ ਛੱਡ ਕੇ ਖੇਤੀ ਵਿੱਚ ਪਏ) ਇਕ ਨੌਜਵਾਨ ਦੀ ਗੱਲ ਬੜੀ ਵਾਰ ਚੇਤੇ ਆਉਂਦੀ ਹੈ ਜੋ ਉਹਨੇ 'ਸਾਡਾ ਹੱਕ' ਫਿਲਮ ਵੇਲੇ ਕਹੀ। ਉਹਨੇ ਸਾਰੇ ਪਰਸੰਗ ਨੂੰ ਇਕੋ ਵਾਕ ਵਿਚ ਨਿਬੇੜ ਦਿੱਤਾ ਕਿ 'ਜਿਹੜੀ ਚੀਜ ਸਿੱਖਾਂ ਨੂੰ ਕੋਈ ਸਰਕਾਰ ਬਿਨਾ ਨੁਕਸਾਨ ਕਰਾਇਆਂ ਦਿੰਦੀ ਐ ਉਹ ਸਿੱਖਾਂ ਲਈ ਜਰੂਰ ਨੁਕਸਾਨ ਵਾਲੀ ਹੋਊ'।

**(ਚਲਦਾ...)**

**(ਸਿੱਖ ਸਿਆਸਤ ਤੋਂ ਧੰਨਵਾਦ ਸਹਿਤ)**

## ਬਹੁਗਿਣਤੀਵਾਦੀ ਰਾਜ ਪ੍ਰਬੰਧ ਬਨਾਮ ਫੈਡਰਲ ਢਾਂਚਾ

ਉਹ ਲਿਖਦਾ ਹੈ ਕਿ ਦੁਨੀਆਂ ਦੀਆਂ ਬਹੁਤੀਆਂ ਜਮਹੂਰੀ ਸਰਕਾਰਾਂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ, ਬਹੁਗਿਣਤੀ ਨੂੰ ਝੂਠੇ ਲਾਰਿਆਂ ਨਾਲ ਆਪਣੇ ਪਿਛੇ ਲਾ ਕੇ ਰਾਜ ਚਲਾਉਂਦੀਆਂ ਹਨ। ਜਮਹੂਰੀਅਤ ਅਤੇ ਦੇਸ਼ ਨੂੰ ਹੋਰ ਮਜ਼ਬੂਤ ਕਰਨ ਦੇ ਨਾਮ 'ਤੇ ਘੱਟ ਗਿਣਤੀਆਂ ਦਾ ਘਾਣ, ਜੀਨੋਸਾਈਡ' (ਨਸ਼ਲਕੁਸ਼ੀ) ਤੱਕ ਵੀ ਕਰਵਾਉਂਦੀਆਂ ਹਨ। ਅਜਿਹੇ ਦਰਜਨਾਂ ਕਤਲੇਆਮਾਂ ਵਿਚ ਐਨੇ ਜ਼ਿਆਦਾ ਸਿਵਲੀਅਨ ਮਾਰੇ ਜਾ ਚੁੱਕੇ ਹਨ, ਜਿਹਨਾਂ ਦੀ ਗਿਣਤੀ ਦੋ ਮਹਾਂ-ਯੁੱਧਾਂ ਵਿਚ ਮਾਰੇ ਗਏ ਕੁੱਲ ਫੌਜੀਆਂ ਤੇ ਸਿਵਲੀਅਨ ਲੋਕਾਂ ਤੋਂ ਵੀ ਕਿਤੇ ਵੱਧ ਹੈ।

ਡਾ. ਧਰਮਵੀਰ ਗਾਂਧੀ ਵੱਲੋਂ ਫੈਡਰਲਿਜ਼ਮ (ਸੰਘੀ ਰਾਜ-ਪ੍ਰਬੰਧ) ਦੀ ਪੈਰਵੀ ਲਈ ਪੰਜਾਬ ਮੰਚ' ਖੜ੍ਹਾ ਕਰਨ ਦਾ ਉਪਰਾਲਾ ਇਕ ਸਾਰਥਕ ਕਦਮ ਹੈ। ਪਰ ਫੈਡਰਲਿਜ਼ਮ ਮੌਜੂਦਾ ਸਵਿੰਧਾਨ, ਪ੍ਰਚੱਲਤ ਚੋਣ-ਪ੍ਰਣਾਲੀ ਤੇ ਰਾਜ-ਪ੍ਰਬੰਧ ਵਿਚ ਵੱਡੇ ਰੱਦੋ-ਅਮਲ ਦਾ ਲਖਾਇਕ ਹੈ। ਤੇ ਬਦਲਵੀ-ਵਿਰੋਧੀ ਸਿਆਸਤ ਸਾਹਮਣੇ ਵਿਵਸਥਾ ਨੂੰ ਮੁੱਢੋ-ਸੁੱਢੋ ਬਦਲਣ ਦੇ ਵੱਡੇ ਟਾਕਸ' ਖੜ੍ਹੇ ਕਰਦਾ। ਵੱਡਾ ਮੁੱਦਾ ਹੈ ਕਿ ਮੌਜੂਦਾ ਚੋਣ ਪ੍ਰਬੰਧ ਰਾਹੀਂ ਖੰਡਤ ਹੋ ਰਹੇ ਸਮਾਜ ਨੂੰ ਕਿਵੇਂ ਠੱਲ੍ਹ ਪਾਈ ਜਾਵੇ ? ਖਾਸ ਕਰਕੇ ਅੱਜ ਦੇ ਪ੍ਰਸੰਗ ਵਿਚ ਜਦੋਂ ਰਾਜ-ਸੱਤਾ ਦੀ ਦੌੜ ਵਿਚ ਸ਼ਾਮਲ ਸਿਆਸੀ ਪਾਰਟੀਆਂ ਨੇ ਬੁਨਿਆਦੀ ਮੁੱਦਿਆਂ ਉਤੇ ਮਿੱਟੀ ਪਾ ਕੇ, ਉਕਸਾਊ ਮਾਹੌਲ ਖੜ੍ਹਾ ਕਰਕੇ ਚੋਣ ਜਿੱਤਣ ਵਿਚ ਮੁਹਾਰਤਾ ਪ੍ਰਾਪਤ ਕਰ ਲਈ ਹੈ। ਅਜਿਹੀ ਚੋਣ ਪ੍ਰਕ੍ਰਿਆ ਦੇ ਚਲਦਿਆਂ ਸਮਾਜ ਨੂੰ ਬੰਦ-ਖੁਲਾਸੀ ਦਿਵਾਉਣ ਵਾਲੇ ਮੁੱਦਿਆਂ ਦੁਆਲੇ ਕਿਵੇਂ ਜਨਮਤ ਖੜ੍ਹਾ ਕੀਤਾ ਜਾਵੇ, ਵਿਚਾਰਵਾਨਾਂ ਦੇ ਵਿਚਾਰਨ ਦਾ ਮਸਲਾ ਹੈ ? ਪ੍ਰਚੱਲਤ ਸਿਆਸਤ ਤਾਂ ਮਾਰਕੇਬਾਜ਼ੀ ਤੇ ਭਾਵਨਾਤਿਕ ਮਹੌਲ ਖੜਾ ਕਰਕੇ ਸਮਾਜਾਂ ਅੰਦਰ ਵੱਡੀ ਹਿੰਸਾ ਤੇ ਮਾਰ-ਧਾੜ ਖੜੀ ਕਰਕੇ ਸੱਤਾ ਦੀਆ ਕੁਰਸੀਆਂ ਉਤੇ ਸੱਜ-ਧਜ ਕੇ ਬਹਿੰਦੀ ਹੈਇਹ ਅਮਲ ਦਿਨ-ਬ-ਦਿਨ ਜ਼ੋਰ ਫੜ੍ਹਦਾ ਜਾਪਦਾ।

(ਸਿੱਖ ਸਿਆਸਤ " ਤੋਂ ਧੰਨਵਾਦ ਸਹਿਤ)

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

## ਕੈਪਟਨ ਸਰਕਾਰ ਦਾ ਸਿੱਖ ਵਿਰੋਧੀ ਕਾਰਨਾਮਾ

ਕਿ ਕੁਝ ਵੀ ਹਟਾਇਆ ਨਹੀਂ ਗਿਆ। ਮੁੱਖ ਮੰਤਰੀ ਨੇ ਵਿਰੋਧੀ ਧਿਰ ਨੂੰ ਬੇਹੱਦ ਸੰਵੇਦਨਸ਼ੀਲ ਅਤੇ ਧਾਰਮਿਕ ਭਾਵਨਾਵਾਂ ਨਾਲ ਜੁੜੇ ਇਸ ਮੁੱਦੇ 'ਤੇ ਸਿਆਸਤ ਕਰ ਕੇ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਖ਼ਿਲਾਫ਼ ਚਿਤਾਵਨੀ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਹੁਣ ਸਿੱਖ ਇਤਿਹਾਸ ਦੀ ਥਾਂ 'ਤੇ 'ਲੱਖ ਦਾਤਾ ਪੀਰ' ਬਾਰੇ ਪੜ੍ਹਾਈ ਕਰਨਗੇ। ਇਸ ਦਾ ਕਾਰਨ ਇਹ ਹੈ ਕਿ ਹਿਸਟਰੀ ਦੇ ਨਵੇਂ ਸਿਲੇਬਸ ਵਿਚੋਂ ਸਿੱਖ ਇਤਿਹਾਸ ਨੂੰ ਗਾਇਬ ਕਰ ਦਿੱਤਾ ਗਿਆ ਹੈ। ਸਿਰਫ ਇਹ ਹੀ ਨਹੀਂ, ਜੋ ਚੈਪਟਰ ਨਵੇਂ ਲਾਏ ਗਏ ਹਨ, ਉਨ੍ਹਾਂ ਦਾ ਪੰਜਾਬ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਜਾਣ ਵਾਲੀ ਇਤਿਹਾਸ ਦੀ ਪਾਠ ਪੁਸਤਕ ਛਪਾਈ ਅਧੀਨ ਚੱਲ ਰਹੀ ਹੈ। ਇਹ ਪਾਠ ਪੁਸਤਕ ਵਿਦਿਆਰਥੀ ਹੱਥਾਂ ਵਿੱਚ ਜਾਣ ਤੋਂ ਪਹਿਲਾਂ ਹੀ ਇੱਕ ਵੱਡੇ ਵਿਰੋਧ ਦਾ ਕਾਰਨ ਬਣਦੀ ਨਜ਼ਰ ਆ ਰਹੀ ਹੈ ਕਿਉਂਕਿ ਇਸ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਪੜ੍ਹਾਏ ਜਾਣ ਵਾਲੇ ਇਤਿਹਾਸ ਦੇ ਸਿਲੇਬਸ ਵਿੱਚ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਦੇ ਸਮੇਂ ਦੌਰਾਨ ਸਿੱਖ ਧਰਮ ਦਾ ਵਿਕਾਸ, ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੀ ਸ਼ਹੀਦੀ, ਗੁਰੂ ਹਰਗੋਬਿੰਦ ਜੀ ਅਤੇ ਸਿੱਖ ਪੰਥ ਦਾ ਰੂਪਾਂਤਰਣ, ਗੁਰੂ ਹਰਿ ਰਾਏ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ, ਗੁਰੂ ਗੋਬਿੰਦ ਸਿੰਘ ਜੀ, ਬੰਦਾ ਸਿੰਘ ਬਹਾਦਰ, ਦਲ ਖਾਲਸਾ ਦਾ ਉਥਾਨ ਅਤੇ ਇਸ ਦੀ ਯੁੱਧ ਪ੍ਰਣਾਲੀ, ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਅਤੇ ਜਿੱਤਾਂ, ਐਂਗਲੋ ਸਿੱਖ ਸਬੰਧ, ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਪ੍ਰਬੰਧ ਆਦਿ ਨੂੰ 12ਵੀਂ ਦੇ ਸਿਲੇਬਸ 'ਚੋਂ ਕੱਢ ਦਿੱਤਾ ਗਿਆ ਹੈ।

ਛੱਪ ਰਹੀ ਪਾਠ ਪੁਸਤਕ ਦੀ ਪੀਡੀਐੱਫ ਫਾਈਲ ਦਰਸਾਉਂਦੀ ਹੈ ਕਿ ਦੋ ਭਾਗਾਂ ਵਾਲੀ ਨਵੀਂ ਪਾਠ ਪੁਸਤਕ ਦੇ 13 ਚੈਪਟਰ ਤੇ 178 ਪੰਨੇ ਹਨ, ਜਿਸ ਵਿੱਚ ਸ਼ਹਿਰ, ਵਪਾਰ ਅਤੇ ਸ਼ਿਲਪ, ਸਰਦਾਰ, ਭਿਕਸ਼ੂ ਅਤੇ ਦਾਨੀ, ਮੱਧਕਾਲੀਨ ਭਾਰਤ ਵਿੱਚ ਰਾਜਨੀਤਕ ਅਤੇ ਆਰਥਿਕ ਵਿਕਾਸ, ਸੁਲਤਾਨ ਅਤੇ ਪਾਦਸ਼ਾਹ, ਭਗਤੀ ਦੇ ਨਵੇਂ ਰੂਪ, ਭਾਗ ਦੂਜਾ ਵਿੱਚ 1857 ਈਸਵੀ ਦਾ ਵਿਦਰੋਹ, ਭਾਰਤ ਵਿੱਚ ਰਾਸ਼ਟਰਵਾਦ ਦਾ ਉਭਾਰ, ਸੁਤੰਤਰਤਾ ਵੱਲ ਭਾਰਤ, ਸਿੱਖ ਰਾਜ ਵੱਲ, ਬ੍ਰਿਟਿਸ਼ ਰਾਜ ਅਧੀਨ ਪੰਜਾਬ, ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਸ ਕਿਤਾਬ ਦੀ ਸ਼ੁਰੂਆਤ ਹੀ 'ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਦੇ ਇਤਿਹਾਸ ਉੱਪਰ ਪ੍ਰਭਾਵ' ਦੇ ਵਿਸ਼ੇ ਤੋਂ ਹੁੰਦੀ ਸੀ। ਪਹਿਲੇ ਤਿੰਨ ਲੇਖਾਂ ਰਾਹੀਂ ਵਿਦਿਆਰਥੀਆਂ ਨੂੰ ਪੰਜਾਬ ਦੇ ਇਤਿਹਾਸ ਹੀ ਨਹੀਂ, ਸਗੋਂ ਭੂਗੋਲਿਕ, ਰਾਜਸੀ, ਸਮਾਜਿਕ ਤੇ ਆਰਥਿਕ ਵਿਕਾਸ ਬਾਰੇ ਵੀ ਜਾਣਕਾਰੀ ਮਿਲਦੀ ਸੀ। ਇਸ ਤੋਂ ਅਗਲੇ 7 ਚੈਪਟਰਾਂ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਪੰਥ ਦੀ ਸਾਜਨਾ ਤੇ ਉਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ ਸੀ। ਇਸ ਤੋਂ ਅਗਲੇ 13 ਚੈਪਟਰਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ, ਮੁਗ਼ਲ ਹੁਕਮਰਾਨਾਂ ਦੇ ਸਿੱਖਾਂ ਨਾਲ ਉਨ੍ਹਾਂ ਦੇ ਸਬੰਧ, ਦਲ ਖ਼ਾਲਸਾ, ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਤੇ ਸਿੱਖ ਰਾਜ ਅਤੇ ਪਹਿਲੇ ਤੇ ਦੂਜੇ ਸਿੱਖ ਯੁੱਧਾਂ ਦਾ ਵਰਨਣ ਦਿੱਤਾ ਗਿਆ ਸੀ।

ਪਰ ਬੋਰਡ ਵਲੋਂ 11ਵੀਂ ਤੇ 12ਵੀਂ ਜਮਾਤ ਦੀਆਂ ਪਾਠ ਪੁਸਤਕਾਂ ਦੀ ਨਵੀਂ ਵਿਉਂਤਬੰਦੀ ਕਰਦਿਆਂ 12ਵੀਂ ਜਮਾਤ ਦੀ 'ਪੰਜਾਬ ਦੇ ਇਤਿਹਾਸ' ਸਿਰਲੇਖ ਨੂੰ ਅਡੋਪਲੇ ਜਿਹੇ ਸਾਧਾਰਨ 'ਇਤਿਹਾਸ' ਵਿਚ ਬਦਲ ਦਿੱਤਾ ਗਿਆ ਹੈ। ਵੇਖਣ ਨੂੰ ਇਹ ਸਾਧਾਰਨ ਜਿਹੀ ਗੱਲ ਲੱਗ ਸਕਦੀ ਹੈ ਪਰ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਬੋਰਡ ਦੇ ਇਮਤਿਹਾਨ ਵਾਲੀ ਕਿਤਾਬ ਦੇ ਨਾਂਅ 'ਪੰਜਾਬ ਦਾ ਇਤਿਹਾਸ' ਵਿਚੋਂ ਪੰਜਾਬ ਸ਼ਬਦ ਹੀ ਕੱਢ ਦੇਣਾ ਡੂੰਘੀ ਸਾਜਿਸ਼ ਦਾ ਨਤੀਜਾ ਹੈ ਤੇ ਕਿਤਾਬ ਦਾ ਸਿਰਲੇਖ ਬਦਲਣਾ ਪੰਜਾਬੀ ਬੱਚਿਆਂ ਨੂੰ ਆਪਣੇ ਹੀ ਇਤਿਹਾਸ ਤੋਂ ਅਣਜਾਣ ਬਣਾਉਣ ਦਾ ਮੁੱਢ ਬੰਨ੍ਹਣ ਵਾਲਾ ਕਦਮ ਹੈ।

ਦੇਸ਼ ਅੰਦਰਲੇ ਸਾਰੇ ਗਿਆਨ ਨੂੰ ਕੌਮੀ ਗਿਆਨ ਅਨੁਸਾਰੀ ਬਣਾਉਣ ਜਾਂ ਢਾਲਣ ਦੀ ਚੱਲ ਰਹੀ ਮੁਹਿੰਮ ਦੇ ਧਾਰਨੀ ਬਣਦਿਆਂ ਬੋਰਡ ਨੇ ਪਾਠ ਪੁਸਤਕ ਵਿਚੋਂ ਪਹਿਲੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਤੱਕ ਦੇ ਸਾਰੇ ਗੁਰ-ਇਤਿਹਾਸ ਨੂੰ ਬਾਹਰ ਕੱਢ ਦਿੱਤਾ ਹੈ। ਏਨਾ ਹੀ ਨਹੀਂ ਪੰਜਾਬ ਦੇ ਸਮਾਜਿਕ, ਰਾਜਸੀ, ਧਾਰਮਿਕ ਤੇ ਆਰਥਿਕ ਵਿਕਾਸ ਦੇ ਇਤਿਹਾਸ ਉੱਪਰ ਵੀ ਪੋਚਾ ਫੇਰ ਦਿੱਤਾ ਹੈ, ਇਥੋਂ ਤੱਕ ਕਿ ਨਵੀਂ ਤਿਆਰ ਕੀਤੀ ਪਾਠ ਪੁਸਤਕ ਵਿਚ 'ਭਾਰਤ ਵਿਚ ਰਸ਼ਟਰਵਾਦ ਦਾ ਉਭਾਰ' ਅਤੇ 'ਸੁਤੰਤਰਤਾ ਵੱਲ ਭਾਰਤ' ਦੇ ਸਿਰਲੇਖ ਵਾਲੇ ਦੋ ਵੱਡੇ ਲੇਖ ਸ਼ਾਮਿਲ ਕੀਤੇ ਗਏ ਹਨ ਪਰ ਇਨ੍ਹਾਂ ਲੇਖਾਂ ਵਿਚ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਪੰਜਾਬ ਵਲੋਂ ਪਾਏ ਵੱਡੇ ਯੋਗਦਾਨ ਦੇ ਬਹੁਤ ਵੱਡੇ ਹਿੱਸੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ ਗਿਆ ਹੈ। ਸੁਤੰਤਰਤਾ ਲਈ ਪੰਜਾਬ ਅੰਦਰੋਂ ਉਠਦੀਆਂ ਰਹੀਆਂ ਲਹਿਰਾਂ ਤੇ ਫਾਂਸੀਆਂ ਦੇ ਰੱਸੇ ਚੁੰਮਦੇ ਤੇ ਕੈਦਾਂ ਕੱਟਣ ਵਾਲੇ ਬਹੁਤੇ ਪੰਜਾਬੀਆਂ ਦਾ ਕਿਧਰੇ ਵੀ ਜ਼ਿਕਰ ਤੱਕ ਵੀ ਨਹੀਂ ਹੈ। ਬੋਰਡ ਵਲੋਂ 11ਵੀਂ ਜਮਾਤ ਦੀ ਪਾਠ ਪੁਸਤਕ ਵਿਚ ਗੁਰ-ਇਤਿਹਾਸ ਪੜ੍ਹਾਏ ਜਾਣ ਦੀ ਗੱਲ ਵੀ ਬੜੀ ਬੇਤੁੱਕੀ ਹੈ। ਪਿਛਲੇ ਸਮੇਂ ਤੋਂ 12ਵੀਂ ਜਮਾਤ ਨੂੰ ਗੁਰ-ਇਤਿਹਾਸ ਤੇ ਪੰਜਾਬ ਬਾਰੇ ਭਰਪੂਰ ਜਾਣਕਾਰੀ ਪੜ੍ਹਾਈ ਜਾ ਰਹੀ ਸੀ। 11ਵੀਂ ਦੀ ਪਾਠ ਪੁਸਤਕ ਵਿਚ ਸਿੱਖ ਗੁਰੂ ਸਾਹਿਬਾਨ ਬਾਰੇ ਕੁਝ ਪਾਠ ਸ਼ਾਮਿਲ ਸਨ ਪਰ ਇਹ ਪਾਠ ਬੇਹੱਦ ਸੰਖੇਪ ਸਨ ਜਦ ਕਿ 12ਵੀਂ ਜਮਾਤ ਦੇ 'ਪੰਜਾਬ ਦਾ ਇਤਿਹਾਸ ਨਾਮੀ ਪੁਸਤਕ ਵਿਚ ਵਿਸਥਾਰਤ ਜਾਣਕਾਰੀ ਪੜ੍ਹਾਈ ਜਾਂਦੀ ਸੀ। ਇਹ ਵੀ ਦੱਸਿਆ ਜਾਂਦਾ ਹੈ ਕਿ ਬਾਰ੍ਹਵੀਂ ਦਾ ਇਮਤਿਹਾਨ ਬੋਰਡ ਦਾ ਹੁੰਦਾ ਹੈ। ਬਹੁਤ ਸਾਰੇ ਵਿਦਿਆਰਥੀ 10ਵੀਂ ਤੋਂ ਬਾਅਦ ਸਿੱਧਾ ਬੋਰਡ ਦਾ ਇਮਤਿਹਾਨ ਦਿੰਦੇ ਹਨ ਜਾਂ ਫਿਰ ਓਪਨ ਸਕੂਲ ਪੜ੍ਹਾਈ ਵਾਲੇ ਵੀ ਸਿੱਧਾ ਇਮਤਿਹਾਨ ਬੋਰਡ ਦਾ ਹੀ ਦਿੰਦੇ ਹਨ। ਅਜਿਹੇ ਵਿਦਿਆਰਥੀਆਂ ਨੂੰ ਨਾ ਫਿਰ ਪੰਜਾਬ ਅਤੇ ਸਿੱਖ ਇਤਿਹਾਸ ਬਾਰੇ ਪੜ੍ਹਨ ਦਾ ਮੌਕਾ ਹੀ ਨਹੀਂ ਮਿਲੇਗਾ। ਦੇਸ਼ ਅੰਦਰ ਇਸ ਵੇਲੇ ਇਤਿਹਾਸ ਤੇ ਪੜ੍ਹਾਈ ਨੂੰ ਇਕ ਵੱਖਰੀ ਐਨਕ ਰਾਹੀਂ ਦੇਖਣ ਤੇ ਜਾਨਣ ਦਾ ਸਿਲਸਿਲਾ ਚੱਲ ਰਿਹਾ ਹੈ। ਬੋਰਡ ਵਲੋਂ ਪਾਠ ਪੁਸਤਕ ਦਾ ਤੱਤ ਬਦਲ ਸੁੱਟਣ ਵਿਰੁੱਧ ਵਿਆਪਕ ਰੋਸ ਪਾਇਆ ਜਾ ਰਿਹਾ ਹੈ ਤੇ ਸਕੂਲੀ ਵਿਸ਼ਾ ਸੂਚੀ ਨਾਲ ਵੱਡੀ ਛੇੜ-ਛਾੜ ਦਾ ਮੁੱਦਾ ਵੀ ਸਮਝਿਆ ਜਾ ਰਿਹਾ ਹੈ।

## ਕੈਪਟਨ ਕਹਿੰਦਾ : ਸਾਰੇ ਦੋਸ਼ ਨਿਰਆਧਾਰ

ਕਰਨ ਦਾ ਦੋਸ਼ ਲਾਉਂਦਿਆਂ ਆਮ ਆਦਮੀ ਪਾਰਟੀ (ਆਪ) ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ 2014 ਵਿੱਚ ਅਕਾਲੀ ਸਰਕਾਰ ਸਮੇਂ ਐਨਸੀਈਆਰਟੀ ਸਿਲੇਬਸ ਅਨੁਸਾਰ ਮੁੜ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਤੇ ਉਨ੍ਹਾਂ ਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਮੁੱਦੇ 'ਤੇ ਚਰਚਾ ਵਿੱਚ ਸ਼੍ਰੋਮਣੀ ਕਮੇਟੀ ਨੂੰ ਵੀ ਸ਼ਾਮਲ ਕੀਤਾ ਸੀ, ਜਿਸ ਤਹਿਤ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਇਤਿਹਾਸ ਦੇ ਸਿਲੇਬਸ ਨੂੰ ਮੁੜ ਤਿਆਰ ਕਰਨ ਲਈ ਚਰਚਾ ਵਾਸਤੇ 9 ਜਨਵਰੀ 20 14 ਨੂੰ ਮਾਹਿਰਾਂ ਦੀ ਇਕ ਕਮੇਟੀ ਕਾਇਮ ਕਰਨ ਦਾ ਪ੍ਰਸਤਾਵ ਰੱਖਿਆ ਸੀ। ਇਸ ਵਿਸ਼ੇ 'ਤੇ ਚਰਚਾ ਲਈ ਕਮੇਟੀ ਨੇ ਕਈ ਮੀਟਿੰਗਾਂ ਕੀਤੀਆਂ ਅਤੇ ਡਾਇਰੈਕਟਰ (ਸਹਾਇਕ ਪ੍ਰੋਫੈਸਰ, ਐਨਸੀਈਆਰਟੀ) ਤੋਂ ਵੀ ਜਾਣਕਾਰੀ ਲਈ ਸੀ। ਮਾਰਚ 20 14 ਵਿੱਚ ਇਹ ਸਿਲੇਬਸ ਬੋਰਡ ਦੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤਾ ਸੀ। ਸਾਲ 2015 ਵਿੱਚ ਨੌਵੀਂ ਜਮਾਤ ਦੇ ਸਿਲੇਬਸ ਨੂੰ ਅੰਤਿਮ ਰੂਪ ਦਿੱਤੇ ਜਾਣ ਬਾਅਦ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕੀਤਾ ਸੀ। ਸਿਲੇਬਸ ਨੂੰ ਮੁੜ ਵਿਉਂਤਣ ਬਾਅਦ 2016 ਵਿੱਚ ਬੋਰਡ ਵੱਲੋਂ 9ਵੀਂ ਅਤੇ 10ਵੀਂ ਜਮਾਤਾਂ ਲਈ ਕਿਤਾਬਾਂ ਪ੍ਰਕਾਸ਼ਿਤ ਕਰਾਈਆਂ ਸਨ ਅਤੇ 11ਵੀਂ-12ਵੀਂ ਜਮਾਤਾਂ ਲਈ ਕਿਤਾਬਾਂ 2018 ਵਿੱਚ ਛਪਾਉਣ ਬਾਰੇ ਫ਼ੈਸਲਾ ਕੀਤਾ ਸੀ। ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ ਦੀ ਸੱਤਾ ਸੰਭਾਲਣ ਬਾਅਦ ਉਨ੍ਹਾਂ ਦੀ ਸਰਕਾਰ ਨੇ ਇਤਿਹਾਸ ਦੇ ਵਿਸ਼ੇ ਨੂੰ ਮੁੜ ਤਿਆਰ ਲਈ ਵਿਚਾਰ-ਚਰਚਾ ਵਾਸਤੇ ਮਾਰਚ 20 17 ਵਿੱਚ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਸੀ। ਸ਼੍ਰੋਮਣੀ ਕਮੇਟੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਪਰਮਵੀਰ ਸਿੰਘ ਨੂੰ ਜ਼ਿੰਮਾ ਦਿੱਤਾ ਸੀ, ਜਿਨ੍ਹਾਂ ਨੇ ਸਾਰੀਆਂ ਮੀਟਿੰਗਾਂ ਵਿੱਚ ਹਿੱਸਾ ਲਿਆ ਸੀ। ਕੈਪਟਨ ਨੇ ਸ੍ਰੀ ਲੌਂਗੋਵਾਲ ਦੀ ਆਪਣੇ ਰਾਜਸੀ ਹਿੱਤਾਂ ਲਈ ਇਸ ਮਸਲੇ ਬਾਰੇ ਜਾਣ-ਬੁੱਝ ਕੇ ਅਸਲ ਤੱਥ ਛੁਪਾਉਣ ਲਈ ਆਲੋਚਨਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਤਿਹਾਸ ਦੀਆਂ ਕਿਤਾਬਾਂ ਵਿੱਚੋਂ ਸਿੱਖ ਗੁਰੂਆਂ ਬਾਰੇ ਚੈਪਟਰ ਗਾਇਬ ਕਰਨ ਦੇ ਲਾਏ ਜਾ ਰਹੇ ਦੋਸ਼ ਕੋਰੇ ਝੂਠ ਹਨ।

ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਮੁੜ ਤਿਆਰ ਕੀਤੇ ਸਿਲੇਬਸ ਵਿੱਚ ਸਿੱਖ ਗੁਰੂਆਂ ਬਾਰੇ ਮੁਕੰਮਲ ਇਤਿਹਾਸ ਨੂੰ ਬਗ਼ੈਰ ਕਿਸੇ ਕਾਂਟ-ਛਾਂਟ ਸ਼ਾਮਲ ਕੀਤਾ ਗਿਆ ਹੈ। ਸਿਲੇਬਸ ਨੂੰ ਮੁੜ ਤਿਆਰ ਕਰਨ ਬਾਅਦ ਹੁਣ 11ਵੀਂ ਜਮਾਤ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਕਾਲ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਪੜ੍ਹਾਇਆ ਜਾ ਰਿਹਾ ਹੈ। ਚਾਰ ਸਾਹਿਬਜ਼ਾਦਿਆਂ ਦੇ ਇਤਿਹਾਸ ਨੂੰ ਉਨ੍ਹਾਂ ਦੀ ਨਿੱਜੀ ਸਿਫ਼ਾਰਸ਼ 'ਤੇ ਸ਼ਾਮਲ ਕੀਤਾ ਗਿਆ ਹੈ। ਹੁਣ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ 'ਤੇ ਮੁਕੰਮਲ ਸਿੱਖ ਇਤਿਹਾਸ ਕਾਲ ਬਾਰੇ ਪੜ੍ਹਾਏ ਜਾਣ ਬਾਰੇ ਸਪੱਸ਼ਟ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਕਿਸੇ ਬੋਰਡ ਜਾਂ ਯੂਨੀਵਰਸਿਟੀ ਵੱਲੋਂ ਕਿਸੇ ਵੀ ਸਿਲੇਬਸ ਦਾ ਖਾਕਾ ਵਿਸ਼ਾ-ਵਸਤੂ ਆਧਾਰ 'ਤੇ ਤਿਆਰ ਕੀਤਾ ਜਾਂਦਾ ਹੈ, ਚੈਪਟਰਾਂ ਅਨੁਸਾਰ ਨਹੀਂ। ਉਨ੍ਹਾਂ ਕਿਹਾ ਕਿ ਅਧਿਆਏ (ਚੈਪਟਰ) ਪ੍ਰਕਾਸ਼ਕ ਅਤੇ ਪ੍ਰਿੰਟਰ ਵੱਲੋਂ ਆਪਣੀ ਪਸੰਦ ਤੇ ਸ਼ੌਕ ਮੁਤਾਬਕ ਤਿਆਰ ਕੀਤੇ ਜਾਂਦੇ ਹਨ।

ਅਸਲੀ ਗੱਲ ਇਹ ਹੈ ਕਿ ਕਿਤਾਬ ਵਿੱਚ ਕੋਰਸਾਂ ਨੂੰ ਕੇਵਲ ਐੱਨਸੀਆਈਆਰਟੀ ਦੇ ਸਿਲੇਬਸ ਦੇ ਨਾਲ ਫਿਰ ਸੰਗਠਿਤ ਕੀਤਾ ਗਿਆ ਹੈ। ਇਸ ਤੋਂ ਪੰਜਾਬ ਦੇ ਵਿਦਿਆਰਥੀਆਂ ਨੂੰ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਦੇ ਲਾਇਕ ਬਣਾਇਆ ਜਾ ਸਕੇ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਬੋਰਡ ਦੁਆਰਾ ਇੱਕ ਵੀ ਚੈਪਟਰ ਜਾਂ ਸ਼ਬਦ ਨਹੀਂ ਹਟਾਇਆ ਗਿਆ।

## ਝੂਠ ਬੋਲ ਰਿਹੈ ਅਮਰਿੰਦਰ : ਬਾਦਲ

ਸਾਹਿਬਾਨ ਅਤੇ ਪੰਜਾਬ ਦੇ ਇਤਿਹਾਸ ਬਾਰੇ ਚੈਪਟਰਾਂ ਤੋਂ ਸੱਖਣੀ ਨਵੀਂ ਕਿਤਾਬ ਨੂੰ ਕਿਉਂ ਛਾਪਿਆ ਜਾ ਰਿਹਾ ਹੈ? ਉਨ੍ਹਾਂ ਕਿਹਾ ਕਿ ਜੇਕਰ ਅਕਾਲੀ 2013 ਵਿੱਚ ਸਿੱਖ ਇਤਿਹਾਸ ਨੂੰ 12ਵੀਂ ਕਲਾਸ ਦੀਆਂ ਕਿਤਾਬਾਂ ਵਿੱਚੋਂ ਕੱਢਣਾ ਚਾਹੁੰਦੇ ਸਨ ਤਾਂ ਫਿਰ ਇਹ ਚੈਪਟਰ 2017 ਤੱਕ ਕਿਉਂ ਪੜ੍ਹਾਏ ਜਾ ਰਹੇ ਸਨ। ਸ੍ਰੀ ਬਾਦਲ ਨੇ ਕੈਪਟਨ ਨੂੰ ਆਖਿਆ ਕਿ ਉਹ ਨਵੀਆਂ ਅਤੇ ਪੁਰਾਣੀਆਂ ਕਿਤਾਬਾਂ ਖ਼ੁਦ ਪੜ੍ਹਨ ਤਾਂ ਉਨ੍ਹਾਂ ਨੂੰ ਪਤਾ ਚੱਲ ਜਾਵੇਗਾ ਕਿ ਕੀ ਕੀ ਤਬਦੀਲੀਆਂ ਕਦੋਂ ਕਦੋਂ ਕੀਤੀਆਂ ਗਈਆਂ ਹਨ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕਿੰਨੀ ਹਾਸੋਹੀਣੀ ਗੱਲ ਹੈ ਕਿ ਮੁੱਖ ਮੰਤਰੀ ਨੇ 24 ਘੰਟਿਆਂ ਦੇ ਅੰਦਰ ਹੀ ਆਪਣਾ ਸਟੈਂਡ ਬਦਲ ਲਿਆ ਹੈ। ਉਨ੍ਹਾਂ ਪਹਿਲਾਂ ਕਿਹਾ ਸੀ ਕਿ 12ਵੀਂ ਦੀ ਕਿਤਾਬ ਵਿੱਚੋਂ ਕੋਈ ਵੀ ਚੈਪਟਰ ਮਨਫ਼ੀ ਨਹੀਂ ਕੀਤਾ ਗਿਆ ਹੈ ਤੇ ਇਨ੍ਹਾਂ ਨੂੰ ਬਦਲ ਕੇ 11ਵੀਂ ਦੀ ਕਿਤਾਬ ਵਿੱਚ ਸ਼ਾਮਲ ਕੀਤਾ ਗਿਆ ਹੈ। ਹੁਣ ਉਹ ਸਵੀਕਾਰ ਕਰਦੇ ਹਨ ਕਿ ਇਹ ਚੈਪਟਰ ਹਟਾਏ ਜਾ ਚੁੱਕੇ ਹਨ, ਪਰ ਨਾਲ ਹੀ ਇਹ ਝੂਠਾ ਦਾਅਵਾ ਵੀ ਕਰ ਰਹੇ ਹਨ ਕਿ ਇਹ ਫ਼ੈਸਲਾ 2013 ਵਿੱਚ ਲਿਆ ਗਿਆ ਸੀ।

## ਆਮ ਆਦਮੀ ਪਾਰਟੀ ਨੇ ਸਿੱਖ ਇਤਿਹਾਸ ਕੱਟਣ ਦੀ ਕੀਤੀ ਨਿਖੇਧੀ, ਜਾਂਚ ਦੀ ਮੰਗ

ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਸਰਬਜੀਤ ਕੌਰ ਮਾਣੂਕੇ, ਪਿਰਮਲ ਸਿੰਘ ਖਾਲਸਾ, ਜਗਦੇਵ ਸਿੰਘ ਕਮਾਲੂ, ਜੈ ਕਿਸ਼ਨ ਸਿੰਘ ਰੋੜੀ, ਕੁਲਵੰਤ ਸਿੰਘ ਪੰਡੋਰੀ ਅਤੇ ਅਮਰਜੀਤ ਸਿੰਘ ਸੰਦੋਆ ਨੇ ਕਿਹਾ ਕਿ ਸਰਕਾਰ ਦੁਆਰਾ ਸਿੱਖ ਗੁਰੂਆਂ ਅਤੇ ਉਹਨਾਂ ਦੀਆਂ ਸਿੱਖਿਆਵਾਂ, ਐਂਗਲੋ-ਸਿੱਖ ਲੜਾਈਆਂ, ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਸਿੱਖਾਂ ਦਾ ਮੁਗਲਾਂ ਅਤੇ ਅਹਿਮਦ ਸ਼ਾਹ ਅਬਦਾਲੀ ਖਿਲਾਫ ਸੰਘਰਸ਼, ਸਿੱਖ ਮਿਸਲਾਂ ਦੀ ਜਨਮ ਅਤੇ ਵਿਕਾਸ ਆਦਿ ਨੂੰ ਕੱਟਣ ਦਾ ਫੈਸਲਾ ਨਿੰਦਣਯੋਗ ਹੈ ਅਤੇ ਇਸ ਨਾਲ ਪੰਜਾਬ ਦੇ ਨੌਜਵਾਨ, ਪੰਜਾਬ ਦੇ ਮਾਣ ਮੱਤੇ ਇਤਿਹਾਸ ਅਤੇ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਦੂਰ ਹੋ ਜਾਣਗੇ। 'ਆਪ' ਵਿਧਾਇਕਾਂ ਨੇ ਕਿਹਾ ਕਿ ਸਰਕਾਰ ਦਾ ਇਸ ਸੰਬੰਧੀ ਬਿਆਨ ਕਿ ਅਜਿਹਾ ਐਨਸੀਈਆਰਟੀ ਦੇ ਸਲੇਬਸ ਨਾਲ ਬਰਾਬਰੀ ਕਰਨ ਲਈ ਕੀਤਾ ਗਿਆ ਹੈ ਵੀ ਨਾ ਮੰਨਣ ਯੋਗ ਹੈ। ਉਨਾਂ ਕਿਹਾ ਕਿ ਸਰਕਾਰ ਦੇ ਅਨੁਸਾਰ ਇਹਨਾਂ ਵਿਚੋਂ ਅਨੇਕਾਂ ਵਿਸ਼ੇ 11ਵੀਂ ਕਲਾਸ ਵਿਚ ਪੜਾਏ ਜਾਣਗੇ ਵੀ ਕੋਈ ਖਾਸ ਪ੍ਰਭਾਵ ਨਹੀਂ ਰਖਦਾ ਕਿਉਂ ਜੋ ਅਨੇਕਾਂ ਸਕੂਲ 12ਵੀਂ ਕਲਾਸ ਦੇ ਔਖੇ ਸਲੇਬਸ ਨੂੰ ਹੀ 11ਵੀਂ ਕਲਾਸ ਵਿਚ ਪੜਾਉਂਦੇ ਹਨ। ਵਿਧਾਇਕਾਂ ਨੇ ਕਿਹਾ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਚੈਪਟਰ ਕੱਟਣ ਵਾਲੇ ਅਧਿਕਾਰੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਕਿ ਬਿਨਾ ਕਿਸੇ ਦੇਰੀ ਤੋਂ ਸਮਾਂਬੱਧ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਜਾ ਦਿੱਤੀ ਜਾਵੇ।

### ਬੋਰਡ ਦਾ ਦਾਅਵਾ

ਦੂਜੇ ਪਾਸੇ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਗਿਆਰਵੀਂ ਜਮਾਤ ਵਿਚ ਸ਼ਿਫਟ ਕਰ ਦਿੱਤਾ ਹੈ ਅਤੇ ਉਸ ਦੇ ਪਹਿਲੇ ਭਾਗ ਵਿਚ ਪੰਜਾਬ ਦੇ ਇਤਿਹਾਸ ਦੇ 6 ਚੈਪਟਰ ਦਰਜ ਹਨ। ਇਸ ਵਿਚ ਪੰਜਾਬ ਦੇ ਇਤਿਹਾਸ ਦੇ ਸਰੋਤ, ਗੁਰੂਕਾਲ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਯਾਤਰਾਵਾਂ, ਸਿੱਖ ਧਰਮ ਦਾ ਵਿਕਾਸ ਅਤੇ ਸਿੱਖ ਗੁਰੂਆਂ ਦਾ ਯੋਗਦਾਨ, ਸਿੱਖ ਧਰਮ ਦਾ ਰੂਪਾਂਤਰਣ, ਖਾਲਸਾ ਪੰਥ ਦੀ ਸਥਾਪਨਾ ਅਤੇ ਚਾਰ ਸਾਹਿਬਜਾਦੇ ਦਰਜ ਹਨ, ਜਦੋਂ ਕਿ ਭਾਗ-2 ਵਿਚ ਸਿੱਖ ਹਿਸਟਰੀ ਦੇ ਨਾਲ ਕੁਝ ਵੀ ਨਹੀਂ ਹੈ। ਜ਼ਿਕਰਯੋਗ ਹੈ ਕਿ ਆਮ ਤੌਰ 'ਤੇ ਗਿਆਰਵੀਂ ਵਿਚ ਬਾਰਵੀਂ ਦਾ ਹੀ ਸਿਲੇਬਸ ਕਰਵਾਇਆ ਜਾਂਦਾ ਹੈ ਤਾਂ ਜੋ ਬੋਰਡ ਦੀ ਪ੍ਰੀਖਿਆ ਵਿਚ 2 ਸਾਲਾਂ ਦੀ ਤਿਆਰੀ ਹੋ ਸਕੇ।

### ਕੀ ਕਹਿੰਦੇ ਨੇ ਨਵੇਂ ਸਿੱਖਿਆ ਮੰਤਰੀ

ਇਸ ਸਬੰਧੀ ਜਦੋਂ ਨਵੇਂ ਬਣੇ ਸਿੱਖਿਆ ਮੰਤਰੀ ਓ. ਪੀ. ਸੋਨੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਿੱਖਿਆ ਮੰਤਰੀ ਬਣਿਆਂ ਅਜੇ 2 ਦਿਨ ਹੀ ਹੋਏ ਹਨ ਅਤੇ ਕਿਹਾ ਕਿ ਜੇਕਰ ਇਹ ਗੱਲ ਸੱਚ ਹੈ ਤਾਂ ਇਹ ਇਕ ਗੰਭੀਰ ਮਾਮਲਾ ਹੈ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਇਸ ਸਬੰਧੀ ਫਾਈਲ ਮੰਗਵਾਉਣ ਜਾ ਰਹੇ ਹਨ।

### ਸਕੂਲ ਬੋਰਡ ਵੈੱਬਸਾਈਟ 'ਤੇ ਪਾਵੇਗਾ ਪੁਸਤਕ

ਚੰਡੀਗੜ੍ਹ: ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਿਆਰਵੀਂ ਦੀ ਇਤਿਹਾਸ ਦੀ ਪੁਸਤਕ ਆਪਣੀ ਵੈੱਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ। ਅਜਿਹਾ ਵਿਰੋਧੀ ਪਾਰਟੀਆਂ ਵੱਲੋਂ ਸਕੂਲ ਬੋਰਡ 'ਤੇ ਬਾਰ੍ਹਵੀਂ ਦੀ ਇਤਿਹਾਸ ਦੀ ਕਿਤਾਬ ਵਿੱਚੋਂ ਸਿੱਖ ਗੁਰੂਆਂ ਨਾਲ ਸਬੰਧਤ ਚੈਪਟਰ ਹਟਾਉਣ ਦੇ ਲਾਏ ਦੋਸ਼ਾਂ ਦੇ ਮੱਦੇਨਜ਼ਰ ਕੀਤਾ ਜਾ ਰਿਹਾ ਹੈ। ਬੋਰਡ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਅਗਲੇ ਦਸ ਦਿਨਾਂ ਵਿੱਚ ਗਿਆਰਵੀਂ ਦੀ ਇਤਿਹਾਸ ਦੀ ਨਵੀਂ ਕਿਤਾਬ ਵੈੱਬਸਾਈਟ 'ਤੇ ਪਾ ਦਿੱਤੀ ਜਾਵੇਗੀ, ਕਿਉਂਕਿ ਸਰਕਾਰ ਤੇ ਬੋਰਡ ਦਾ ਕਹਿਣਾ ਹੈ ਕਿ ਗੁਰ ਇਤਿਹਾਸ ਦੇ ਚੈਪਟਰ ਹਟਾਏ ਨਹੀਂ ਗਏ, ਬਲਕਿ ਬਾਰ੍ਹਵੀਂ ਦੀ ਬਜਾਏ ਗਿਆਰਵੀਂ ਦੀ ਕਿਤਾਬ 'ਚ ਪਾਏ ਹਨ।

### ਬਾਦਲ ਦਲ ਵਲੋਂ ਵਿਰੋਧ

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਵਿੱਚੋਂ ਸਿੱਖ ਗੁਰੂਆਂ ਅਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਕੁਝ ਚੈਪਟਰ ਹਟਾਉਣ ਦੇ ਮਾਮਲੇ ਵਿੱਚ ਉੱਚ ਪੱਧਰੀ ਜਾਂਚ ਅਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਸਾਬਕਾ ਸਿੱਖਿਆ ਮੰਤਰੀ ਤੇ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਭੇਜ ਕੇ ਜਾਂਚ ਦੀ ਮੰਗ ਕੀਤੀ ਹੈ। ਡਾ. ਚੀਮਾ ਨੇ ਕਿਹਾ ਕਿ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਗੁਰੂਆਂ ਅਤੇ ਪੰਜਾਬ ਦੇ ਸਿੱਖ ਯੋਧਿਆਂ ਬਾਰੇ ਜਾਣਕਾਰੀ ਤੋਂ ਵਾਂਝੇ ਰੱਖਣ ਵਾਸਤੇ ਇਕ ਡੂੰਘੀ ਸਾਜ਼ਿਸ਼ ਘੜੀ ਲੱਗਦੀ ਹੈ। ਉਨ੍ਹਾਂ ਕਿਹਾ ਕਿ ਬਾਰ੍ਹਵੀਂ ਦੀ ਨਵੀਂ ਇਤਿਹਾਸ ਦੀ ਕਿਤਾਬ ਦੀ ਛਪਾਈ ਅਤੇ ਵੰਡ 'ਤੇ ਤੁਰੰਤ ਰੋਕ ਲਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੁਰਾਣੀ ਕਿਤਾਬ ਵਿੱਚ ਸਿੱਖ ਗੁਰੂਆਂ, ਸਿੱਖ ਯੋਧਿਆਂ ਤੇ ਪੰਜਾਬ ਦੇ ਅਹਿਮ ਇਤਿਹਾਸਕ ਪੱਖਾਂ ਬਾਰੇ 23 ਚੈਪਟਰ ਸਨ। ਨਵੀਂ ਕਿਤਾਬ ਵਿੱਚੋਂ ਸਬੰਧਿਤ ਚੈਪਟਰਾਂ ਹਟਾ ਕੇ ਸਿੱਖ ਇਤਿਹਾਸ ਬਾਰੇ ਮਹਿਜ਼ ਅੱਧੇ ਪੰਨੇ ਦੀ ਜਾਣਕਾਰੀ ਦਿੱਤੀ ਗਈ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਂਚ ਕਮੇਟੀ ਕਾਇਮ

ਅੰਮ੍ਰਿਤਸਰ/ਬਿਊਰੋ ਨਿਊਜ਼:

ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਵਿੱਚੋਂ ਸਿੱਖ ਇਤਿਹਾਸ ਮਨਫੀ ਕਰਨ ਦੇ ਮਾਮਲੇ ਦੀ ਪੜਤਾਲ ਵਾਸਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਪੱਧਰ 'ਤੇ ਪੰਜ ਮੈਂਬਰੀ ਸਬ-ਕਮੇਟੀ ਬਣਾਈ ਹੈ, ਜੋ ਦੋ ਦਿਨਾਂ ਅੰਦਰ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸੌਂਪੇਗੀ। ਇਸ ਸਬ ਕਮੇਟੀ ਦੀ ਮੀਟਿੰਗ 2 ਮਈ ਨੂੰ ਪਟਿਆਲਾ ਨੇੜੇ ਬਹਾਦਰਗੜ੍ਹ ਸਥਿਤ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਵਿੱਚ ਰੱਖੀ ਗਈ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਮਾਮਲੇ ਦੀ ਜਾਂਚ ਲਈ ਸਬ-ਕਮੇਟੀ ਬਣਾਈ ਗਈ ਹੈ। ਇਸ ਕਮੇਟੀ ਵਿੱਚ ਚੰਡੀਗੜ੍ਹ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਜਿੰਦਰ ਕੌਰ, ਆਨੰਦਪੁਰ ਸਾਹਿਬ ਤੋਂ ਪ੍ਰਿੰਸੀਪਲ ਸੁਰਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਵਿਦਿਅਕ ਮਾਮਲਿਆਂ ਦੇ ਸਕੱਤਰ ਅਵਤਾਰ ਸਿੰਘ ਸੈਂਪਲਾ, ਮੁਕਤਸਰ ਤੋਂ ਗੁਰੂ ਨਾਨਕ ਗਰਲਜ਼ ਕਾਲਜ ਦੀ ਪ੍ਰਿੰਸੀਪਲ ਡਾ. ਤਜਿੰਦਰ ਕੌਰ ਧਾਲੀਵਾਲ ਤੇ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਸਿਮਰਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ, ਜਦੋਂਕਿ ਕਮੇਟੀ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਿੱਖਿਆ ਵਿਭਾਗ ਦੇ ਡਾਇਰੈਕਟਰ ਡਾ. ਜਤਿੰਦਰ ਸਿੰਘ ਸਿੱਧੂ ਨੂੰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਰਕਾਰ ਨੂੰ ਵੀ ਅਸਲ ਤੱਥ ਸਾਹਮਣੇ ਲਿਆਉਣੇ ਚਾਹੀਦੇ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਸਿੱਖ ਸ਼ਰਧਾਲੂਆਂ ਨੂੰ ਭੇਜਣ ਸਬੰਧੀ ਨਿਯਮਾਂ ਵਿੱਚ ਘੋਖ ਕਰਨ ਲਈ ਬਣਾਈ ਚਾਰ ਮੈਂਬਰੀ ਸਬ-ਕਮੇਟੀ ਦੀ ਇਕੱਤਰਤਾ 3 ਮਈ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਰੱਖੀ ਹੈ। ਇਸ ਕਮੇਟੀ ਵੱਲੋਂ ਸ਼ਰਧਾਲੂਆਂ ਦੇ ਜਥੇ ਨਾਲ ਗਈ ਬੀਬੀ ਕਿਰਨ ਬਾਲਾ ਦੇ ਮਾਮਲੇ ਸਮੇਤ ਭਵਿੱਖ ਦੀ ਯੋਜਨਾ ਬਾਰੇ ਵਿਚਾਰ-ਚਰਚਾ ਕੀਤੀ ਜਾਵੇਗੀ।

## ਰਾਸ਼ਟਰੀ ਸਿੱਖ ਸੰਗਤ ਵੱਲੋਂ ਰਾਜਪਾਲ ਨੂੰ ਪੱਤਰ

ਪਾਠ-ਪੁਸਤਕ ਵਿਵਾਦ 'ਤੇ ਰਾਸ਼ਟਰੀ ਸਿੱਖ ਸੰਗਤ ਨੇ ਸੂਬੇ ਦੇ ਰਾਜਪਾਲ ਵੀ ਪੀ ਸਿੰਘ ਬਦਨੌਰ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਪੜਤਾਲ ਕਰਕੇ ਸਿਲੇਬਸ ਜਿਉਂ ਦਾ ਤਿਉਂ ਰੱਖਿਆ ਜਾਵੇ। ਜਥੇਬੰਦੀ ਦੇ ਕੌਮੀ ਜਨਰਲ ਸਕੱਤਰ ਡਾ. ਅਵਤਾਰ ਸਿੰਘ ਸ਼ਾਸਤਰੀ ਨੇ ਦੱਸਿਆ ਕਿ ਉਨ੍ਹਾਂ ਰਾਜਪਾਲ ਨੂੰ ਪੱਤਰ ਭੇਜ ਕੇ ਦਖ਼ਲ ਦੀ ਮੰਗ ਕੀਤੀ ਹੈ। ਉਨ੍ਹਾਂ ਬੇਨਤੀ ਕੀਤੀ ਹੈ ਕਿ ਸਮੁੱਚੇ ਘਟਨਾਕ੍ਰਮ ਨਾਲ ਜੁੜੇ ਤੱਥਾਂ ਦੀ ਸਹੀ ਜਾਣਕਾਰੀ ਲੈ ਕੇ ਇਸ ਮਾਮਲੇ ਨੂੰ ਹੱਲ ਕੀਤਾ ਜਾਵੇ।

## ਪੰਜਾਬ ਸਿਵਲ ਸਕੱਤਰੇਤ ਵਿਚ ਗੂੰਜਿਆ 'ਸਿੱਖ ਗੁਰੂ ਪਾਠਕ੍ਰਮ' ਵਿਵਾਦ

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਬਾਰ੍ਹਵੀਂ ਜਮਾਤ ਨੂੰ ਪੜ੍ਹਾਈ ਜਾਣ ਵਾਲੀ ਇਤਿਹਾਸ ਦੀ ਨਵੀਂ ਛਪਵਾਈ ਪਾਠ ਪੁਸਤਕ ਵਿਚੋਂ ਪੰਜਾਬ ਅਤੇ ਸਿੱਖ ਗੁਰ-ਇਤਿਹਾਸ ਗ਼ਾਇਬ ਕਰਨ ਦਾ ਮਸਲਾ ਜਿੱਥੇ ਪੰਜਾਬ ਸਿਵਲ ਸਕੱਤਰੇਤ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਉਥੇ ਦਿਨ ਭਰ ਮੁੱਖ ਮੰਤਰੀ ਸਕੱਤਰੇਤ ਵਿਚ ਵੀ ਇਹ ਵਿਵਾਦ ਗੂੰਜਦਾ ਨਜ਼ਰ ਆਇਆ। ਸੀ.ਐਮ.ਓ. ਦੇ ਸੀਨੀਅਰ ਅਧਿਕਾਰੀ ਇਸ ਵਿਵਾਦ ਬਾਰੇ ਕਿਸੇ ਨਾ ਕਿਸੇ ਨਾਲ ਚਰਚਾ ਕਰਦੇ ਨਜ਼ਰ ਆਏ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਵਲੋਂ ਵੀ ਆਪਣੇ ਭਰੋਸੇਯੋਗ ਕਰੀਬੀ ਅਧਿਕਾਰੀਆਂ ਨਾਲ ਇਸ ਸਬੰਧੀ ਡੂੰਘੀ ਵਿਚਾਰ ਚਰਚਾ ਕੀਤੀ ਜਾ ਰਹੀ ਹੈ ਕਿ ਇਸ ਵਿਵਾਦ ਵਿਚੋਂ ਕਿਵੇਂ ਨਿਕਲਿਆ ਜਾਵੇ। ਇਸ ਸਬੰਧੀ ਕੈਪਟਨ ਦੇ ਕਰੀਬੀਆਂ ਦਾ ਇਹ ਕਹਿਣਾ ਹੈ ਕਿ ਸ਼ਾਹਕੋਟ ਉਪ ਚੋਣ ਨੂੰ ਧਿਆਨ ਵਿਚ ਰੱਖਦਿਆਂ ਵਿਰੋਧੀ ਧਿਰ ਵਲੋਂ ਜਾਣ ਬੁੱਝ ਕੇ ਇਹ ਮੁੱਦਾ ਬਣਾਇਆ ਗਿਆ ਹੈ। ਇਸ ਦੇ ਇਲਾਵਾ ਹਰਿਆਣਾ ਸਿਵਲ ਸਕੱਤਰੇਤ ਵਿਖੇ ਵੀ ਕੁਝ ਅਧਿਕਾਰੀ ਇਸ ਮਸਲੇ ਨੂੰ ਲੈ ਕੇ ਵਿਚਾਰ ਚਰਚਾ ਕਰਦੇ ਨਜ਼ਰੀਂ ਆਏ। ਸਕੱਤਰੇਤ ਦੇ ਇਕ ਸੀਨੀਅਰ ਅਧਿਕਾਰੀ ਨੇ ਨਾਂਅ ਨਾ ਛਾਪਣ ਦੀ ਸੂਰਤ 'ਤੇ ਕਿਹਾ ਕਿ ਜੇਕਰ ਅਜਿਹਾ ਹੋਇਆ ਹੈ ਤਾਂ ਇਹ ਸਰਕਾਰ ਦੀ ਬਜਰ ਗ਼ਲਤੀ ਸਾਬਿਤ ਹੋ ਸਕਦੀ ਹੈ ਪਰ ਜਦੋਂ ਤੱਕ ਉਹ ਉਕਤ ਦੋਵੇਂ ਕਿਤਾਬਾਂ ਨੂੰ ਵਾਚ ਨਹੀਂ ਲੈਂਦੇ, ਇਸ ਬਾਰੇ ਖੁੱਲ੍ਹੇ ਤੌਰ 'ਤੇ ਟਿੱਪਣੀ ਨਹੀਂ ਕਰ ਸਕਦੇ। ਇਸ ਦੇ ਇਲਾਵਾ ਇੱਥੇ ਨਵੇਂ ਬਣੇ ਮੰਤਰੀਆਂ ਨੂੰ ਮਿਲਣ ਪੁੱਜੇ ਕਾਂਗਰਸੀ ਆਗੂ ਵੀ ਇਸ ਮਸਲੇ 'ਤੇ ਗੱਲਬਾਤ ਕਰਦੇ ਰਹੇ। ਉੱਧਰ ਸਿੱਖਿਆ ਬੋਰਡ ਦੇ ਸਕੱਤਰ ਹਰਗੁਨਜੀਤ ਕੌਰ ਨੇ ਦਾਅਵਾ ਕੀਤਾ ਹੈ ਕਿ ਬੋਰਡ ਵਲੋਂ 11ਵੀਂ ਦੀ ਨਵੀਂ ਕਿਤਾਬ ਆਉਂਦੇ 10 ਦਿਨਾਂ ਵਿਚ ਵੈੱਬਸਾਈਟ 'ਤੇ ਪਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵੈੱਬਸਾਈਟ 'ਤੇ ਪਾਉਣ ਮਗਰੋਂ ਕਿਤਾਬ ਛਪ ਕੇ ਵੀ ਜਲਦੀ ਹੀ ਆ ਜਾਵੇਗੀ, ਕਿਉਂਕਿ ਸਰਕਾਰ ਤੇ ਬੋਰਡ ਦਾ ਕਹਿਣਾ ਹੈ ਕਿ ਗੁਰ ਇਤਿਹਾਸ ਦੇ ਚੈਪਟਰ ਹਟਾਏ ਨਹੀਂ ਗਏ, ਬਲਕਿ ਬਾਰ੍ਹਵੀਂ ਦੀ ਬਜਾਏ ਗਿਆਰਵੀਂ ਦੀ ਕਿਤਾਬ ਵਿਚ ਪਾਏ ਹਨ।

# ਹਰਸਿਮਰਤ ਨੇ ਵੀ ਸਾਧਿਆ ਵੱਲੋਂ ਮੁੱਖ ਮੰਤਰੀ ’ਤੇ ਨਿਸ਼ਾਨਾ

**ਲੁਧਿਆਣਾ/ਬਿਊਰੋ ਨਿਊਜ਼:** ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੁਧਿਆਣਾ ਦੇ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ ਵਿੱਚ ਡਿਗਰੀ ਵੰਡ ਸਮਾਗਮ ਦੌਰਾਨ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਸਿੱਖ ਮੁੱਖ ਮੰਤਰੀ ਹੋਣ ਦੇ ਬਾਵਜੂਦ 12ਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਵਿੱਚੋਂ ਗੁਰ ਇਤਿਹਾਸ ਕੱਢਣ ਖ਼ਿਲਾਫ਼ ਕੋਈ ਐਕਸ਼ਨ ਨਹੀਂ ਲਿਆ। ਇਹ ਮੁੱਦਾ ਸਭ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਹੀ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਹੈ। ਸ੍ਰੀਮਤੀ ਬਾਦਲ ਇੱਥੇ ਮੁੱਖ ਮਹਿਮਾਨ ਵਜੋਂ ਪੁੱਜੇ ਹੋਏ ਸਨ।



ਕਾਨਵੋਕੇਸ਼ਨ ਦੌਰਾਨ ਬੀਟੈੱਕ, ਐਮਟੈੱਕ, ਐਮਬੀਏ, ਐਮਸੀਏ ਤੇ ਪੀਐਚ.ਡੀ ਦੇ 700 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ, ਜਦੋਂਕਿ 35 ਵਿਦਿਆਰਥੀਆਂ ਨੂੰ ਸੋਨੇ ਅਤੇ ਚਾਂਦੀ ਦੇ ਤਗ਼ਮੇ ਦਿੱਤੇ ਗਏ। ਇਸ ਤੋਂ ਪਹਿਲਾਂ ਸਾਬਕਾ ਮੰਤਰੀ ਤੇ ਨਨਕਾਣਾ ਸਾਹਿਬ ਐਜੂਕੇਸ਼ਨਲ ਟਰੱਸਟ ਦੇ ਅਹੁਦੇਦਾਰ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਪਤਵੰਤਿਆਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਸ੍ਰੀਮਤੀ ਬਾਦਲ ਨੇ ਕਿਹਾ ਦੇਸ਼ ਦੇ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ 12ਵੀਂ ਦੀ ਪੁਸਤਕ ਵਿੱਚੋਂ ਗੁਰ ਇਤਿਹਾਸ ਬਾਰੇ ਅਧਿਆਏ ਮਨਫ਼ੀ ਕਰਨ ਸਬੰਧੀ ਕਿਹਾ ਕਿ ਸੂਬੇ ਵਿੱਚ ਅਕਾਲੀ-ਭਾਜਪਾ ਸਰਕਾਰ ਸਮੇਂ ਇਹ ਸਭ 5ਵੀਂ ਤੋਂ 12ਵੀਂ ਤੱਕ ਪੜ੍ਹਾਇਆ ਜਾਂਦਾ ਸੀ, ਜਿਸ ਨੂੰ ਕਾਂਗਰਸ ਸਰਕਾਰ ਨੇ ਬਿਲਕੁਲ ਮਨਫ਼ੀ ਕਰ ਦਿੱਤਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਤੇ ਨਨਕਾਣਾ ਸਾਹਿਬ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਡਿਗਰੀਆਂ ਅਤੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਸਹਿਜਪਾਲ ਸਿੰਘ ਨੇ ਕਾਲਜ ਦੀ ਸਾਲਾਨਾ ਰਿਪੋਰਟ ਪੜ੍ਹ ਕੇ ਸੁਣਾਈ। ਸਮਾਗਮ ਦੇ ਅਖੀਰ ਵਿੱਚ ਡੀਨ ਅਕਾਡਮੀ ਡਾ. ਕੇ ਐੱਸ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਸਮਾਗਮ ‘ਚ ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਆਈਕੇਯੂ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਅਜੇ ਕੁਮਾਰ ਸ਼ਰਮਾ, ਡਾ. ਐੱਸ ਕੇ ਜੈਨ, ਡਾ. ਬੂਟਾ ਸਿੰਘ ਤੇ ਇੰਜਨੀਅਰ ਮੋਹਨਬੀਰ ਸਿੰਘ ਹਾਜ਼ਰ ਸਨ।

**‘ਟੈਕਸਾਂ ਵਾਲੀ ਸਰਕਾਰ’** : ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਹੈ ਕਿ ਪੰਜਾਬ ਦੀ ਕੈਪਟਨ ਸਰਕਾਰ ‘ਟੈਕਸਾਂ ਵਾਲੀ ਸਰਕਾਰ‘ ਬਣ ਗਈ ਹੈ ਅਤੇ ਪੰਜਾਬ ਦੀ ਜਨਤਾ ਨੂੰ ਲਾਏ ‘ਮਨਪ੍ਰੀਤ ਟੈਕਸ‘ ਨੇ ਸਾਰੀ ਕਸਰ ਕੱਢ ਦਿੱਤੀ ਹੈ, ਕਿਉਂਕਿ ਇਸ ਟੈਕਸ ਦਾ ਭਾਰ ਹਰ ਪੰਜਾਬੀ ਉਪਰ ਪੈ ਰਿਹਾ ਹੈ। ਉਨ੍ਹਾਂ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੈਪਟਨ ਸਰਕਾਰ ਵਿਕਾਸ ਕਰਨ ਦੀ ਥਾਂ ਜਨਤਾ ਉੱਪਰ ਧੜਾਧੜ ਟੈਕਸ ਲਾ ਰਹੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਹਰ ਫਰੰਟ ‘ਤੇ ਫੇਲ੍ਹ ਹੋ ਰਹੀ ਹੈ।

# ਅਮਰੀਕਾ ਵਿੱਚ ਸੋਲਰ ਪੈਨਲ KING ਕੰਪਨੀ Sunpreme ਨੂੰ ਫਾਸਟ ਐਂਡ ਸੁਲਿਵਾਨ ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ




Sunpreme, ਗਲੋਬਲ ਬਿਜ਼ਨਸ ਡਿਵੇਲਪਮੇਂਟ ਦੇ ਕਾਰਜਕਾਰੀ ਵਾਈਸ ਪ੍ਰਧਾਨ (Executive Vice President for Global Business Development) ਸ. ਸੁਰਿੰਦਰ ਸਿੰਘ ਬੇਦੀ ਸੰਬੋਧਨ ਅਤੇ ਐਵਾਰਡ ਪ੍ਰਪਤ ਕਰਦੇ ਹੋਏ

ਸਨਫਰਾਂਸਿਸਕੋ, ਕੈਲੀਫੋਰਨੀਆ : ਸੋਲਰ ਪੈਨਲ ਵਿੱਚ ਦੁਨੀਆ ਦੀ ਨਾਮਵਰ ਅਮਰੀਕਾ ਸਥਿਤ ਸੋਲਰ ਫੋਟੋਵੋਲਿਟਕ ਕੰਪਨੀ ਜੋ ਆਪਣੀ ਖੁਦ ਦੀ ਢਾਂਚਾ, ਉਨਤ ਸੋਰ ਪੈਨਲਾਂ ਅਤੇ ਪ੍ਰਣਾਲੀਆਂ ਦਾ ਡਿਜ਼ਾਇਨ ਅਤੇ ਨਿਰਮਾਣ ਕਰਦੀ ਹੈ ਡਿਆਗੋ 'ਚ ਆਪਣੇ ਗ੍ਰੈਂਡ ਗਾਲਾ ਸਮਾਰੋਹ 'ਚ 2018 ਫਾਸਟ ਐਂਡ ਸੁਲਿਵਾਨ ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਨਪ੍ਰੀਮ ਜੀਐਕਸਬੀ 380 ਬਿਫਾਸਿਕ ਸਮਾਰਟ ਸੋਲਰ ਨੂੰ ਅਭਿਨਵ ਪ੍ਰਯੋਗਿਕ, ਵਿਸ਼ਵ ਪੱਧਰੀ ਗੁਣਵੱਤਾ ਅਤੇ ਉਤਕ੍ਰਸ਼ਟ ਗ੍ਰਾਹਕ ਅਨੁਭਵ ਦੇ ਲਈ ਸਰਵੋਤਮ ਸੇਵਾਵਾਂ ਦੇ ਲਈ ਬੋਰਡ 'ਚ ਉਚ ਅੰਕ ਪ੍ਰਾਪਤ ਹੋਇਆ। ਸਨਪ੍ਰੀਤ ਦੇ ਗਲੋਬਲ ਬਿਜਨੈਸ ਡਿਵੇਲਪਮੇਂਟ ਦੇ ਐਗਜੀਕਿਊਟਿਵ ਵਾਈਸ ਪ੍ਰੇਜੀਡੇਂਟ ਸ.ਸੁਰਿੰਦਰ ਐਸ ਬੇਦੀ ਨੇ ਦੱਸਿਆ ਕਿ ਸਾਨੂੰ ਫਾਸਟ ਐਂਡ ਸੁਲਿਵਾਨ ਜਿਹੇ ਇਕ ਸੁਤੰਤਰ ਅਤੇ ਮੋਹਰੀ ਸੰਗਠਨ ਵੱਲੋਂ 2018 ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ ਅਰਜਿਤ ਕਰਨ ਦੇ ਲਈ ਸਨਮਾਨਿਤ ਕੀਤਾ ਗਿਆ ਹੈ। ਸਨਪ੍ਰੀਮ ਜੀਐਕਸਬੀ 380 ਐਸਐਮ ਬਿਫਾਸਿਕ ਪੈਨਲ ਪੱਧਰ ਪਾਵਰ ਆਪਟੀਮਾਈਜ਼ੇਸ਼ਨ 'ਚ ਮਾਰਕੀਟ ਲੀਡਰ ਹੈ ਅਤੇ ਉਤਪਾਦ ਨਵਾਚਾਰ ਅਤੇ ਭਰੋਸੇਮੰਦ, ਪੇਸ਼ਕਸ਼ ਦੇ ਲਈ ਬੈਂਚਮਾਰਕ ਸੇਟ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਗ੍ਰਾਹਕਾਂ ਨੂੰ ਵਧੀਆ ਜੀਵਨਕਾਲ ਪੈਦਾਵਾਰ ਅਤੇ ਸਭ ਤੋਂ ਲੰਬੇ ਸਮੇਂ ਤੱਕ ਜਲਦੀ ਊਰਜਾ ਨਿਵੇਸ਼ ਇਕ ਉਤਕ੍ਰਸ਼ਟ ਉਦਯੋਗ ਮੋਹਰੀ ਵਾਰੰਟੀ ਦੁਆਰਾ ਸਮਰਪਿਤ ਕੀਤਾ ਜਾਂਦਾ ਹੈ। ਸਨਪ੍ਰੀਮ ਜੀਐਕਸਬੀ 380 ਐਸਐਮ ਬਿਸਾਸਿਕ ਸਮਾਰਟ ਸੋਰ ਪੈਨਲ ਪ੍ਰਤੀਵਾਧਾ ਮਿਲਾਨ ਤਕਨੀਕ ਦਾ ਇਸਤੇਮਾਲ ਕਰਕੇ ਊਰਜਾ ਉਪਜ ਅਤੇ ਪੀਕ ਸਟ੍ਰਿੰਗ ਪੱਧਰ ਏਸੀ/ਡੀਸੀ ਪਾਵਰ ਨੂੰ ਵਧਾਉਣ ਦੇ ਲਈ ਉਨਤ ਤਰੀਕੇ ਨਾਲ ਕੰਮ ਕਰਦਾ ਹੈ। ਆਪਟੀਮਾਈਜ਼ਰ ਵਾਲੇ ਪੈਨਲਾਂ ਨੂੰ ਛਾਇਆਕਨ ਅਤੇ ਹੋਰ ਰੁਕਾਵਟਾਂ ਦੇ ਨਾਲ ਮੁਸ਼ਕਲ ਛੱਤ 'ਤੇ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਬਿਜਲੀ ਉਤਪਨ ਵਿਅਕਤੀਗਤ ਸੋਰ ਪੈਨਲ ਪੱਧਰ 'ਤੇ ਅਨੁਕੂਲਿਤ ਹੋ ਜਾਂਦਾ ਹੈ, ਪਰੰਪਰਿਕ ਪੈਨਲਾਂ ਦੀ ਤੁਲਨਾ 'ਚ ਉਚ ਸਮੱਗਰੀ ਊਰਜਾ ਉਪਜ ਪ੍ਰਦਾਨ ਕਰਦਾ ਹੈ ਅਤੇ ਐਨਈਸੀ ਨੂੰ ਸੁਰੱਖਿਆ ਮਾਪਦੰਡਾਂ ਨੂੰ ਤੇਜੀ ਨਾਲ ਬੰਦ ਕਰਦੇ ਸਮੇਂ ਜ਼ਿਆਦਾ ਬਿਜਲੀ ਉਤਪਾਦਨ ਯਕੀਨੀ ਕਰਨ ਦੇ ਲਈ ਵਾਸਤਵਿਕ ਸਮੇਂ 'ਚ ਆਸਾਨੀ ਨਾਲ ਨਿਗਰਾਨੀ ਕੀਤੀ ਜਾਂਦੀ ਹੈ। ਪੈਨਲ ਸਥਾਈ ਅਤੇ ਖ਼ੂਬਸੂਰਤੀ ਦੇ ਲਈ ਡਬਲ ਗਲਾਸ ਹੈ ਅਤੇ ਭਾਰੀ ਬਰਫਬਾਰੀ ਸਮੇਂ, ਉਚ ਹਵਾ ਦੀ ਗਤੀ, ਰੇਤ ਵਾਲੇ ਤੂਫਾਨ, ਧੁੰਦ, ਵਿਆਪਕ ਤਾਪਮਾਨ ਅਤੇ ਪੈਨਲ ਉਮਰ ਵਧਣ ਸਮੇਤ ਹਰ ਮੌਸਮ ਦਾ ਸਾਹਮਣਾ ਕਰਨ ਦੇ ਸਮਰੱਥ ਹੈ। ਫਾਸਟ ਐਂਡ ਸੁਲਿਵਾਨ ਨੇ ਸਰਵੋਤਮ ਅਭਿਆਸ ਦੀ ਖੋਜ, ਪਹਿਚਾਣ ਕਰਨ ਦੇ ਲਈ ਦਸ ਹਿੱਸਿਆਂ ਦੀ ਪ੍ਰਕ੍ਰਿਆ ਦਾ ਪਾਲਨ ਕੀਤਾ ਹੈ। ਅਸੀਂ ਉਤਪਾਦ ਨਵਾਚਾਰ, ਲਗਾਤਾਰ ਗੁਣਵੱਤਾ ਅਤੇ ਗ੍ਰਾਹਕ ਮੁੱਲ ਜਿਹੇ ਖੇਤਰਾਂ 'ਚ ਉਤਕ੍ਰਸ਼ਟਤਾ ਪ੍ਰਦਰਸ਼ਿਤ ਕਰਨ ਵਾਲੀ ਸਰਵੋਤਮ ਕੰਪਨੀਆਂ ਦੀ ਪਹਿਚਾਣ ਦੇ ਲਈ ਡੂੰਘੀ ਖੋਜ, ਵਿਸ਼ਲੇਸ਼ਣ ਅਤੇ ਵਿਆਪਕ ਮਾਧਿਅਮਕ ਸ਼ੋਧ ਦੇ ਮਾਧਿਅਮ ਨਾਲ ਪ੍ਰਦਰਸ਼ਨ ਨੂੰ ਮਾਪਦੇ ਹਨ ਅਤੇ ਤੁਲਨਾ ਕਰਦੇ ਹਨ। ਪੁਰਸਕਾਰ ਉਤਪਾਦਾਂ ਦੇ ਨਾਲ ਉਚ ਪੱਧਰ ਦੀ ਨਵਾਚਾਰ ਨੂੰ ਮਾਨਤਾ ਦਿੰਦਾ ਹੈ ਅਤੇ ਪ੍ਰਯੋਗਿਕ ਅਤੇ ਪਰਿਣਾਮੀ ਅਗਵਾਈ ਗ੍ਰਾਹਕ ਮੁੱਲ ਅਤੇ ਬਾਜ਼ਾਰ 'ਚ ਪ੍ਰਵੇਸ਼ ਦੇ ਸੰਦਰਭ 'ਚ। ਜੀਐਕਸਬੀ 380 ਐਮਐਸ ਉਦਯੋਗ 'ਚ ਏਕੀਕ੍ਰਿਤ ਅਨੁਕੂਲਕ ਦੇ ਨਾਲ ਇਕਮਾਤਰ ਦੋਪੱਖੀ ਪੈਨਲ ਹੈ ਜੋ ਉਚ ਪ੍ਰਦਰਸ਼ਨ, ਲੰਬੀ ਤਾਰ, ਘੱਟ ਸਿਸਟਮ ਹਾਨੀ ਅਤੇ ਤੇਜੀ ਨਾਲ ਬੰਦ ਹੋਣ ਦੇ ਮਾਧਿਅਮ ਨਾਲ ਸੁਰੱਖਿਅਤ ਸੰਚਾਲਨ ਨੂੰ ਸਮਰਥ ਬਣਾਉਂਦਾ ਹੈ। ਫਾਸਟ ਐਂਡ ਸੁਲਿਵਾਨ 'ਚ ਰਿਸਰਚ ਅਨਾਲਿਸਟ ਗੁਹਾਨ ਸ਼੍ਰੀਰਾਮ ਆਰਵੀ ਨੇ ਕਿਹਾ, ਫਾਸਟ ਐਂਡ ਸੁਲਿਵਾਨ ਨੇ ਭਵਿੱਖਬਾਣੀ ਕੀਤੀ ਹੈ ਕਿ ਮੁਕਾਬਲਾ ਕਰਨ ਦੇ ਲਈ ਵਿਕਸਤ ਹੋਣ ਵਾਲੇ ਦੋਪੱਖੀ ਸਮਾਰਟ ਮਾਡਿਊਲ ਹੋਣਗੇ, ਜਦਕਿ ਸਨਪ੍ਰੀਮ ਜੀਐਕਸਬੀ 380 ਐਸਐਮ ਆਪਣੇ ਬਾਜ਼ਾਰ 'ਚ ਅੱਗੇ ਹੋਵੇਗਾ। ਅਸ਼ੋਕ ਕੇ ਸਿਨ੍ਹਾ, ਚੇਅਰਮੇਨ ਅਤੇ ਸੀਈਓ, ਸਨਪ੍ਰੀਮ ਨੇ ਕਿਹਾ ਕਿ ਅਸੀਂ ਇਸ ਪ੍ਰਭਾਵਸ਼ਾਲੀ ਮਾਨਤਾ ਨੂੰ ਜਿੱਤਣ ਦੇ ਲਈ ਉਤਸ਼ਾਹਿਤ ਅਤੇ ਸੰਤੁਸ਼ਟ ਹਾਂ। ਏਕੀਕ੍ਰਿਤ ਸ਼ਕਤੀਸ਼ਾਲੀ ਅਨੁਕੂਲਾਂ ਦੀ ਵਿਸ਼ੇਸ਼ਤਾ ਵਾਲੇ ਸਾਡੇ ਸ਼ਕਤੀਸ਼ਾਲੀ ਬਿਫਾਸਿਕ ਸੋਰ ਪੀਵੀ ਪੈਨਲਾਂ ਨੇ ਸਿਸਟਮ ਦੇ ਜੀਵਨ 'ਚ ਕੁਲ 1520 ਪ੍ਰਤੀਸ਼ਤ ਵਾਧੂ ਊਰਜਾ ਉਪਜ ਦੇਣ ਦੇ ਲਈ ਇਕ ਉਤਕ੍ਰਸ਼ਟ ਸਮਰਥਾ ਦਿਖਾਈ ਹੈ। ਸਿਨਹਾ ਨੇ ਕਿਹਾ ਕਿ ਵਣਜ ਅਤੇ ਉਦਯੋਗਿਕ ਅੰਤਰਿਕਸ਼ 'ਚ ਸਾਡੇ ਮੋਹਰੀ ਗ੍ਰਾਹਕਾਂ ਨੇ ਇਸ ਤਰ੍ਹਾਂ ਦੇ ਭੇਦਭਾਵ ਦੇ ਮੁੱਲ ਨੂੰ ਪਹਿਚਾਣਿਆ ਹੈ। ਉਨ੍ਹਾਂ ਨੇ ਅਮਰੀਕਾ ਦੇ ਅੰਦਰ ਕੁਝ ਸਭ ਤੋਂ ਪ੍ਰਮੁੱਖ ਬੈਂਕ ਯੋਗ ਪਰਿਯੋਜਨਾਵਾਂ ਦੇ ਨਾਲ ਸਨਪ੍ਰੀਮ ਨੂੰ ਸਨਮਾਨਿਤ ਕੀਤਾ ਹੈ। ਸਨਪ੍ਰੀਮ ਬਿਫੇਸ਼ਿਅਲ ਪੈਨਲ ਪਰਿਯੋਜਨਾਵਾਂ ਦੇ ਉਦਾਹਰਣਾਂ 'ਚ ਪਲੇਟਿਨਮ ਲੀਡ ਪ੍ਰਮਾਣਿਤ ਸਕੂਲ ਸ਼ਾਮਲ ਹੈ, ਕੈਂਬ੍ਰਿਜ, ਐਮਏ 'ਚ ਕੈਂਪਸ ਅਤੇ ਐਲ ਏ, ਕੈਲੀਫੋਰਨੀਆ 'ਚ 10 ਮੈਗਾਵਾਟ ਉਦਯੋਗਿਕ ਛੱਤ ਦੇ ਮੋਹਰੀ, ਦੁਨੀਆ ਦੇ ਸਭ ਤੋਂ ਵੱਡਮੁੱਲੇ 'ਚੋਂ ਇਕ ਹੈ। ਸਨਪ੍ਰੀਮ ਦੇ ਗਲੋਬਲ ਬਿਜਨਸ ਡਿਵੇਲਪਮੇਂਟ ਦੇ ਐਗਜੀਕਿਊਟਿਵ ਵਾਈਸ ਪ੍ਰੇਜੀਡੇਂਟ ਸੁਰਿੰਦਰ ਐਸ ਬੇਦੀ ਨੇ ਦੱਸਿਆ ਕਿ ਸਾਨੂੰ ਫਾਸਟ ਐਂਡ ਸੁਲਿਵਾਨ ਜਿਹੇ ਇਕ ਸੁਤੰਤਰ ਅਤੇ ਮੋਹਰੀ ਸੰਗਠਨ ਵੱਲੋਂ 2018 ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ ਜਿੱਤਣ ਦੇ ਲਈ ਸਨਮਾਨਿਤ ਕੀਤਾ ਗਿਆ ਹੈ। ਸਨਪ੍ਰੀਮ ਜੀਐਕਸਬੀ 380 ਐਮਐਸ ਬਿਫਾਸਿਕ ਪੈਨਲ ਪੱਧਰ ਪਾਵਰ ਆਪਟੀਮਾਈਜ਼ ਦੇ ਲਈ ਇਕ ਮਾਰਕੀਟ ਲੀਡਰ ਹੈ ਅਤੇ ਉਤਪਾਦ ਨਵਾਚਾਰ ਅਤੇ ਵਿਸ਼ਵਪੱਧਰੀ, ਪੇਸ਼ਕਸ਼ ਦੇ ਲਈ ਬੈਂਚਮਾਰਕ ਸੇਟ ਕਰਦਾ ਹੈ। ਗ੍ਰਾਹਕਾਂ ਨੂੰ ਵਧੀਆ ਜੀਵਨਕਾਲ ਉਪਜ, ਅਤੇ ਸਭ ਤੋਂ ਲੰਬੇ ਸਮੇਂ ਤੱਕ ਦੀਰਘਕਾਲੀਨ ਊਰਜਾ ਨਿਵੇਸ਼ ਸਮਰਪਿਤ ਉਦਯੋਗ ਮੋਹਰੀ ਵਾਰੰਟੀ ਵੱਲੋਂ ਸਮਰਪਿਤ ਹੈ। ਇਨ੍ਹਾਂ ਨਵੇਂ ਪਰਿਵਰਤਨਾਂ ਡਿਜ਼ਾਇਨ ਕੀਤੇ ਗਏ ਬਿਫਾਸਿਕ ਸਮਾਰਟ ਪੈਨਲ ਦੋਵੇਂ ਪਾ ਸੇ ਤੋਂ ਪ੍ਰਕਾਸ਼ ਨੂੰ ਅਵਸ਼ੋਸ਼ਿਤ ਕਰਦੇ ਹਨ।

RESIDENTIAL, COMMERCIAL AND SOLAR FARMS
with Sunpreme High Performance Bifacial Smart Panels
ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED
25 YEAR WARRANTY

Satnam Singh Khalsa
510-706-1300
ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com
SUNPREME®
Premium Bifacial Thin Film Solar

# "ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦਾ ਵਿੱਦਿਆ ਦਾ ਚਿਰਾਗ ਸਾਜ਼ਸ਼ੀ ਲੋਕਾਂ ਦੀਆਂ ਫੂਕਾਂ ਨਾਲ ਨਹੀਂ ਬੁਝਣਾ"



## "ਕਲਗੀਧਰ ਟਰੱਸਟ ਬੜੂ ਸਾਹਿਬ ਸਿੱਖ ਕੌਮ ਅੰਦਰ ਰੌਸ਼ਨੀ ਦੀ ਅਨੋਖੀ ਮਿਸਾਲ"



**ਬਾਬਾ ਇਕਬਾਲ ਸਿੰਘ ਦੇ ਗਰੀਬ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਉੱਚ ਵਿੱਦਿਆ ਤੱਕ ਪਹੁੰਚਾਉਣ ਦੇ ਕੰਸੈਪਟ ਇਹ ਲੋਕ ਕਿਹਨਾਂ ਸ਼ਬਦਾਂ ਵਿੱਚ ਨਿੰਦ ਸਕਦੇ ਨੇ ਨਾ ਸਿਰਫ ਅਜਿਹੇ ਕੇਸਾਂ ਵਿੱਚ ਖੁੱਲ੍ਹ ਖੇਡ ਦੇ ਭੁੱਖੇ ਇਹ ਅਲੋਚਕ ਬਾਬਾ ਜੀ ਦੇ ਸੁੱਚੇ ਕੌਜ਼ ਨੂੰ ਨਾ ਥੰਮ ਸਕੇ ਸਗੋਂ ਆਪਣੀ ਹਕੀਕਤ ਜੱਗ ਜਾਹਰ ਕਰ ਗਏ।**

ਕਲਗੀਧਰ ਟਰੱਸਟ ਬੜੂ ਸਾਹਿਬ ਬਾਰੇ ਆਦਿ ਤੋਂ ਲੈ ਕੇ ਸੰਗਤ ਵਿੱਚ ਕੌਣ ਨਹੀਂ ਜਾਣਦਾ? ਬਾਬਾ ਇਕਬਾਲ ਸਿੰਘ ਜੀ ਦਾ ਅਦੁੱਤੀ ਸੁਪਨਾ ਜੋ ਅਕਾਲ ਪੁਰਖ ਦੀ ਕ੍ਰਿਪਾ ਨਾਲ ਅਕਾਲ ਅਕੈਡਮੀ ਦੇ ਰੂਪ ਵਿੱਚ ਸ਼ੁਰੂ ਹੋਇਆ ਅਤੇ ਅਕਾਲ ਯੂਨੀਵਰਸਿਟੀ ਤੱਕ ਪਹੁੰਚ ਕੇ ਵੀ ਇਹ ਏਥੇ ਰੁਕਿਆ ਜਾਂ ਮੁਕੰਮਲ ਨਹੀਂ ਸਮਝਿਆ ਜਾਣਾ ਚਾਹੀਦਾ। ਬਾਬਾ ਜੀ ਦਾ ਇੱਕ-ਇੱਕ ਸਵਾਸ ਨਵੇਂ ਵਿੱਦਿਅਕ ਅਦਾਰੇ ਦੀ ਇੱਕ-ਇੱਕ ਇੱਟ ਹੈ। ਸਾਡਾ ਸਮਾਜ ਕੁਝ ਕਰ ਸਕੇ ਜਾਂ ਨਾਂ ਪਰ ਆਦਤ ਮੁਤਾਬਕ ਹਿਸਾਬ ਉਹ ਮੰਗਦਾ ਹੈ ਜਿਸ ਨੇ ਆਪ ਕਦੇ ਧੇਲਾ ਨਾ ਦਿੱਤਾ ਹੋਵੇ। ਕਲਗੀਧਰ ਟਰੱਸਟ ਬੜੂ ਸਾਹਿਬ ਤੇ ਕਈ ਹਨੇਰੀਆਂ ਝੁੱਲੀਆਂ ਬਹੁਤ ਸੌਦਾਗਰ ਲੋਕਾਂ ਨੇ ਇਲਜ਼ਾਮ ਤਰਾਸ਼ੀ ਵੀ ਕੀਤੀ। ਪਰ ਸੱਚ ਦੇ ਸੂਰਜ ਨੂੰ ਝੂਠ ਦੇ ਬੱਦਲ ਕਦੇ ਅਲੋਪ ਨਹੀਂ ਕਰ ਸਕਦੇ, ਵਾਂਗ ਵਿਦੇਸ਼ ਦਾ ਪਾਕਿ ਪਵਿੱਤਰ ਪਾਣੀਆਂ ਵਰਗਾ ਮੀਡੀਆ ਹਮੇਸ਼ਾ ਬਾਬਾ ਇਕਬਾਲ ਸਿੰਘ ਦੇ ਕਾਰਜ ਦੇ ਅੰਗ ਸੰਗ ਚੰਗੀ ਚਰਚਾ ਲਈ ਰਿਹਾ।

ਕਲਗੀਧਰ ਟਰੱਸਟ ਦੀ ਪਾਰਦਰਸ਼ੀ ਸੋਚ, ਪਾਰਦਰਸ਼ੀ ਕਾਰਗੁਜ਼ਾਰੀ ਤੇ ਲਾਲਚੀ ਅਤੇ ਹੇਠਲੇ ਪੱਧਰ ਦੇ ਲੋਕਾਂ ਨੇ ਕਈ ਨਾਂ ਯਕੀਨ ਕਰਨਯੋਗ ਇਲਜ਼ਾਮ ਵੀ ਲਾਏ, ਪ੍ਰੰਤੂ ਬਾਬਾ ਜੀ ਜਾਣਦੇ ਸਨ ਕਿ ਧਰਮ ਦੇ ਨਾਮ ਤੇ ਇਸ ਸੰਸਥਾ ਨੂੰ ਡੇਰਾ ਨਹੀਂ ਬਣਾਉਣਾ ਸਗੋਂ ਬਲਵਾਨ ਭਵਿੱਖ ਨੂੰ ਵੇਖਦੇ ਪੜ੍ਹੇ ਲਿਖੇ ਲੋਕਾਂ ਅੰਦਰ ਇਸ ਸੇਵਾ ਦੀ ਭਾਵਨਾ ਪੈਦਾ ਕਰਨੀ ਹੈ। ਪ੍ਰੰਤੂ ਧਰਮ ਅਤੇ ਧਰਮ ਦੀ ਹਕੀਕਤ ਨੂੰ ਰਾਹਾਂ ਵਿੱਚ ਘੜੀਸਣ ਵਾਲੇ ਕੌਮ ਦੇ ਅਖੌਤੀ ਦਰਦੀ ਚਿਹਰਿਆਂ ਤੇ ਨਾਕਾਬ ਪਹਿਨ ਕੇ ਇਹ ਭੁੱਲ ਬੈਠੇ ਕਿ ਉਕਤ ਅਦਾਰੇ ਤੇ ਨਕਲੀ ਇਲਜ਼ਾਮ ਲਾਉਣ ਤੋਂ ਪਹਿਲਾਂ ਲੋਕ ਉਹਨਾਂ ਦੀਆਂ ਹਕੀਕਤਾਂ ਵੱਲ ਨਜ਼ਰ ਮਾਰਦੇ ਨੇ ਕਿ ਉਹ ਕੌਣ ਹਨ?

ਚੌਧਰ ਅਤੇ ਕੁਰਸੀ ਦੇ ਭੁੱਖੇ ਵਾਸ਼ਿੰਗਟਨ ਮੈਟਰੋ ਪੋਲੀਟਨ (ਵਰਜੀਨੀਆਂ) 'ਚ ਇੱਕ ਸਖਸ਼ ਜੋ ਸਿੱਖੀ ਦੇ ਭੇਸ ਅੰਦਰ ਅਜਿਹੇ ਚੱਕਰਵਿਊ ਵਿੱਚ ਵੀ ਫਸਿਆ ਰਿਹਾ ਕਿ ਆਪਣੀ ਗਾਹਕ ਨੂੰ ਕਾਰ ਵਿੱਚ ਸੀਕਰੇਟ ਡਵਾਈਸਾਂ ਨਾਲ ਰਿਕਾਰਡ ਕਰਕੇ ਬਲੈਕਮੇਲ ਤੱਕ ਦੀ ਨੌਬਤ ਦਾ ਦੋਸ਼ੀ ਹੋਵੇ। ਪਰਿਵਾਰਕ ਕਦਰਾਂ ਕੀਮਤਾਂ ਵਿੱਚ ਗਿਰ ਜਾਣ ਤੋਂ ਇਲਾਵਾ ਕਿਸੇ ਗੁਰੂਘਰ ਵਿੱਚ ਸਤਿਕਾਰ ਤੋਂ ਸੱਖਣਾ ਟੈਕਸੀ ਕੈਬ ਡਰਾਈਵਰ ਸਿੱਖੀ ਸਿਧਾਂਤਾਂ ਅਤੇ ਇਸ ਅਮੁੱਲ ਕੌਜ਼ ਦੀ ਸੋਸ਼ਲ ਨੈਟਵਰਕ ਤੇ ਇਸ ਕਰਕੇ ਭੰਡੀ ਪ੍ਰਚਾਰ ਕਰ ਰਿਹਾ ਹੋਵੇ ਕਿ ਉਸ ਨੂੰ ਸਿਸਟਮ ਵਿੱਚ ਪੁਸ਼ਤੈਨੀ ਕਰਕੇ ਲਿਆ ਜਾਵੇ। ਅਜਿਹੇ ਕਿਰਦਾਰ ਦੇ ਲੋਕ ਕਿਵੇਂ ਬਾਬਾ ਇਕਬਾਲ ਸਿੰਘ ਦੀ ਸੋਚ ਦੇ ਧਾਰਨੀ ਆ ਸਕਦੇ ਹਨ?

ਬਾਬਾ ਇਕਬਾਲ ਸਿੰਘ ਦੇ ਗਰੀਬ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਉੱਚ ਵਿੱਦਿਆ ਤੱਕ ਪਹੁੰਚਾਉਣ ਦੇ ਕੰਸੈਪਟ ਇਹ ਲੋਕ ਕਿਹਨਾਂ ਸ਼ਬਦਾਂ ਵਿੱਚ ਨਿੰਦ ਸਕਦੇ ਨੇ ਨਾ ਸਿਰਫ ਅਜਿਹੇ ਕੇਸਾਂ ਵਿੱਚ ਖੁੱਲ੍ਹ ਖੇਡ ਦੇ ਭੁੱਖੇ ਇਹ ਅਲੋਚਕ ਬਾਬਾ ਜੀ ਦੇ ਸੁੱਚੇ ਕੌਜ਼ ਨੂੰ ਨਾ ਥੰਮ ਸਕੇ ਸਗੋਂ ਆਪਣੀ ਹਕੀਕਤ ਜੱਗ ਜਾਹਰ ਕਰ ਗਏ ਸਾਡਾ ਕੰਮ ਇਹਨਾਂ ਦੀ ਵਿਰੋਧਤਾ ਕਰਨਾ ਨਹੀਂ ਸਗੋਂ ਪਵਿੱਤਰ ਕਾਰਜ ਹੋਰ ਅੱਗੇ ਤੋਰਨੇ ਨੇ। ਯੂਨੀਵਰਸਿਟੀ ਦੇ ਵਿਸ਼ਾਲ ਵਿਹੜੇ ਵਿੱਚੋਂ ਪੰਜਾਬ ਦੇ ਅਸਲੀ ਵਾਰਸ ਸਮਾਜ ਵਿੱਚ ਪਸਰੇ ਕੂੜੇ ਨੂੰ ਸਾਫ ਕਰਨ, ਦਿਲੀ ਦੁਆ ਹੈ। ਹੋਰ ਬਾਬਾ ਇਕਬਾਲ ਸਿੰਘ ਜੀ ਤੇ ਕਲਗੀਧਰ ਟਰੱਸਟ ਲੋਕਾਂ ਦੀਆਂ ਦੁਆਵਾਂ ਦਾ ਦਾਅਵੇਦਾਰ ਹੈ। ਸਮਾਜ ਵਿੱਚੋਂ ਨਿਖੇੜੇ ਲੋਕਾਂ ਦੇ ਸਰਟੀਫਿਕੇਟ ਦਾ ਨਹੀਂ।

## ਝੂਠੀਆਂ ਪੋਸਟਾਂ ਪਾਉਣ ਵਾਲੇ ਵਿਅਕਤੀ ਨੇ ਮੰਗੀ ਮੁਆਫੀ

ਸਾਧ ਸੰਗਤ ਜੀ ਨੂੰ ਇੱਥੇ ਇਹ ਦੱਸਣਾ ਲਾਜ਼ਮੀ ਹੈ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਨੂੰ ਕੁਝ ਵਿਅਕਤੀ ਉਕਤ ਟਰੱਸਟ ਵਲੋਂ ਕੀਤੇ ਜਾਂਦੇ ਸਮਾਜ ਭਲਾਈ ਦੇ ਕਾਰਜਾਂ ਤੋਂ ਖਾਰ ਖਾਂਦੇ ਹਨ। ਜਿਸ ਕਰਕੇ ਹੀ ਉਹ ਟਰੱਸਟ ਨੂੰ ਬਦਨਾਮ ਕਰਨ ਦੇ ਮਕਸਦ ਨਾਲ ਸਮੇਂ ਸਮੇਂ ਤੇ ਸੋਸ਼ਲ ਮੀਡੀਆ ਰਾਹੀਂ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰ ਜਾਂਦੇ ਹਨ। ਜਿਨ੍ਹਾਂ 'ਚੋਂ ਹੀ ਇੱਕ ਵਰਜੀਨੀਆ (ਅਮਰੀਕਾ) ਵਿਖੇ ਰਹਿ ਰਿਹਾ ਵਿਅਕਤੀ ਹੈ ਜੋ ਸੋਸ਼ਲ ਮੀਡੀਆ ਤੇ ਬੜੂ ਸਾਹਿਬ ਖਿਲਾਫ ਕੂੜ ਪ੍ਰਚਾਰ ਤੇ ਝੂਠੀਆਂ ਪੋਸਟਾਂ ਪਾ ਰਿਹਾ ਸੀ। ਉਕਤ ਵਿਆਕਤੀ ਵੱਲੋਂ ਪਾਈਆਂ ਝੂਠੀਆਂ ਪੋਸਟਾਂ ਖਿਲਾਫ ਸ਼ਿਕਾਇਤ ਸਾਈਬਰ ਕ੍ਰਾਇਮ ਨੂੰ ਵੀ ਕੀਤੀ ਗਈ ਸੀ ਜ਼ਿਕਰਯੋਗ ਹੈ ਕਿ ਉਕਤ ਵਿਅਕਤੀ ਰੁਤਬੇ ਦਾ ਚਾਹਵਾਨ ਸੀ ਪਰ ਉਸ ਦੀ ਕਾਬਲੀਅਤ ਰੁਤਬੇ ਮੁਤਾਬਕ ਨਹੀਂ ਸੀ ਜਿਸ ਤੋਂ ਖਫਾ ਹੋ ਕੇ ਹੀ ਇਸ ਵਿਅਕਤੀ ਨੇ ਸੋਸ਼ਲ ਮੀਡੀਆ ਤੇ ਉਕਤ ਟਰੱਸਟ ਦੇ ਖਿਲਾਫ ਜਾਣ ਬੁੱਝ ਕੇ ਬੇਹੁੱਦਾ ਪੋਸਟਾਂ ਪਾਈਆਂ। ਕਲਗੀਧਰ ਟਰੱਸਟ ਦੇ ਸਹਿਯੋਗੀ ਅਮਰੀਕਾ ਦੇ ਇੱਕ ਸਮਾਜ ਸੇਵੀ ਫਾਊਂਡੇਸ਼ਨ ਨੇ ਉਕਤ ਵਿਅਕਤੀ ਨੂੰ ਕੋਰਟ ਨੋਟਿਸ ਭੇਜ ਕੇ ਮਾਣਹਾਨੀ ਦਾ ਹਰਜਾਨਾ ਮੰਗਿਆ ਸੀ, ਜਿਸ ਤੋਂ ਬਾਅਦ ਇਸ ਵਿਅਕਤੀ ਨੇ ਸੋਸ਼ਲ ਮੀਡੀਆ ਤੇ ਪੋਸਟ ਪਾ ਕੇ ਉਕਤ ਪੋਸਟਾਂ ਪਾਉਣ ਲਈ ਮੁਆਫੀ ਮੰਗੀ ਹੈ ਅਤੇ ਭਵਿੱਖ 'ਚ ਵੀ ਇਸ ਤਰ੍ਹਾਂ ਦੀ ਕੋਈ ਘਟੀਆ ਪੋਸਟ ਪਾਉਣ ਤੋਂ ਤੋਬਾ ਕੀਤੀ ਹੈ। ਪਰ ਦੂਜੇ ਪਾਸੇ ਗੁਰਦੁਆਰਾ ਬੜੂ ਸਾਹਿਬ ਦੀਆਂ ਸ਼ਰਧਾਲੂ ਸਿੱਖ ਸੰਗਤਾਂ 'ਚ ਇਸ ਵਿਅਕਤੀ ਪ੍ਰਤੀ ਭਾਰੀ ਰੋਸ ਹੈ ਇਸ ਲਈ ਉਨ੍ਹਾਂ ਮੰਗ ਕੀਤੀ ਹੈ ਕਿ ਇਸ ਵਿਅਕਤੀ ਨੂੰ ਸਖਤ ਤੋਂ ਸਖਤ ਸਜਾ ਦਵਾਈ ਜਾਵੇ। ਬੜੂ ਸਾਹਿਬ ਟਰੱਸਟ ਵਲੋਂ ਇਹ ਫੈਸਲਾ ਸੰਗਤ 'ਤੇ ਛੱਡਿਆ ਗਿਆ ਹੈ ਕਿ ਇਸ ਵਿਅਕਤੀ ਨੂੰ ਮੁਆਫ ਕੀਤਾ ਜਾਵੇ ਜਾਂ ਕੋਰਟ ਦੀ ਕਾਰਵਾਈ ਨੂੰ ਜਾਰੀ ਰੱਖਿਆ ਜਾਵੇ।



ਇਸ਼ਤਿਹਾਰ


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com